@Qpatrika @qaumipatrika punjabi instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 10 February 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 10 ਫਰਵਰੀ 2026, 28 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 97, qpatrika@gmail.com ਫੋਨ : 9971359517 www.qaumipatrika.org

## ਵਿਕਸਿਤ ਭਾਰਤ ਲਈ ਚਾਹੀਦੇ ਹਨ 'ਪਾਵਰਫੁੱਲ ਬੈਂਕ', ਉੱਚ ਪੱਧਰੀ ਕਮੇਟੀ ਦਾ ਗਠਨ ਜਲਦ : ਸੀਤਾਰਾਮਨ

ਬਿਜ਼ਨੈੱਸ ਡੈਸਕ -9 ਫਰਵਰੀ, ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਸਰਕਾਰ ਵਿਕਸਿਤ ਭਾਰਤ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ 'ਚ ਸਮਰੱਥ, ਵੱਡੇ ਅਤੇ ਮਜ਼ਬੂਤ ਬੈਂਕ ਬਣਾਉਣ ਲਈ ਜਲਦ ਹੀ 'ਵਿਕਸਿਤ ਭਾਰਤ ਲਈ ਬੈਂਕਿੰਗ 'ਤੇ ਉੱਚ ਪੱਧਰੀ ਕਮੇਟੀ' ਦਾ ਗਠਨ ਕਰੇਗੀ। ਇਸ ਦਾ ਉਦੇਸ਼ ਇਹ ਤੈਅ ਕਰਨਾ ਹੈ ਕਿ ਦੇਸ਼ ਨੂੰ ਵਿਕਸਿਤ ਭਾਰਤ ਦੀ ਵਿੱਤੀ ਸਹਾਇਤਾ ਲਈ ਕਿਸ ਤਰ੍ਹਾਂ ਦੀਆਂ ਬੈਂਕਿੰਗ ਸਹੂਲਤਾਂ ਉਪਲੱਬਧ ਕਰਵਾਈਆਂ ਜਾਣ। ਸੀਤਾਰਾਮਨ ਨੇ ਸਪੱਸ਼ਟ ਕੀਤਾ ਕਿ ਇਸ ਕਮੇਟੀ ਦਾ ਕੰਮ ਸਿਰਫ ਸਰਕਾਰੀ ਬੈਂਕਾਂ ਦੇ ਰਲੇਵੇਂ ਤੱਕ ਸੀਮਤ ਨਹੀਂ ਹੈ। ਇਸ ਦਾ ਟੀਚਾ ਪੂਰੇ ਬੈਂਕਿੰਗ ਖੇਤਰ ਨੂੰ ਇੰਨਾ ਸ਼ਕਤੀਸ਼ਾਲੀ ਬਣਾਉਣਾ ਹੈ



ਕਿ ਉਹ ਵਿਕਸਿਤ ਭਾਰਤ ਦੇ ਟੀਚਿਆਂ ਲਈ ਲੋੜੀਂਦਾ ਫੰਡ, ਕਰਜ਼ਾ ਅਤੇ ਬੈਂਕਿੰਗ ਸੇਵਾਵਾਂ ਉਪਲੱਬਧ ਕਰਵਾ ਸਕੇ। ਕਮੇਟੀ ਦੇ ਗਠਨ ਦੀ ਪ੍ਰਕਿਰਿਆ ਜਲਦ ਪੂਰੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਬਜਟ 'ਚ ਐੱਨ. ਬੀ. ਐੱਫ. ਸੀ. ਦੀ ਕਾਰਜਕੁਸ਼ਲਤਾ ਸੁਧਾਰਨ ਲਈ ਪਾਵਰ ਫਾਈਨਾਂਸ ਕਾਰਪੋਰੇਸ਼ਨ (ਪੀ. ਐੱਫ. ਸੀ.) ਅਤੇ ਰੂਰਲ ਇਲੈਕਟ?ਰੀਫਿਕੇਸ਼ਨ ਕਾਰਪੋਰੇਸ਼ਨ (ਆਰ. ਈ. ਸੀ.) ਦੇ ਮੁੜ ਗਠਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਹ ਕਦਮ ਇਕ ਹੀ ਖੇਤਰ 'ਚ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਇਕਜੁੱਟ ਕਰਨ ਦੀ ਦਿਸ਼ਾ 'ਚ ਹੈ। ਸੀਤਾਰਾਮਨ ਨੇ ਇਹ ਵੀ ਦੁਹਰਾਇਆ ਕਿ ਆਮ ਬਜਟ 2026-27 ਪ੍ਰਧਾਨ ਮੰਤਰੀ ਮੋਦੀ ਦੇ ਨੀਤੀਗਤ ਸਥਿਰਤਾ ਦੇ ਦ੍ਰਿਸ਼ਟੀਕੋਣ 'ਤੇ ਆਧਾਰਿਤ ਹੈ ਅਤੇ ਇਸ ਦਾ ਕੇਂਦਰ ਲੰਬੇ ਸਮੇਂ ਲਈ 'ਵਿਕਸਿਤ ਭਾਰਤ' ਦਾ ਟੀਚਾ ਹੈ।

## ਪੀ.ਐਮ. ਮੋਦੀ ਦਾ ਵਿਦਿਆਰਥੀਆਂ ਨੂੰ ਵੱਡਾ ਸੰਦੇਸ਼: 'ਤਕਨੀਕ ਦੇ ਗੁਲਾਮ ਨਾ ਬਣੋ'

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ



ਨਵੀਂ ਦਿੱਲੀ-9 ਫਰਵਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਤਕਨਾਲੋਜੀ ਦਾ ਗੁਲਾਮ ਨਹੀਂ ਬਣਨਾ ਚਾਹੀਦਾ, ਸਗੋਂ ਆਪਣੀ ਸਮਰੱਥਾ ਵਧਾਉਣ ਲਈ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। 'ਪ੍ਰੀਖਿਆ 'ਤੇ ਚਰਚਾ' ਦੇ ਦੂਜੇ ਐਪੀਸੋਡ ਦੌਰਾਨ ਕੋਇੰਬਟੂਰ, ਰਾਇਪੁਰ, ਗੁਹਾਟੀ ਅਤੇ ਗੁਜਰਾਤ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਈ ਅਹਿਮ ਨੁਕਤੇ ਸਾਂਝੇ ਕੀਤੇ।

**ਮੋਬਾਈਲ ਅਤੇ ਤਕਨੀਕ 'ਤੇ ਚਿੰਤਾ**

ਪ੍ਰਧਾਨ ਮੰਤਰੀ ਨੇ ਨੋਟ ਕੀਤਾ ਕਿ ਅੱਜ-ਕੱਲ੍ਹ ਮੋਬਾਈਲ ਫੋਨ ਕੁਝ ਬੱਚਿਆਂ ਦੇ 'ਮਾਲਕ' ਬਣ ਗਏ ਹਨ, ਇੱਥੋਂ ਤੱਕ ਕਿ ਉਹ ਮੋਬਾਈਲ ਜਾਂ ਟੈਲੀਵਿਜ਼ਨ ਸਕ੍ਰੀਨ ਤੋਂ ਬਿਨਾਂ ਖਾਣਾ ਵੀ ਨਹੀਂ ਖਾ ਸਕਦੇ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਪੱਕਾ ਇਰਾਦਾ ਕਰਨ ਕਿ ਉਹ ਤਕਨਾਲੋਜੀ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦੇਣਗੇ। ਉਨ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ (19) ਵਰਗੀਆਂ ਉਭਰ ਰਹੀਆਂ ਤਕਨੀਕਾਂ ਤੋਂ ਨਾ ਡਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਦੀ ਵਰਤੋਂ ਆਪਣੇ ਹੁਨਰ ਨੂੰ ਨਿਖਾਰਨ ਅਤੇ ਆਪਣੀ ਸਮਰੱਥਾ ਵਧਾਉਣ ਲਈ ਕੀਤੀ ਜਾਣੀ ਚਾਹੀਦੀ ਹੈ।

**ਪ੍ਰੀਖਿਆਵਾਂ ਦੀ ਤਿਆਰੀ ਅਤੇ ਸਿਹਤ ਲਈ ਸੁਝਾਅ**

ਪ੍ਰੀਖਿਆਵਾਂ 'ਚ ਬਿਹਤਰ ਪ੍ਰਦਰਸ਼ਨ ਲਈ ਪੀਐੱਮ ਮੋਦੀ ਨੇ ਵਿਦਿਆਰਥੀਆਂ ਨੂੰ ਪੁਰਾਣੇ ਪ੍ਰਸ਼ਨ ਪੱਤਰਾਂ ਦਾ ਅਭਿਆਸ ਕਰਨ ਅਤੇ ਭਰਪੂਰ ਨੀਂਦ ਲੈਣ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ, ÷ਚੰਗੀ ਤਿਆਰੀ ਤੋਂ ਬਾਅਦ ਤੁਸੀਂ ਕਦੇ ਵੀ ਤਣਾਅ ਮਹਿਸੂਸ ਨਹੀਂ ਕਰੋਗੇ। ਰਾਤ ਦੀ ਚੰਗੀ ਨੀਂਦ ਤੁਹਾਨੂੰ ਦਿਨ ਭਰ ਖੁਸ਼ ਰੱਖੇਗੀ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਦੌਰਾਨ ਆਪਣੇ ਅਧਿਆਪਕਾਂ ਦੁਆਰਾ ਦਿੱਤੀ ਗਈ ਕਸਰਤ ਦੀ ਸਿੱਖਿਆ ਨੂੰ ਯਾਦ ਕਰਦਿਆਂ ਤੰਦਰੁਸਤ ਰਹਿਣ 'ਤੇ ਜ਼ੋਰ ਦਿੱਤਾ।

**ਲੀਡਰਸ਼ਿਪ ਅਤੇ ਜੀਵਨ ਦੇ ਸਬਕ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਦੇ ਜੀਵਨ ਨੂੰ ਘੜਨ 'ਚ ਉਸਦੀ ਮਾਂ ਅਤੇ ਅਧਿਆਪਕਾਂ ਦਾ ਅਹਿਮ ਰੋਲ ਹੁੰਦਾ ਹੈ।ਉਨ੍ਹਾਂ ਕਿਹਾ ਕਿ ਲੀਡਰਸ਼ਿਪ ਦਾ ਮਤਲਬ ਸਿਰਫ਼ ਚੋਣਾਂ ਲੜਨਾ ਨਹੀਂ ਹੈ, ਸਗੋਂ ਆਪਣੇ ਵਿਚਾਰਾਂ ਨੂੰ ਘੱਟ-ਘੱਟ ਦਸ ਲੋਕਾਂ ਤੱਕ ਸਪਸ਼ਟ ਰੂਪ 'ਚ ਪਹੁੰਚਾਉਣ ਦੀ ਸਮਰੱਥਾ ਰੱਖਣਾ ਵੀ ਇੱਕ ਵੱਡਾ ਗੁਣ ਹੈ।

## ਅਦਾਲਤ 'ਚ ਵਕੀਲ ਨਾਲ ਹੋਇਆ ਕੁੱਟ-ਕੁਟਾਪਾ ! CJI ਨੇ ਕਿਹਾ- ''ਗੁੰਡਾਰਾਜ ਸਵੀਕਾਰ ਨਹੀਂ...''

ਨਵੀਂ ਦਿੱਲੀ-9 ਫਰਵਰੀ, ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰਿਆਕਾਂਤ ਨੇ ਸੋਮਵਾਰ ਨੂੰ ਕਿਹਾ ਕਿ 'ਗੁੰਡਾ ਰਾਜ' ਅਸਵੀਕਾਰਯੋਗ ਹੈ ਅਤੇ ਉਨ੍ਹਾਂ ਨੇ 7 ਫਰਵਰੀ ਨੂੰ ਇੱਥੇ ਇਕ ਜ਼ਿਲ੍ਹਾ ਅਦਾਲਤ 'ਚ ਕੋਰਟ ਰੂਮ ਅੰਦਰ ਕੁੱਟਮਾਰ ਦਾ ਦੋਸ਼ ਲਗਾਉਣ ਵਾਲੇ ਇਕ ਵਕੀਲ ਨੂੰ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਸੰਪਰਕ ਕਰਨ ਲਈ ਕਿਹਾ। ਇਕ ਵਕੀਲ ਨੇ ਚੀਫ਼ ਜਸਟਿਸ ਸੂਰਿਆਕਾਂਤ, ਜੱਜ ਜੋਇਮਲਿਆ ਬਾਗਚੀ ਅਤੇ ਜੱਜ ਐੱਨ.ਵੀ. ਅੰਜਾਰੀਆ ਦੀ ਬੈਂਚ ਦੇ ਸਾਹਮਣੇ ਤੁਰੰਤ ਸੁਣਵਾਈ ਲਈ ਆਪਣੀ ਪਟੀਸ਼ਨ ਦਾ ਜ਼ਿਕਰ ਕੀਤਾ।

## ਦਰਦਨਾਕ ਵਾਰਦਾਤ: 10ਵੀਂ ਦਾ ਪੇਪਰ ਦੇਣ ਜਾ ਰਹੇ ਵਿਦਿਆਰਥੀ ਦਾ ਸਿਰ 'ਚ ਚਾਕੂ ਮਾਰ ਕੇ ਕਤਲ

ਨਵੀਂ ਦਿੱਲੀ-9 ਫਰਵਰੀ, ਬਾਹਰੀ ਦਿੱਲੀ ਦੇ ਮੰਗੋਲਪੁਰੀ ਇਲਾਕੇ ਤੋਂ ਇਕ ਬੇਹੱਦ ਮੰਦਭਾਗੀ ਅਤੇ ਦਿਲ ਕੰਬਾਊ ਖ਼ਬਰ ਸਾਹਮਣੇ ਆਈ ਹੈ। ਸੋਮਵਾਰ ਸਵੇਰੇ ਕੁਝ ਅਣਪਛਾਤੇ ਹਮਲਾਵਰਾਂ ਨੇ 10ਵੀਂ ਜਮਾਤ ਦੇ ਇਕ ਵਿਦਿਆਰਥੀ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਕਤਲ ਕਰ ਦਿੱਤੀ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ, ਵਿਦਿਆਰਥੀ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਸਵੇਰੇ ਆਪਣੀ ਪ੍ਰੀਖਿਆ ਦੇਣ ਲਈ ਸਕੂਲ ਜਾ ਰਿਹਾ ਸੀ। ਹਮਲਾਵਰਾਂ ਨੇ ਵਿਦਿਆਰਥੀ ਦੇ ਸਿਰ 'ਚ ਚਾਕੂ ਨਾਲ ਵਾਰ ਕੀਤਾ, ਜਿਸ ਕਾਰਨ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਵਾਰਦਾਤ ਇੰਨੀ ਖ਼ੌਫ਼ਨਾਕ ਸੀ ਕਿ ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਚਾਕੂ ਵਿਦਿਆਰਥੀ ਦੇ ਸਿਰ 'ਚ ਹੀ ਫਸਿਆ ਹੋਇਆ ਸੀ।

ਪੁਲਸ ਕੰਟਰੋਲ ਰੂਮ ਨੂੰ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀ ਵਿਦਿਆਰਥੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਵਾਲੀ ਥਾਂ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਕ੍ਰਾਈਮ ਸੈੱਲ ਅਤੇ ਫੋਰੈਂਸਿਕ ਮਾਹਿਰਾਂ ਦੀਆਂ ਟੀਮਾਂ ਨੂੰ ਬੁਲਾਇਆ ਗਿਆ ਹੈ। ਪੁਲਿਸ ਵੱਲੋਂ ਇਲਾਕੇ ਦੇ ਸੀਸੀਟੀਵੀ (33"੨) ਫੁਟੇਜ ਖੰਗਾਲੇ ਜਾ ਰਹੇ ਹਨ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਕਤਲ ਦੇ ਪਿੱਛੇ ਦੇ ਮਕਸਦ ਦਾ ਪਤਾ ਲਗਾਇਆ ਜਾ ਸਕੇ। ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਕਈ ਟੀਮਾਂ ਦਾ ਗਠਨ ਕੀਤਾ ਗਿਆ ਹੈ। ਅਧਿਕਾਰੀ ਸਥਾਨਕ ਨਿਵਾਸੀਆਂ ਅਤੇ ਵਿਦਿਆਰਥੀ ਦੇ ਜਾਣਕਾਰਾਂ ਤੋਂ ਵੀ ਪੁੱਛਗਿੱਛ ਕਰ ਰਹੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਹਮਲਾ ਕਿਸੇ ਨਿੱਜੀ ਦੁਸ਼ਮਣੀ ਜਾਂ ਕਿਸੇ ਹੋਰ ਵਿਵਾਦ ਦਾ ਨਤੀਜਾ ਤਾਂ ਨਹੀਂ ਸੀ। ਮਾਮਲੇ ਦੀ ਜਾਂਚ ਜਾਰੀ ਹੈ।

## ਹੁਣ ਕੁੱਤਿਆਂ ਨੂੰ ਫੜਨਗੇ ਡਾਕਟਰ ! ਸਰਕਾਰੀ ਹਸਪਤਾਲ ਦਾ ਅਜੀਬੋ-ਗਰੀਬ 'ਫਰਮਾਨ'

ਨੈਸ਼ਨਲ ਡੈਸਕ 9 ਫਰਵਰੀ, ਰਾਜਸਥਾਨ ਦੇ ਜੈਸਲਮੇਰ ਜ਼ਿਲ੍ਹੇ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ, 'ਸਰਕਾਰੀ ਜਵਾਹਰ ਹਸਪਤਾਲ' ਵਿੱਚ ਇੱਕ ਬੇਹੱਦ ਅਨੋਖਾ ਮੁਹਿੰਮ ਸ਼ੁਰੂ ਕੀਤੀ ਹੈ। ਹਸਪਤਾਲ ਪ੍ਰਸ਼ਾਸਨ ਨੇ ਮਰੀਜ਼ਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਕੁੱਤਾ ਭਜਾਓ ਮੁਹਿੰਮ' ਸ਼ੁਰੂ ਕੀਤਾ ਹੈ, ਜਿਸ ਤਹਿਤ ਹਸਪਤਾਲ ਨੂੰ 'ਡੌਗ ਫ?ਰੀ ਜ਼ੋਨ' ਬਣਾਇਆ ਜਾਵੇਗਾ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਮੁਹਿੰਮ ਦੀ ਕਮਾਂਡ ਇੱਕ ਦੰਦਾਂ ਦੇ ਮਾਹਿਰ ਡਾਕਟਰ ਨੂੰ ਸੌਂਪੀ ਗਈ ਹੈ। ਦੰਦਾਂ ਦੇ ਰੋਗਾਂ ਦੇ ਮਾਹਿਰ (Dentist) ਡਾ. ਸਰਦਾਰਾ ਰਾਮ ਨੂੰ ਇਸ ਅਭਿਆਨ ਦਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਹੁਣ ਉਹ ਦੰਦਾਂ ਦੇ ਇਲਾਜ ਦੇ ਨਾਲ-ਨਾਲ ਹਸਪਤਾਲ ਦੇ ਕੈਂਪਸ ਵਿੱਚ ਆਵਾਰਾ ਕੁੱਤਿਆਂ ਦੀ ਆਵਾਜਾਈ ਨੂੰ ਰੋਕਣ ਦੀ ਨਿਗਰਾਨੀ ਵੀ ਕਰਨਗੇ। ਹਸਪਤਾਲ ਦੇ ਪੀ.ਐਮ.ਓ. (PMO) ਡਾ. ਰਵਿੰਦਰ ਸਾਂਖਲਾ ਅਨੁਸਾਰ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਆ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਅਕਸਰ ਦੇਖਿਆ ਗਿਆ ਹੈ ਕਿ ਆਵਾਰਾ ਕੁੱਤੇ ਹਸਪਤਾਲ ਦੇ ਵਾਰਡਾਂ, ਓਪੀਡੀ (OPD) ਅਤੇ ਕੂੜੇ ਦੇ ਡੰਪਾਂ ਦੇ ਆਲੇ-ਦੁਆਲੇ ਇਸ ਤਰ੍ਹਾਂ ਡੇਰੇ ਲਾਈ ਰੱਖਦੇ ਹਨ ਜਿਵੇਂ ਕਿ ਉਹ 'ਅਪੁਆਇੰਟਮੈਂਟ' ਲੈ ਕੇ ਆਏ ਹੋਣ। ਇਸ ਨਾਲ ਨਾ ਸਿਰਫ਼ ਇਨਫੈਕਸ਼ਨ ਫੈਲਣ ਦਾ ਡਰ ਰਹਿੰਦਾ ਹੈ, ਸਗੋਂ ਹਾਦਸਿਆਂ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਹਸਪਤਾਲ ਦੀਆਂ ਨੀਵੀਆਂ ਬਾਊਂਡਰੀ ਵਾਲਾਂ (ਕੰਧਾਂ) ਨੂੰ ਉੱਚਾ ਕੀਤਾ ਜਾਵੇਗਾ ਤਾਂ ਜੋ ਕੁੱਤੇ ਅੰਦਰ ਛਲਾਂਗ ਨਾ ਮਾਰ ਸਕਣ। ਨਗਰ ਕੌਂਸਲ ਦੇ ਸਹਿਯੋਗ ਨਾਲ ਕੁੱਤਿਆਂ ਨੂੰ ਸੁਰੱਖਿਅਤ ਤਰੀਕੇ ਨਾਲ ਫੜ ਕੇ ਹਸਪਤਾਲ ਤੋਂ ਦੂਰ ਛੱਡਿਆ ਜਾਵੇਗਾ। ਸਿਹਤ ਵਿਭਾਗ ਜੈਪੁਰ ਦੇ ਨਿਰਦੇਸ਼ਾਂ ਤੋਂ ਬਾਅਦ ਸ਼ੁਰੂ ਕੀਤਾ ਗਿਆ ਇਹ ਅਨੋਖਾ 'ਸਰਕਾਰੀ ਫਰਮਾਨ' ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

## ਲੋਕ ਸਭਾ 'ਚ ਹੰਗਾਮਾ: ਰਾਹੁਲ ਗਾਂਧੀ ਨੂੰ ਬੋਲਣ ਦੇਣ ਦੀ ਮੰਗ 'ਤੇ ਅੜੀ ਕਾਂਗਰਸ, ਸਦਨ ਦੀ ਕਾਰਵਾਈ ਮੁਲਤਵੀ



ਨਵੀਂ ਦਿੱਲੀ-9 ਫਰਵਰੀ, ਲੋਕ ਸਭਾ 'ਚ ਸੋਮਵਾਰ ਨੂੰ ਕਾਂਗਰਸ ਮੈਂਬਰਾਂ ਦੇ ਜ਼ੋਰਦਾਰ ਹੰਗਾਮੇ ਕਾਰਨ ਪ੍ਰਸ਼ਨ ਕਾਲ ਨਹੀਂ ਚੱਲ ਸਕਿਆ ਅਤੇ ਸਦਨ ਦੀ ਕਾਰਵਾਈ ਸ਼ੁਰੂ ਹੋਣ ਦੇ ਸਿਰਫ਼ ਪੰਜ ਮਿੰਟ ਬਾਅਦ ਹੀ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। 12 ਵਜੇ ਮੁੜ ਸੰਸਦ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਵਿਰੋਧੀ ਧਿਰ ਵਲੋਂ ਹੰਗਾਮਾ ਸ਼ੁਰੂ ਹੋ ਗਿਆ। ਜਿਸ ਤੋਂ ਬਾਅਦ ਸੰਸਦ ਦੀ ਕਾਰਵਾਈ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਦੁਪਹਿਰ 2 ਵਜੇ ਕਾਰਵਾਈ ਸ਼ੁਰੂ ਹੁੰਦੇ ਹੀ ਕਾਂਗਰਸ ਮੈਂਬਰਾਂ ਦੇ ਹੰਗਾਮਾ ਸ਼ੁਰੂ ਕਰ ਦਿੱਤਾ। ਜਿਸ ਤੋਂ ਬਾਅਦ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਅੰਡਰ-19 ਕ੍ਰਿਕਟ ਟੀਮ ਨੂੰ ਵਧਾਈ ਕਾਰਵਾਈ ਦੀ ਸ਼ੁਰੂਆਤ 'ਚ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਅੰਡਰ-19 ਕ੍ਰਿਕਟ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਨੂੰ ਵਧਾਈ ਦਿੱਤੀ, ਜਿਸ 'ਤੇ ਸਾਰੇ ਮੈਂਬਰਾਂ ਨੇ ਮੇਜ਼ਾਂ ਥਪਥਪਾ ਕੇ ਟੀਮ ਦੀ ਸ਼ਲਾਘਾ ਕੀਤੀ।

ਜਿਵੇਂ ਹੀ ਪ੍ਰਸ਼ਨ ਕਾਲ ਸ਼ੁਰੂ ਹੋਇਆ, ਕਾਂਗਰਸੀ ਮੈਂਬਰਾਂ ਨੇ ਸਦਨ 'ਚ ਮੌਜੂਦ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ 'ਤੇ ਸਪੀਕਰ ਓਮ ਬਿਰਲਾ ਨੇ ਸਪੱਸ਼ਟ ਕੀਤਾ ਕਿ ਪ੍ਰਸ਼ਨ ਕਾਲ 'ਚ ਸਿਰਫ਼ ਸਵਾਲ ਪੁੱਛੇ ਜਾਂਦੇ ਹਨ ਅਤੇ ਕਿਸੇ ਹੋਰ ਮੁੱਦੇ ਨੂੰ ਚੁੱਕਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਉਨ੍ਹਾਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਬਜਟ 'ਤੇ ਹੋਣ ਵਾਲੀ ਚਰਚਾ ਦੌਰਾਨ ਆਪਣੀ ਗੱਲ ਰੱਖ ਸਕਦੇ ਹਨ ਅਤੇ ਸਾਰਿਆਂ ਨੂੰ ਨਿਰਧਾਰਤ ਸਮੇਂ ਅਨੁਸਾਰ ਬੋਲਣ ਦਾ ਪੂਰਾ ਮੌਕਾ ਮਿਲੇਗਾ। ਸਪੀਕਰ ਨੇ ਮੈਂਬਰਾਂ ਨੂੰ ਕਿਹਾ ਕਿ ਸਦਨ ਨਿਯਮਾਂ ਅਤੇ ਪ੍ਰਕਿਰਿਆਵਾਂ ਅਨੁਸਾਰ ਚੱਲਦਾ ਹੈ ਅਤੇ ਸੋਚੀ-ਸਮਝੀ ਰਣਨੀਤੀ ਤਹਿਤ ਰੁਕਾਵਟ ਪਾਉਣਾ ਠੀਕ ਨਹੀਂ ਹੈ। ਹਾਲਾਂਕਿ, ਕਾਂਗਰਸੀ ਸੰਸਦ ਮੈਂਬਰ ਸਪੀਕਰ ਦੀ ਕੁਰਸੀ ਦੇ ਨੇੜੇ ਆ ਕੇ ਨਾਅਰੇਬਾਜ਼ੀ ਕਰਦੇ ਰਹੇ, ਜਿਸ ਕਾਰਨ ਕਾਰਵਾਈ ਨੂੰ ਮੁਲਤਵੀ ਕਰਨਾ ਪਿਆ।

**ਪੁਰਾਣੇ ਮੁੱਦਿਆਂ ਕਾਰਨ ਤਣਾਅ ਬਰਕਰਾਰ**

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਵੀ ਰਾਹੁਲ ਗਾਂਧੀ ਨੂੰ ਸਾਬਕਾ ਫ਼ੌਜ ਮੁਖੀ ਐੱਮ.ਐੱਮ. ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ ਨਾਲ ਸਬੰਧਤ ਮੁੱਦਾ ਚੁੱਕਣ ਦੀ ਇਜਾਜ਼ਤ ਨਾ ਮਿਲਣ ਅਤੇ 8 ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਵਰਗੇ ਮੁੱਦਿਆਂ ਕਾਰਨ ਸਦਨ ਵਿੱਚ ਲਗਾਤਾਰ ਗਤੀਰੋਧ ਬਣਿਆ ਹੋਇਆ ਹੈ।

## ਮਲਿਕਾਰਜੁਨ ਖੜਗੇ ਨੂੰ ਬੋਲਣ ਦੀ ਮਨਜ਼ੂਰੀ ਨਾ ਮਿਲਣ 'ਤੇ ਰਾਜ ਸਭਾ ਤੋਂ ਵਿਰੋਧੀ ਧਿਰ ਨੇ ਕੀਤਾ ਬਾਈਕਾਟ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ



ਨਵੀਂ ਦਿੱਲੀ-9 ਫਰਵਰੀ, ਰਾਜ ਸਭਾ 'ਚ ਸੋਮਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਬੋਲਣ ਦੀ ਮਨਜ਼ੂਰੀ ਨਾ ਮਿਲਣ ਦੇ ਮੁੱਦੇ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਦਨ ਤੋਂ ਵਾਕਆਊਟ ਕੀਤਾ। ਉੱਚ ਸਦਨ 'ਚ ਜਦੋਂ ਜ਼ੀਰੋ ਕਾਲ ਖ਼ਤਮ ਹੋਇਆ ਅਤੇ ਪ੍ਰਸ਼ਨਕਾਲ ਸ਼ੁਰੂ ਹੋਇਆ, ਉਦੋਂ ਕਾਂਗਰਸ ਮੈਂਬਰ ਖੜਗੇ ਨੇ ਆਪਣੀ ਗੱਲ ਰੱਖਣੀ ਚਾਹੀ। ਆਸਨ ਤੋਂ ਮਨਜ਼ੂਰੀ ਮਿਲਣ 'ਤੇ ਖੜਗੇ ਨੇ ਕਿਹਾ ਕਿ ਲੋਕ ਸਭਾ ਅਤੇ ਰਾਜ ਸਭਾ, ਇਨ੍ਹਾਂ ਦੋਵਾਂ ਸਦਨਾਂ ਨੂੰ ਮਿਲਾ ਕੇ ਸੰਸਦ ਬਣਦੀ ਹੈ ਅਤੇ ਸੰਵਿਧਾਨ ਦੀ ਪਾਲਣਾ ਸਾਰਿਆਂ ਨੇ ਕਰਨੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਲਿਆਂਦੇ ਗਏ ਧੰਨਵਾਦ ਪ੍ਰਸਤਾਵ 'ਤੇ ਬੋਲਣ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਸਪੀਕਰ ਸੀ.ਪੀ. ਰਾਧਾਕ੍ਰਿਸ਼ਨਨ ਨੇ ਲੋਕ ਸਭਾ ਨਾਲ ਸੰਬੰਧਤ ਇਸ ਮੁੱਦੇ ਨੂੰ ਉੱਚ ਸਦਨ 'ਚ ਚੁੱਕਣ ਦੀ ਮਨਜ਼ੂਰੀ ਨਹੀਂ ਦਿੱਤੀ ਅਤੇ ਕਿਹਾ ਕਿ 'ਉਹ (ਖੜਗੇ) ਜੋ ਕੁਝ ਵੀ ਕਹਿਣਗੇ, ਉਹ ਰਿਕਾਰਡ 'ਚ ਨਹੀਂ ਜਾਵੇਗਾ।''

ਇਸ ਤੋਂ ਪਹਿਲਾਂ ਖੜਗੇ ਨੇ ਵਣਜ ਮੰਤਰੀ ਪੀਊਸ਼ ਗੋਇਲ ਵਲੋਂ ਪਿਛਲੇ ਹਫ਼ਤੇ ਸੰਸਦ ਸੈਸ਼ਨ ਦੌਰਾਨ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਸਦਨ ਦੇ ਬਾਹਰ ਬਿਆਨ ਦੇਣ ਦਾ ਮੁੱਦਾ ਵੀ ਚੁੱਕਿਆ ਸੀ। ਜਦੋਂ ਸਪੀਕਰ ਨੇ ਖੜਗੇ ਨੂੰ ਬੋਲਣ ਦੀ ਮਨਜ਼ੂਰੀ ਨਹੀਂ ਦਿੱਤੀ, ਉਦੋਂ ਵਿਰੋਧੀ ਧਿਰ ਦੇ ਸਾਰੇ ਮੈਂਬਰ ਖੜ੍ਹੇ ਹੋ ਕੇ ਵਿਰੋਧ ਕਰਨ ਲੱਗੇ। ਸਪੀਕਰ ਨੇ ਪ੍ਰਸ਼ਨਕਾਲ ਦੀ ਕਾਰਵਾਈ ਅੱਗੇ ਵਧਾਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਆਪਣਾ ਵਿਰੋਧ ਜਾਰੀ ਰੱਖਿਆ ਅਤੇ ਬਾਅਦ 'ਚ ਸਦਨ ਤੋਂ ਬਾਈਕਾਟ ਕਰ ਦਿੱਤਾ। ਇਸ ਤੋਂ ਪਹਿਲਾਂ, ਜ਼ੀਰੋ ਕਾਲ ਸ਼ੁਰੂ ਹੋਣ 'ਤੇ ਦਰਮੁਕ ਮੈਂਬਰ ਤਿਰੂਚੀ ਸ਼ਿਵਾ ਨੇ ਕਿਹਾ ਕਿ ਉਨ੍ਹਾਂ ਨੇ ਵਿਸ਼ੇਸ਼ ਅਧਿਕਾਰ ਹਨਨ ਦਾ ਨੋਟਿਸ ਦਿੱਤਾ, ਕਿਉਂਕਿ ਸੰਸਦ ਦਾ ਸੈਸ਼ਨ ਚੱਲ ਰਿਹਾ ਹੈ ਅਤੇ ਪੀਊਸ਼ ਗੋਇਲ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਸਦਨ ਦੇ ਬਾਹਰ ਬਿਆਨ ਦਿੱਤਾ ਸੀ। ਸਪੀਕਰ ਨੇ ਕਿਹਾ ਕਿ ਉਹ ਇਸ ਬਾਰੇ ਵਿਵਸਥਾ ਦੇ ਚੁੱਕੇ ਹਨ। ਇਸ ਤੋਂ ਬਾਅਦ ਸਦਨ 'ਚ ਜ਼ੀਰੋ ਕਾਲ ਆਮ ਤਰੀਕੇ ਨਾਲ ਚੱਲਿਆ।

## ਗਲੇ 'ਚ ਇਨਫੈਕਸ਼ਨ ਅਤੇ ਖੰਘ ਤੋਂ ਬਾਅਦ ਸ਼ਰਦ ਪਵਾਰ ਨੂੰ ਲਿਜਾਇਆ ਗਿਆ ਹਸਪਤਾਲ

ਪੂਣੇ-9 ਫਰਵਰੀ, ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਦੇ ਮੁਖੀ ਸ਼ਰਦ ਪਵਾਰ ਨੂੰ ਸੋਮਵਾਰ ਦੁਪਹਿਰ ਗਲੇ 'ਚ ਇਨਫੈਕਸ਼ਨ ਅਤੇ ਖੰਘ ਦੀ ਸ਼ਿਕਾਇਤ ਤੋਂ ਬਾਅਦ ਬਾਰਾਮਤੀ 'ਚ ਉਨ੍ਹਾਂ ਦੇ ਘਰ ਤੋਂ ਪੂਣੇ ਸ਼ਹਿਰ ਦੇ ਇਕ ਹਸਪਤਾਲ ਲਿਜਾਇਆ ਗਿਆ ਹੈ। ਪਵਾਰ ਦੇ ਇਕ ਕਰੀਬੀ ਸਹਿਯੋਗੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 85 ਸਾਲਾ ਦੇ ਵਿਰੋਧੀ ਧਿਰ ਦੇ ਨੇਤਾ ਨੂੰ ਗਲੇ 'ਚ ਇਨਫੈਕਸ਼ਨ ਹੋਣ ਕਾਰਨ ਰੂਬੀ ਹਾਲ ਕਲੀਨਿਕ ਲਿਜਾਇਆ ਜਾ ਰਿਹਾ ਹੈ। ਰੂਬੀ ਹਾਲ ਕਲੀਨਿਕ ਦੇ ਮੁਖੀ ਦਿਲ ਦੇ ਰੋਗ ਮਾਹਿਰ ਅਤੇ ਪ੍ਰਬੰਧਨ ਨਿਆਸੀ ਡਾ. ਪਰਵੇਜ਼ ਗ੍ਰਾਂਟ ਨੇ ਇਸ ਗੱਲ ਦੀ ਪੁਸ਼ਟੀ ਕੀਤੀ। ਗ੍ਰਾਂਟ ਨੇ ਕਿਹਾ,''ਇੱਥੇ ਪਹੁੰਚਣ 'ਤੇ, ਡਾਕਟਰਾਂ ਦੀ ਇਕ ਟੀਮ ਉਨ੍ਹਾਂ ਦੀ ਜਾਂਚ ਕਰੇਗੀ ਅਤੇ ਉਸ ਅਨੁਸਾਰ ਅੱਗੇ ਦੀ ਕਾਰਵਾਈ ਤੈਅ ਕੀਤੀ ਜਾਵੇਗੀ।''



## ਅਗਲੇ 3 ਦਿਨ ਪਏਗਾ ਜ਼ਬਰਦਸਤ ਮੀਂਹ ! IMD ਨੇ ਇਨ੍ਹਾਂ ਸੂਬਿਆਂ ਲਈ ਜਾਰੀ ਕੀਤਾ ਅਲਰਟ

ਵੈੱਬ ਡੈਸਕ, 9 ਫਰਵਰੀ : ਭਾਰਤੀ ਮੌਸਮ ਵਿਗਿਆਨ ਵਿਭਾਗ (9$4) ਨੇ ਦੇਸ਼ ਦੇ ਕਈ ਸੂਬਿਆਂ 'ਚ 10, 11 ਅਤੇ 12 ਫਰਵਰੀ ਲਈ ਭਾਰੀ ਬਾਰਿਸ਼ ਦਾ ਹਾਈ ਅਲਰਟ ਜਾਰੀ ਕੀਤਾ ਹੈ। ਮੌਸਮ ਵਿਗਿਆਨੀਆਂ ਅਨੁਸਾਰ, ਇਸ ਸਾਲ ਮਾਨਸੂਨ ਦਾ ਪ੍ਰਦਰਸ਼ਨ ਕਾਫ਼ੀ ਵਧੀਆ ਰਿਹਾ ਹੈ ਤੇ 2026 'ਚ ਵੀ ਚੰਗੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਹਾਲਾਂਕਿ ਉੱਤਰ ਭਾਰਤ 'ਚ ਠੰਡ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ ਪਰ ਦੱਖਣੀ ਤੇ ਉੱਤਰ-ਪੂਰਬੀ ਭਾਰਤ 'ਚ ਮੀਂਹ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਹਿਮਾਚਲ ਪ੍ਰਦੇਸ਼ 'ਚ 10 ਤੋਂ 12 ਫਰਵਰੀ ਤੱਕ ਤੇਜ਼ ਬਾਰਿਸ਼ ਤੇ ਉੱਚਾਈ ਵਾਲੇ ਖੇਤਰਾਂ 'ਚ ਬਰਫ਼ਬਾਰੀ ਦੀ ਸੰਭਾਵਨਾ ਹੈ।

## ਅਮਿਤ ਸ਼ਾਹ ਦਾ ਵੱਡਾ ਦਾਅਵਾ: 31 ਮਾਰਚ ਤੱਕ ਦੇਸ਼ 'ਚੋਂ ਨਕਸਲਵਾਦ ਦਾ ਹੋਵੇਗਾ ਸਫਾਇਆ, ਬਸਤਰ ਬਣੇਗਾ ਸਭ ਤੋਂ ਵਿਕਸਿਤ ਖੇਤਰ

ਜਗਦਲਪੁਰ-9 ਫਰਵਰੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਦੇ ਮੁੱਖ ਦਫ਼ਤਰ ਜਗਦਲਪੁਰ ਵਿਖੇ 'ਬਸਤਰ ਪਾਂਡੁਮ 2026' ਸੱਭਿਆਚਾਰਕ ਸਮਾਗਮ ਦੇ ਸਮਾਪਤੀ ਸਮਾਰੋਹ 'ਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਦੇਸ਼ 'ਚੋਂ ਨਕਸਲਵਾਦ ਨੂੰ ਖਤਮ ਕਰਨ ਲਈ ਇਕ ਵੱਡਾ ਦਾਅਵਾ ਕਰਦਿਆਂ ਕਿਹਾ ਕਿ 31 ਮਾਰਚ ਤੱਕ ਨਕਸਲਵਾਦ ਨੂੰ ਪੂਰੀ ਤਰ੍ਹਾਂ ਜੜ੍ਹੋਂ ਪੁੱਟ ਦਿੱਤਾ ਜਾਵੇਗਾ।

**ਨਕਸਲੀਆਂ ਨੂੰ ਆਤਮ-ਸਮਰਪਣ ਦਾ ਸੱਦਾ**

ਸ਼ਾਹ ਨੇ ਕਿਹਾ ਕਿ ਮਾਓਵਾਦ ਨੇ ਕਦੇ ਕਿਸੇ ਸਮਾਜ ਦਾ ਭਲਾ ਨਹੀਂ ਕੀਤਾ, ਸਗੋਂ ਸਿਰਫ਼ ਤਬਾਹੀ ਫੈਲਾਈ ਹੈ। ਉਨ੍ਹਾਂ ਨੇ ਨਕਸਲੀਆਂ ਨੂੰ ਹਥਿਆਰ ਛੱਡ ਕੇ ਮੁੱਖ ਧਾਰਾ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਸਨਮਾਨਜਨਕ ਪੁਨਰਵਾਸ ਕੀਤਾ ਜਾਵੇਗਾ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਮਾਓਵਾਦੀਆਂ 'ਚ ਅਜੇ ਵੀ ਨੌਜਵਾਨ ਕਬਾਇਲੀ ਕੁੜੀਆਂ ਸ਼ਾਮਲ ਹਨ, ਜਿਨ੍ਹਾਂ ਨੂੰ ਮੁੜ ਵਸੇਬੇ ਲਈ ਭੇਜਿਆ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦਾ ਪੂਰਾ ਜੀਵਨ ਅੱਗੇ ਪਿਆ ਹੈ।

**ਹਿੰਸਾ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ**



ਗ੍ਰਹਿ ਮੰਤਰੀ ਨੇ ਸਪੱਸ਼ਟ ਕੀਤਾ ਕਿ ਜਿਹੜੇ ਲੋਕ ਗੋਲੀਆਂ ਚਲਾਉਣਾ, ਆਈਈਡੀ (954) ਲਗਾਉਣਾ ਅਤੇ ਸਕੂਲਾਂ-ਹਸਪਤਾਲਾਂ ਨੂੰ ਅੱਗ ਲਗਾਉਣਾ ਜਾਰੀ ਰੱਖਣਗੇ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ÷ਹਥਿਆਰਬੰਦ ਹਿੰਸਾ ਦਾ ਜਵਾਬ ਹਥਿਆਰਾਂ ਨਾਲ ਹੀ ਦਿੱਤਾ ਜਾਵੇਗਾ।÷ ਉਨ੍ਹਾਂ ਮਾਓਵਾਦੀਆਂ 'ਤੇ ਦਹਾਕਿਆਂ ਤੱਕ ਸਕੂਲ ਬੰਦ ਰੱਖਣ ਅਤੇ ਪੀੜ੍ਹੀਆਂ ਨੂੰ ਸਿੱਖਿਆ ਤੋਂ ਵਾਂਝੇ ਰੱਖਣ ਦਾ ਦੋਸ਼ ਵੀ ਲਗਾਇਆ।

**ਬਸਤਰ ਦੇ ਵਿਕਾਸ ਲਈ ਵੱਡਾ ਰੋਡਮੈਪ**

ਸ਼ਾਹ ਨੇ ਬਸਤਰ ਦੇ ਵਿਕਾਸ ਲਈ ਅਗਲੇ ਪੰਜ ਸਾਲਾਂ ਦਾ ਖਾਕਾ ਪੇਸ਼ ਕਰਦਿਆਂ ਕਿਹਾ ਕਿ ਦਸੰਬਰ 2027 ਤੱਕ ਹਰ ਪਿੰਡ 'ਚ ਬਿਜਲੀ ਅਤੇ ਮੋਬਾਈਲ ਕੁਨੈਕਟੀਵਿਟੀ ਯਕੀਨੀ ਬਣਾਈ ਜਾਵੇਗੀ। ਹਰ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਇੱਕ ਪੋਸਟ ਆਫਿਸ ਜਾਂ ਬੈਂਕ ਸ਼ਾਖਾ ਖੋਲ੍ਹੀ ਜਾਵੇਗੀ। ਕਬਾਇਲੀ ਕਿਸਾਨਾਂ ਤੋਂ 3,100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਝੋਨਾ ਖਰੀਦਿਆ ਜਾਵੇਗਾ। ਹਰ ਘਰ 'ਚ ਰਸੋਈ ਗੈਸ ਸਿਲੰਡਰ ਅਤੇ ਪੀਣ ਵਾਲੇ ਪਾਣੀ ਦੇ ਕੁਨੈਕਸ਼ਨ ਦਿੱਤੇ ਜਾਣਗੇ। ਰੁਜ਼ਗਾਰ ਲਈ 118 ਏਕੜ 'ਚ ਇਕ ਨਵਾਂ ਉਦਯੋਗਿਕ ਖੇਤਰ ਸਥਾਪਿਤ ਕੀਤਾ ਜਾ ਰਿਹਾ ਹੈ।

**ਸੱਭਿਆਚਾਰ ਅਤੇ ਸੈਰ-ਸਪਾਟੇ 'ਤੇ ਜ਼ੋਰ**

ਗ੍ਰਹਿ ਮੰਤਰੀ ਨੇ ਕਿਹਾ ਕਿ ਬੰਦੂਕਾਂ ਅਤੇ ਵਿਸਫੋਟਕ ਬਸਤਰ ਦੀ ਪਛਾਣ ਨਹੀਂ ਹੋ ਸਕਦੇ, ਇਸਦੀ ਅਸਲ ਪਛਾਣ ਇੱਥੋਂ ਦਾ ਸੱਭਿਆਚਾਰ ਅਤੇ ਵਿਰਾਸਤ ਹੈ। ਬਸਤਰ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਐਡਵੈਂਚਰ ਟੂਰਿਜ਼ਮ, ਹੋਮਸਟੇਅ ਅਤੇ ਗਲਾਸ ਬ੍ਰਿਜ ਵਰਗੇ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ 'ਬਸਤਰ ਪਾਂਡੁਮ 2026' ਦੇ ਜੇਤੂਆਂ ਨੂੰ ਰਾਸ਼ਟਰਪਤੀ ਭਵਨ ਵਿੱਚ ਆਪਣੀ ਕਲਾ ਦਿਖਾਉਣ ਲਈ ਸੱਦਾ ਦਿੱਤਾ।

## ਦਿੱਲੀ ਪੁਲਿਸ ਨੇ ਸਿੱਖਿਅਕਾਂ ਅਤੇ ਐਨਐਸਐਸ ਪ੍ਰੋਗਰਾਮ ਅਧਿਕਾਰੀਆਂ ਨੂੰ ਨਸ਼ਾਖੋਰੀ ਜਾਗਰੂਕਤਾ ਮੁਹਿੰਮ ਵਿੱਚ ਸ਼ਾਮਲ ਕੀਤਾ

### ਪੀ.ਐੱਚ.ਕਿਊ ਵਿਖੇ ਨਸ਼ਿਆਂ ਦੀ ਦੁਰਵਰਤੋਂ 'ਤੇ ਇੱਕ ਵਰਕਸ਼ਾਪ-ਕਮ-ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ




ਨਵੀਂ ਦਿੱਲੀ, 9 ਫਰਵਰੀ : ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਮਾਣਯੋਗ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਦੁਆਰਾ ਕਲਪਨਾ ਕੀਤੇ ਗਏ ਨਸ਼ਾ ਮੁਕਤ ਭਾਰਤ ਅਭਿਆਨ ਤੋਂ ਪ੍ਰੇਰਿਤ ਹੋ ਕੇ, ਅਤੇ ਦਿੱਲੀ ਦੇ ਮਾਣਯੋਗ ਉਪ ਰਾਜਪਾਲ ਸ਼੍ਰੀ ਵਿਨੈ ਕੁਮਾਰ ਸਕਸੈਨਾ ਦੇ ਨਿਰਦੇਸ਼ਾਂ ਅਨੁਸਾਰ, 2027 ਤੱਕ ਦਿੱਲੀ ਨੂੰ ਨਸ਼ਾ ਮੁਕਤ ਬਣਾਉਣ ਲਈ, ਦਿੱਲੀ ਪੁਲਿਸ, ਸ਼੍ਰੀ ਸਤੀਸ਼ ਗੋਲਛਾ, ਆਈਪੀਐਸ, ਪੁਲਿਸ ਕਮਿਸ਼ਨਰ, ਦਿੱਲੀ ਦੀ ਅਗਵਾਈ ਹੇਠ, ਲਾਗੂਕਰਨ, ਜਾਗਰੂਕਤਾ ਅਤੇ ਭਾਈਚਾਰਕ ਸ਼ਮੂਲੀਅਤ ਰਾਹੀਂ ਨਸ਼ਿਆਂ ਦੀ ਦੁਰਵਰਤੋਂ ਦਾ ਮੁਕਾਬਲਾ ਕਰਨ ਲਈ ਨਿਰੰਤਰ ਯਤਨ ਕਰ ਰਹੀ ਹੈ। ਇਸ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, ਦਿੱਲੀ ਪੁਲਿਸ ਨੇ ਦਿੱਲੀ ਸਰਕਾਰ ਦੇ ਸਿੱਖਿਆ ਡਾਇਰੈਕਟੋਰੇਟ ਦੇ ਸਹਿਯੋਗ ਨਾਲ, ਅੱਜ ਆਦਰਸ਼ ਆਡੀਟੋਰੀਅਮ, ਪੁਲਿਸ ਹੈੱਡਕੁਆਰਟਰ, ਜੈ ਸਿੰਘ ਰੋਡ, ਨਵੀਂ ਦਿੱਲੀ ਵਿਖੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ 'ਤੇ ਇੱਕ ਵਰਕਸ਼ਾਪ-ਕਮ-ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਵਰਕਸ਼ਾਪ ਵਿੱਚ ਵੱਖ-ਵੱਖ ਸਕੂਲਾਂ ਦੇ 300 ਤੋਂ ਵੱਧ ਸਰੀਰਕ ਸਿੱਖਿਆ ਅਧਿਆਪਕਾਂ/ਇੰਸਟ?ਰਕਟਰਾਂ ਅਤੇ ਰਾਸ਼ਟਰੀ ਸੇਵਾ ਯੋਜਨਾ (ਐਨਐਸਐਸ) ਪ੍ਰੋਗਰਾਮ ਅਧਿਕਾਰੀਆਂ ਦੀ ਭਾਗੀਦਾਰੀ ਦੇਖੀ ਗਈ। ਪ੍ਰੋਗਰਾਮ ਨੂੰ ਲਾਈਵ-ਸਟ?ਰੀਮ ਵੀ ਕੀਤਾ ਗਿਆ, ਜਿਸ ਨਾਲ ਦਿੱਲੀ ਭਰ ਦੇ 1,000 ਤੋਂ ਵੱਧ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਅਧਿਆਪਕ ਆਪਣੇ-ਆਪਣੇ ਸਕੂਲ ਸਥਾਨਾਂ ਤੋਂ ਔਨਲਾਈਨ ਸੈਸ਼ਨ ਵਿੱਚ ਸ਼ਾਮਲ ਹੋ ਸਕੇ। ਸਰੀਰਕ ਸਿੱਖਿਆ ਅਧਿਆਪਕ/ਇੰਸਟ?ਰਕਟਰ ਅਤੇ ਐਨਐਸਐਸ ਪ੍ਰੋਗਰਾਮ ਅਫਸਰ ਵਿਦਿਆਰਥੀਆਂ ਦੀ ਸਰੀਰਕ, ਸਮਾਜਿਕ ਅਤੇ ਨੈਤਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪ੍ਰੋਗਰਾਮ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨਾਲ ਵਿਦਿਆਰਥੀਆਂ ਦੀ ਭਾਗੀਦਾਰੀ ਵਿੱਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ ਅਤੇ ਇਹ ਅਧਿਕਾਰੀ ਸਕੂਲ ਪੱਧਰ 'ਤੇ ਮੁਹਿੰਮ ਦੇ ਉਦੇਸ਼ਾਂ ਦਾ ਹੋਰ ਪ੍ਰਸਾਰ ਕਰਨਗੇ, ਜਿਸ ਨਾਲ ਵਿਦਿਆਰਥੀਆਂ ਵਿੱਚ ਨਸ਼ੀਲੇ ਪਦਾਰਥਾਂ ਅਤੇ ਮਨੋਰੋਗ ਪਦਾਰਥਾਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਵਿਆਪਕ ਜਾਗਰੂਕਤਾ ਪੈਦਾ ਹੋਵੇਗੀ। ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀ ਰੰਜਯ ਅਤਰਿਸ਼ਯ, ਏਸੀਪੀ/ਏਪੀਆਰਓ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਧੰਨਵਾਦ ਕੀਤਾ ਅਤੇ ਸ਼੍ਰੀ ਦੇਵੇਸ਼ ਚੰਦਰ ਸ਼੍ਰੀਵਾਸਤਵ, ਆਈਪੀਐਸ, ਸਪਲਾਇਰ ਸੀਪੀ/ਕ੍ਰਾਈਮ ਅਤੇ ਪੀਐਮਐਮਸੀ, ਸ਼੍ਰੀ ਸੰਜੇ ਤਿਆਗੀ, ਆਈਪੀਐਸ, ਜੁਆਇੰਟ ਸੀਪੀ/ਪ੍ਰੋ, ਸ਼੍ਰੀ ਸੰਜੀਵ ਯਾਦਵ, ਆਈਪੀਐਸ, ਡੀਸੀਪੀ/ਕ੍ਰਾਈਮ, ਅਤੇ ਸਾਰੇ ਭਾਗੀਦਾਰ ਸਿੱਖਿਅਕਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ। ਉਨ੍ਹਾਂ ਨੇ ਪ੍ਰੋਗਰਾਮ ਅਤੇ ਇਸਦੇ ਉਦੇਸ਼ਾਂ ਦੀ ਸੰਖੇਪ ਜਾਣਕਾਰੀ ਵੀ ਪੇਸ਼ ਕੀਤੀ। ਮੁੱਖ ਬੁਲਾਰੇ, ਸ਼੍ਰੀ ਦੇਵੇਸ਼ ਚੰਦਰ ਸ਼੍ਰੀਵਾਸਤਵ, ਆਈਪੀਐਸ, ਸਪਲਿਟ ਸੀਪੀ/ਕ੍ਰਾਈਮ ਅਤੇ ਪੀਐਮਐਮਸੀ, ਨੇ ਆਪਣੇ ਸੰਬੋਧਨ ਵਿੱਚ, ਸ਼੍ਰੀਮਤੀ ਵੇਦਿਤਾ ਰੈਡੀ, ਆਈਏਐਸ, ਡਾਇਰੈਕਟਰ (ਸਿੱਖਿਆ), ਸਿੱਖਿਆ ਡਾਇਰੈਕਟੋਰੇਟ, ਐਨਸੀਟੀ ਦਿੱਲੀ ਸਰਕਾਰ ਦਾ ਧੰਨਵਾਦ ਕੀਤਾ, ਅਤੇ ਪ੍ਰੋਗਰਾਮ ਦੇ ਆਯੋਜਨ ਵਿੱਚ ਦਿੱਲੀ ਪੁਲਿਸ ਦੀ ਏਐਨਟੀਐਫ ਅਤੇ ਪੀਆਰਓ ਸ਼ਾਖਾ ਦੇ ਸਟਾਫ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਕਾਨੂੰਨ ਲਾਗੂ ਕਰਨ ਦੁਆਰਾ ਸਪਲਾਈ ਵਿੱਚ ਵਿਘਨ ਪਾਉਣਾ ਅਤੇ ਨਿਰੰਤਰ ਜਾਗਰੂਕਤਾ ਅਤੇ ਸਿੱਖਿਆ ਦੁਆਰਾ ਮੰਗ ਨੂੰ ਘਟਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਵੱਖ-ਵੱਖ ਨਾਵਾਂ ਅਤੇ ਰੂਪਾਂ ਬਾਰੇ ਹੋਰ ਸੰਵੇਦਨਸ਼ੀਲ ਬਣਾਇਆ ਜਿਨ੍ਹਾਂ ਵਿੱਚ ਨਸ਼ੀਲੇ ਪਦਾਰਥ ਆਮ ਤੌਰ 'ਤੇ ਪ੍ਰਸਾਰਿਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ, ਅਤੇ ਸਿੱਖਿਅਕਾਂ ਨੂੰ ਵਿਦਿਆਰਥੀਆਂ ਵਿੱਚ ਚੇਤਾਵਨੀ ਸੰਕੇਤਾਂ ਦੀ ਪਛਾਣ ਕਰਨ ਦੀ ਸਲਾਹ ਦਿੱਤੀ ਗਈ, ਜਿਵੇਂ ਕਿ ਅਚਾਨਕ ਵਿਵਹਾਰ ਵਿੱਚ ਤਬਦੀਲੀਆਂ, ਮੂਡ ਸਵਿੰਗ, ਗੁਪਤਤਾ ਅਤੇ ਸਮਾਜਿਕ ਤੌਰ 'ਤੇ ਪਿੱਛੇ ਹਟਣਾ। ਅਧਿਆਪਕਾਂ ਨੂੰ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਸਿੱਖਿਅਤ ਕਰਨ, ਖੁੱਲ੍ਹੇ ਪਰਿਵਾਰਕ ਸੰਚਾਰ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਨੂੰ ਉਸਾਰੂ ਸ਼ੌਕਾਂ ਅਤੇ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਗਈ ਕਿ ਉਹ ਸਾਥੀਆਂ ਦੇ ਦਬਾਅ ਦਾ ਵਿਰੋਧ ਕਰਨ, ਨਸ਼ਿਆਂ ਤੋਂ ਦੂਰ ਰਹਿਣ, ਲੋੜ ਪੈਣ 'ਤੇ ਜਲਦੀ ਮਦਦ ਲੈਣ ਅਤੇ ਉਨ੍ਹਾਂ ਸਾਥੀ ਵਿਦਿਆਰਥੀਆਂ ਦਾ ਸਮਰਥਨ ਕਰਨ ਜੋ ਜੋਖਮ ਵਿੱਚ ਹੋ ਸਕਦੇ ਹਨ। ਉਨ੍ਹਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਈ-ਪ੍ਰਣ ਲੈਣ ਅਤੇ ਇਸਦੀ ਪਾਲਣਾ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ। ਨੌਜਵਾਨਾਂ ਵਿੱਚ ਜਾਗਰੂਕਤਾ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ 14 ਤੋਂ 25 ਸਾਲ ਦੀ ਉਮਰ ਦੇ ਵਿਅਕਤੀ ਦੇਸ਼ ਦੀ ਕੀਮਤੀ ਸੰਪਤੀ ਹਨ, ਅਤੇ 2047 ਤੱਕ ਵਿਕਾਸ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਤੋਂ ਬਚਾਉਣਾ ਜ਼ਰੂਰੀ ਹੈ। ਭਾਗੀਦਾਰਾਂ ਨੂੰ ਸਹਾਇਤਾ ਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਮਾਨਸ ਹੈਲਪਲਾਈਨ 1933 ਵੀ ਸ਼ਾਮਲ ਹੈ, ਜੋ ਕਿ ਇੱਕ ਸੁਰੱਖਿਅਤ, ਨਾਗਰਿਕ-ਕੇਂਦ੍ਰਿਤ ਪਲੇਟਫਾਰਮ ਹੈ ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ, ਗੈਰ-ਕਾਨੂੰਨੀ ਖੇਤੀ ਅਤੇ ਸੰਬੰਧਿਤ ਅਪਰਾਧਾਂ ਦੀ ਗੁਮਨਾਮ ਰਿਪੋਰਟਿੰਗ ਨੂੰ ਸਮਰੱਥ ਬਣਾਉਂਦਾ ਹੈ।

# ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ 'ਚ ਹਿੰਸਕ ਸੋਚ ਪਨਪ ਰਹੀ : ਰਵਨੀਤ ਬਿੱਟੂ

ਚੰਡੀਗੜ੍ਹ/ਨਵੀਂ ਦਿੱਲੀ, 9 ਫਰਵਰੀ : ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਪਾਰਟੀ ਖ਼ਾਸ ਕਰਕੇ ਉਸ ਦੀ ਅਗਵਾਈ ਅਤੇ ਪੰਜਾਬੀ ਆਗੂਆਂ ਨੂੰ ਲੈ ਕੇ ਬਹੁਤ ਹੀ ਤਿੱਖਾ ਹਮਲਾ ਕੀਤਾ ਹੈ। ਬਿੱਟੂ ਨੇ ਦੋਸ਼ ਲਗਾਇਆ ਕਿ ਰਾਹੁਲ ਗਾਂਧੀ ਦੀ ਪ੍ਰਧਾਨਗੀ ਹੇਠ ਕਾਂਗਰਸ ਪਾਰਟੀ 'ਚ ਹਿੰਸਕ ਸੋਚ ਨੂੰ ਨਿਰੰਤਰ ਉਤਸ਼ਾਹ ਮਿਲ ਰਿਹਾ ਹੈ ਅਤੇ ਇਸ ਦਾ ਨਤੀਜਾ ਹੁਣ ਖੁੱਲ੍ਹੇਆਮ ਧਮਕੀਆਂ ਅਤੇ ਕੁੱਟਮਾਰ ਦੀਆਂ ਗੱਲਾਂ ਵਜੋਂ ਸਾਹਮਣੇ ਆ ਰਿਹਾ ਹੈ। ਰਵਨੀਤ ਬਿੱਟੂ ਨੇ ਕਿਹਾ ਕਿ ਜਿਹੜੀ ਘਟਨਾ ਸੰਸਦ ਦੇ ਅੰਦਰ ਵਾਪਰੀ, ਜਿੱਥੇ ਰਾਹੁਲ ਗਾਂਧੀ ਅਤੇ ਕਾਂਗਰਸ ਦੇ 40-50 ਸੰਸਦ ਮੈਂਬਰਾਂ ਵੱਲੋਂ ਉਨ੍ਹਾਂ ਨਾਲ ਹੱਥਾਪਾਈ ਦੀ ਕੋਸ਼ਿਸ਼ ਕੀਤੀ ਗਈ, ਉਹ ਕੋਈ ਅਲੱਗ-ਥਲੱਗ ਘਟਨਾ ਨਹੀਂ ਸੀ। ਬਿੱਟੂ ਮੁਤਾਬਕ ਇਹ ਉਹੀ ਸਿੱਖਿਆ ਹੈ, ਜੋ ਕਾਂਗਰਸ ਦੇ ਆਗੂ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਆਪਣੇ ਵਰਕਰਾਂ ਨੂੰ ਦੇ ਰਹੇ ਹਨ। ਬਿੱਟੂ ਨੇ ਕਿਹਾ ਕਿ ਜਿਵੇਂ ਸੰਸਦ 'ਚ ਹਿੰਸਕ ਰਵੱਈਆ ਦਿਖਾਇਆ ਗਿਆ, ਉਸੇ ਤਰ੍ਹਾਂ ਦੀ ਭਾਸ਼ਾ ਅਤੇ ਸੋਚ ਹੁਣ ਪੰਜਾਬ 'ਚ ਵੀ ਸਾਹਮਣੇ ਆ ਰਹੀ ਹੈ। ਉਨ੍ਹਾਂ ਨੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੇ ਬਿਆਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਇੱਕ ਸੂਬਾਈ ਪ੍ਰਧਾਨ ਇਹ




ਕਹੇ ਕਿ ਕਿਸੇ ਦੀ 'ਧੌਣ ਮਰੋੜਨ ਵਿੱਚ ਤਿੰਨ ਮਿੰਟ ਲੱਗਦੇ ਹਨ', ਤਾਂ ਇਹ ਸਿਰਫ਼ ਬਿਆਨ ਨਹੀਂ, ਸਗੋਂ ਸਿੱਧੀ ਤਰ੍ਹਾਂ ਹਿੰਸਾ ਲਈ ਉਕਸਾਉਣਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਤੁਸੀਂ ਕਿਸੇ ਮੰਤਰੀ, ਚਾਹੇ ਉਹ ਈ. ਟੀ. ਓ. ਹੋਵੇ ਜਾਂ ਵਿਰੋਧੀ ਧਿਰ ਦਾ ਕੋਈ ਵੀ ਆਗੂ, ਉਸ ਦੇ ਕੰਮਾਂ ਦੀ ਆਲੋਚਨਾ ਸੌ ਵਾਰ ਕਰੋ, ਇਹ ਲੋਕਤੰਤਰ ਦਾ ਹਿੱਸਾ ਹੈ ਪਰ ਖੁੱਲ੍ਹੇਆਮ ਇਹ ਕਹਿਣਾ ਕਿ ਕਿਸੇ ਦੀ ਧੌਣ ਮਰੋੜੀ ਜਾ ਸਕਦੀ ਹੈ, ਇਹ ਕਾਨੂੰਨ ਅਤੇ ਸੰਵਿਧਾਨ ਦੋਹਾਂ ਦੀ ਉਲੰਘਣਾ ਹੈ। ਰਵਨੀਤ ਬਿੱਟੂ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਜਾ ਵੜਿੰਗ ਵਰਗੇ ਆਗੂਆਂ ਖ਼?ਲਾਫ਼ ਸਖ਼ਤ ਕਾਰਵਾਈ ਨਹੀਂ ਹੁੰਦੀ ਤਾਂ ਇਸ ਤਰ੍ਹਾਂ ਦੇ ਬਿਆਨਾਂ ਨਾਲ ਹਿੰਸਕ ਤੱਤਾਂ ਦੇ ਹੌਂਸਲੇ ਹੋਰ ਵਧਣਗੇ। ਉਨ੍ਹਾਂ ਕਿਹਾ ਕਿ ਅੱਜ ਜੇਕਰ ਇਹ ਲੋਕ ਵਿਰੋਧ 'ਚ ਰਹਿੰਦਿਆਂ ਅਜਿਹੀਆਂ ਧਮਕੀਆਂ ਦੇ ਰਹੇ ਹਨ, ਤਾਂ ਕੱਲ੍ਹ ਜੇਕਰ ਖ਼ੁਦਾ ਨਾ ਖਾਸਤਾ, ਇਨ੍ਹਾਂ ਦੇ ਹੱਥ ਸੱਤਾ ਆ ਗਈ, ਤਾਂ ਇਹ ਕੀ ਕਰਨਗੇ, ਇਸਦੀ ਕਲਪਨਾ ਕਰਨੀ ਵੀ ਡਰਾਉਣੀ ਹੈ। ਬਿੱਟੂ ਨੇ ਕਿਹਾ ਕਿ ਕਾਂਗਰਸ ਨੂੰ ਸੱਤਾ ਤੋਂ ਦੂਰ ਰੱਖਣਾ ਦੇਸ਼ ਅਤੇ ਪੰਜਾਬ ਦੋਹਾਂ ਲਈ ਬਿਹਤਰ ਹੈ, ਕਿਉਂਕਿ ਇਹ ਪਾਰਟੀ ਲੋਕਤੰਤਰਕ ਮਰਿਆਦਾਵਾਂ ਦੀ ਇੱਜ਼ਤ ਕਰਨ 'ਚ ਅਸਫ਼ਲ ਰਹੀ ਹੈ। ਕੇਂਦਰੀ ਮੰਤਰੀ ਨੇ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਨਹੀਂ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਬਾਜਵਾ ਸਾਹਿਬ ਨੂੰ ਦੇਖਣ ਨੂੰ ਤਾਂ ਬਹੁਤ ਸਿਆਣਾ ਅਤੇ ਤਜੁਰਬੇਕਾਰ ਆਗੂ ਮੰਨਿਆ ਜਾਂਦਾ ਹੈ ਪਰ ਉਨ੍ਹਾਂ ਦੇ ਬਿਆਨ ਵੀ ਹੁਣ ਨਿਰਾਸ਼ ਕਰਨ ਵਾਲੇ ਹਨ। ਬਿੱਟੂ ਨੇ ਕਿਹਾ ਕਿ ਬਾਜਵਾ ਵਰਗੇ ਆਗੂ, ਜਿਨ੍ਹਾਂ ਦੀ ਉਮਰ ਅਤੇ ਤਜੁਰਬਾ ਦੋਵੇਂ ਵੱਡੇ ਹਨ, ਉਨ੍ਹਾਂ ਨੂੰ ਅਜਿਹੀਆਂ ਗੱਲਾਂ ਕਰਨੀ ਸ਼ੋਭਾ ਨਹੀਂ ਦਿੰਦੀਆਂ, ਜਿਨ੍ਹਾਂ ਵਿੱਚ 'ਬੈਂਡ ਵਜਾਉਣ' ਜਾਂ ਕੁੱਟਮਾਰ ਦੀ ਭਾਸ਼ਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਆਗੂਆਂ ਤੋਂ ਕਈ ਵਾਰ ਜਜ਼ਬਾਤੀ ਬਿਆਨ ਆ ਵੀ ਜਾਣ ਤਾਂ ਸੀਨੀਅਰ ਆਗੂਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਪਾਰਟੀ ਨੂੰ ਸੰਭਾਲਣ, ਨਾ ਕਿ ਅੱਗ 'ਚ ਘਿਓ ਪਾਉਣ।

## ਰੁੱਸਿਆਂ ਨੂੰ ਨੰਗੇ ਪੈਰੀਂ ਜਾ ਕੇ ਮਨਾਉਣਗੇ ਮਜੀਠੀਆ ! ਪਾਰਟੀ ਨੇ ਸੌਂਪੀ ਅਹਿਮ ਜ਼ਿੰਮੇਵਾਰੀ

ਚੰਡੀਗੜ੍ਹ, 9 ਫਰਵਰੀ : ਸ਼ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਨਾਭਾ ਜੇਲ੍ਹ 'ਚੋਂ ਬਾਹਰ ਆਉਂਦਿਆਂ ਦੀ ਬਿਆਨ ਦਿੱਤਾ ਸੀ ਕਿ ਉਹ ਪਾਰਟੀ ਦੇ ਰੁਸੇ ਹੋਏ ਨੇਤਾਵਾਂ ਨੂੰ ਨੰਗੇ ਪੈਰੀਂ ਜਾ ਕੇ ਮਨਾਉਣਗੇ ਅਤੇ ਉਨ੍ਹਾਂ ਨੂੰ ਪਾਰਟੀ 'ਚ ਵਾਪਸ ਲੈ ਕੇ ਆਉਣਗੇ। ਨਾਭਾ ਜੇਲ੍ਹ 'ਚੋਂ ਜ਼ਮਾਨਤ 'ਤੇ ਬਾਹਰ ਆਏ ਮਜੀਠੀਆ ਲਈ ਇਹ ਕੰਮ ਇੰਨਾ ਸੌਖਾ ਨਹੀਂ ਹੋਵੇਗਾ ਕਿਉਂਕਿ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਗੁਰਪ੍ਰਤਾਪ ਸਿੰਘ ਵਡਾਲਾ ਸਣੇ ਹੋਰ ਆਗੂਆਂ ਨੂੰ ਇਤਰਾਜ਼ ਸੁਖਬੀਰ ਬਾਦਲ ਦੀ ਅਗਵਾਈ ਨੂੰ ਲੈ ਕੇ ਹੈ। ਇਨ੍ਹਾਂ ਆਗੂਆਂ ਨੂੰ 2027 ਤੋਂ ਪਹਿਲਾਂ ਪਾਰਟੀ 'ਚ ਵਾਪਸ ਲਿਆਉਣ ਦਾ ਅਕਾਲੀ ਦਲ ਦਾ ਟੀਚਾ ਹੈ, ਜਿਸ ਦੇ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਜੀਠੀਆ ਨੂੰ ਜ਼ਿੰਮੇਵਾਰੀ ਸੌਂਪੀ ਹੈ।

# ਜਲੰਧਰ ਦੇ ਨਿੱਜੀ ਹਸਪਤਾਲ 'ਚ ਔਰਤ ਦੀ ਮੌਤ, ਪਰਿਵਾਰ ਵਾਲਿਆਂ ਨੇ ਕੀਤਾ ਹੰਗਾਮਾ

ਜਲੰਧਰ, 9 ਫਰਵਰੀ : ਰਾਮਾ ਮੰਡੀ ਦੇ ਗੁਡਵਿਲ ਹਸਪਤਾਲ ਵਿਚ ਐਤਵਾਰ ਸ਼ਾਮ ਨੂੰ ਇਕ 31 ਸਾਲਾ ਔਰਤ ਮਰੀਜ਼ ਦੀ ਮੌਤ ਹੋ ਜਾਣ 'ਤੇ ਉਸ ਦੇ ਪਰਿਵਾਰ ਵਾਲਿਆਂ ਨੇ ਹਸਪਤਾਲ ਦੇ ਬਾਹਰ ਜ਼ਬਰਦਸਤ ਹੰਗਾਮਾ ਕੀਤਾ। ਇਸ ਤੋਂ ਬਾਅਦ ਮੌਕੇ 'ਤੇ ਪਹੁੰਚੀ ਥਾਣਾ ਰਾਮਾ ਮੰਡੀ ਦੀ ਪੁਲਸ ਨੇ ਮ੍ਰਿਤਕਾ ਦੇ ਵਾਰਿਸਾਂ ਨੂੰ ਪੂਰੇ ਇਨਸਾਫ ਦਾ ਭਰੋਸਾ ਦੇ ਕੇ ਸ਼ਾਂਤ ਕੀਤਾ। ਮ੍ਰਿਤਕਾ ਦੀ ਪਛਾਣ ਉਪਕਾਰ ਕੌਰ ਪਤਨੀ ਰਘਬੀਰ ਸਿੰਘ ਨਿਵਾਸੀ ਦੀਪ ਨਗਰ (ਜਲੰਧਰ ਕੈਂਟ) ਵਜੋਂ ਹੋਈ ਹੈ, ਜੋ ਆਪਣੇ ਪਿੱਛੇ ਇਕ ਸਾਲ ਦੀ ਬੇਟੀ ਛੱਡ ਗਈ ਹੈ। ਰਘਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਉਪਕਾਰ ਕੌਰ ਦਾ ਬੀ. ਪੀ. (ਬਲੱਡ ਪ੍ਰੈਸ਼ਰ) ਘੱਟ ਹੋਣ 'ਤੇ ਉਹ ਐਤਵਾਰ ਲਗਭਗ 3 ਵਜੇ ਉਸ ਨੂੰ ਗੁਡਵਿਲ ਹਸਪਤਾਲ ਲੈ ਕੇ ਆਏ ਸਨ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਨ ਤੋਂ ਬਾਅਦ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਦਾ ਪਹਿਲਾਂ ਵੀ ਇਸੇ ਹਸਪਤਾਲ ਵਿਚ ਗਠੀਏ ਦਾ ਇਲਾਜ ਚੱਲਦਾ ਸੀ। ਉਨ੍ਹਾਂ ਕਿਹਾ ਕਿ ਸਿਰਫ਼ ਉਨ੍ਹਾਂ ਦੀ ਪਤਨੀ ਦਾ ਬੀ. ਪੀ. ਹੀ ਘਟਿਆ ਸੀ ਅਤੇ ਉਹ ਬਿਲਕੁਲ ਨਾਰਮਲ ਹਾਲਤ ਵਿਚ ਹਸਪਤਾਲ ਪਹੁੰਚੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਡਾਕਟਰ ਰਣਜੀਤ ਵੱਲੋਂ ਉਨ੍ਹਾਂ ਦੀ ਪਤਨੀ ਨੂੰ ਗਲਤ ਦਵਾਈ ਦਿੱਤੇ ਜਾਣ ਕਾਰਨ ਉਸ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਜਿਵੇਂ ਹੀ ਦਵਾਈ ਲੈਣ ਤੋਂ ਬਾਅਦ ਪਤਨੀ ਦੀ ਹਾਲਤ ਵਿਗੜ ਗਈ ਤਾਂ ਹਸਪਤਾਲ ਦਾ ਸਟਾਫ਼ ਉਸ ਨੂੰ ਆਈ. ਸੀ. ਯੂ. ਵਿਚ ਲੈ ਗਿਆ। ਕੁਝ ਹੀ ਸਮੇਂ ਬਾਅਦ ਸਟਾਫ਼ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਨੇ ਦੋਸ਼ ਲਾਇਆ ਕਿ ਉਪਕਾਰ ਕੌਰ ਨੂੰ ਆਈ. ਸੀ. ਯੂ. ਵਿਚ ਲਿਜਾਣ ਅਤੇ ਵੈਂਟੀਲੇਟਰ 'ਤੇ ਪਾਉਣ ਬਾਰੇ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਸਾਈਨ ਕਰਵਾਏ ਗਏ। ਉਨ੍ਹਾਂ ਕਿਹਾ ਕਿ ਡਾਕਟਰ ਰਣਜੀਤ ਉਨ੍ਹਾਂ ਨੂੰ ਕੁਝ ਦੱਸੇ ਬਿਨਾਂ ਹੀ ਹਸਪਤਾਲ ਤੋਂ ਫ਼ਰਾਰ ਹੋ ਗਿਆ। ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਬਲਕਰਨ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਵਿਚ ਰਖਵਾ ਦਿੱਤਾ ਗਿਆ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਗੁਡਵਿਲ ਹਸਪਤਾਲ ਦੇ ਮਾਲਕ ਡਾ. ਸੁਨੀਲ ਸ਼ਰਮਾ ਨੇ ਮਰੀਜ਼ ਦੀ ਹੋਈ ਮੌਤ ਦੇ ਮਾਮਲੇ ਵਿਚ ਕਿਹਾ ਕਿ ਉਪਕਾਰ ਕੌਰ ਦਾ ਉਨ੍ਹਾਂ ਕੋਲ ਕਾਫ਼ੀ ਸਮੇਂ ਤੋਂ ਗਠੀਏ ਦੀ ਬੀਮਾਰੀ ਦਾ ਇਲਾਜ ਚੱਲ ਰਿਹਾ ਹੈ, ਜਿਸ ਕਾਰਨ ਉਹ ਅਕਸਰ ਉਨ੍ਹਾਂ ਦੇ ਹਸਪਤਾਲ ਵਿਚ ਆਉਂਦੀ ਰਹਿੰਦੀ ਸੀ। ਬੀਤੀ ਸ਼ਾਮ 3 ਵਜੇ ਜਦੋਂ ਮਰੀਜ਼ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸ ਦਾ ਬੀ. ਪੀ. ਬਹੁਤ ਘੱਟ ਸੀ, ਜਿਸ ਨੂੰ ਨਾਰਮਲ ਸਥਿਤੀ ਵਿਚ ਲਿਆਉਣ ਲਈ ਉਨ੍ਹਾਂ ਵੱਲੋਂ ਇਲਾਜ ਤੁਰੰਤ ਸ਼ੁਰੂ ਕਰ ਦਿੱਤਾ ਗਿਆ। ਉਸ ਨੂੰ ਦਿੱਤੀ ਗਈ ਦਵਾਈ ਨਾਲ ਜਦੋਂ ਮਰੀਜ਼ ਦੀ ਹਾਲਤ ਵਿਚ ਸੁਧਾਰ ਨਾ ਹੋਇਆ ਤਾਂ ਉਸ ਨੂੰ ਆਈ. ਸੀ. ਯੂ. ਵਿਚ ਸ਼ਿਫਟ ਕਰਨਾ ਪਿਆ। ਜਦੋਂ ਉਸ ਦੀ ਹਾਰਟ ਬੀਟ (ਦਿਲ ਦੀ ਧੜਕਨ) ਨੇ ਕੰਮ ਕਰਨਾ ਬੰਦ ਕਰ ਦਿੱਤਾ ਤਾਂ ਉਸ ਨੂੰ ਵੈਂਟੀਲੇਟਰ 'ਤੇ ਲਿਆਉਣ ਦੀ ਸਥਿਤੀ ਪੈਦਾ ਹੋ ਗਈ, ਜਿਸ ਦੌਰਾਨ ਉਸ ਨੇ ਸ਼ਾਮ ਲਗਭਗ 4.45 ਵਜੇ ਦਮ ਤੋੜ ਦਿੱਤਾ। ਡਾ. ਸੁਨੀਲ ਸ਼ਰਮਾ ਨੇ

## ਹਮੀਰਾ ਹਾਈਵੇਅ 'ਤੇ ਮਜੀਠੀਆ ਦਾ ਹੋਇਆ ਭਰਵਾਂ ਸਵਾਗਤ, ਕਿਹਾ-ਪ੍ਰੈੱਸ ਦੀ ਆਜ਼ਾਦੀ ਖ਼ਤਰੇ 'ਚ

ਭੁਲੱਥ, 9 ਫਰਵਰੀ : ਜਲੰਧਰ-ਅੰਮ੍ਰਿਤਸਰ ਮੁੱਖ ਮਾਰਗ 'ਤੇ ਪੈਂਦੇ ਹਮੀਰਾ ਹਾਈਵੇਅ ਵਿਖੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਅਕਾਲੀ ਆਗੂਆਂ ਅਤੇ ਵਰਕਰਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ, ਮਜੀਠੀਆ ਨਾਲ ਹੋਈ ਇਸ ਮਿਲਣੀ ਤੋਂ ਬਾਅਦ ਅਕਾਲੀ ਬਾਗੋਬਾਗ ਹੋ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਉਹ ਸ਼੍ਰੀ ਗੁਰੂ ਰਾਮਦਾਸ ਮਹਾਰਾਜ ਦੇ ਚਰਨਾਂ ਵਿਚ ਨਤਮਸਤਕ ਹੋਣ ਲਈ ਜਾ ਰਹੇ ਹਨ। ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਨੂੰ ਮਿਲਣ ਲਈ ਸੜਕਾਂ 'ਤੇ ਪਹੁੰਚੀਆਂ ਵੱਡੀ ਗਿਣਤੀ ਸੰਗਤਾਂ ਦੇ ਉਹ ਬਹੁਤ ਜਿਆਦਾ ਧੰਨਵਾਦੀ ਹਨ। ਮਜੀਠੀਆ ਨੇ ਆਖਿਆ ਕਿ ਸੰਗਤਾਂ ਦੀਆਂ ਅਰਦਾਸਾਂ ਸਦਕਾ ਹੀ ਉਹ ਜੇਲ੍ਹ ਵਿੱਚੋਂ ਬਾਹਰ ਆਏ ਹਨ, ਨਹੀਂ ਤਾਂ ਤਾਨਾਸ਼ਾਹ ਸਰਕਾਰਾਂ ਦੇ ਖਿਲਾਫ ਲੜਨਾ ਬੰਦੇ ਲਈ ਸੌਖਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਪ੍ਰੈੱਸ ਦੀ ਆਜ਼ਾਦੀ ਅਤੇ ਲਾਅ ਐਂਡ ਆਰਡਰ ਖ਼ਤਰੇ ਵਿਚ ਹੈ। ਜ਼ਿਕਰਯੋਗ ਹੈ ਕਿ ਹਮੀਰਾ ਹਾਈਵੇਅ ਭੁਲੱਥ ਹਲਕੇ ਅਧੀਨ ਪੈਂਦਾ ਹੈ। ਮੈਂਬਰ ਮੈਂਬਰ ਪੀ. ਏ. ਸੀ. ਕੰਵਲਜੀਤ ਸਿੰਘ ਤੁਲੀ, ਪੀ. ਏ. ਸੀ. ਕਮਲਜੀਤ ਸਿੰਘ ਕੁਲਾਰ, ਕੁਲਜੀਤ ਸਿੰਘ ਬਿੱਟੂ, ਤਜਿੰਦਰ ਸਿੰਘ ਸੋਨੂੰ, ਹਰਮਨ ਸਿੰਘ ਕੰਧਾਲਾ, ਗੋਪਾ ਢਡਿਆਲਾ, ਕੁਲਦੀਪ ਸਿੱਧੂ, ਰਵਿੰਦਰ ਸਿੰਘ ਸਿੰਘਾਪੁਰੀ, ਇਕਬਾਲ ਸਿੰਘ ਢਡਿਆਲਾ ਆਦਿ ਮੌਜੂਦ ਸਨ। ਜਦਕਿ ਭੁਲੱਥ ਹਲਕੇ ਵੱਲੋਂ ਕੁਲਦੀਪ ਸਿੰਘ ਟਾਂਡੀ ਦੀ ਅਗਵਾਈ ਹੇਠ ਪਰਮਜੀਤ ਸਿੰਘ ਪੱਡਾ ਦਿਆਲਪੁਰ, ਬੱਬੂ ਹਮੀਰਾ, ਦਰਸ਼ਨ ਸਿੰਘ ਹਮੀਰਾ, ਹਰਦੀਪ ਸਿੰਘ ਗਿੱਲ, ਕੁਲਦੀਪ ਸਿੰਘ ਹਮੀਰਾ, ਸੁਰਜੀਤ ਕੌਰ ਸਰਪੰਚ ਹਮੀਰਾ, ਮੋਹਨ ਲਾਲ ਦਿਆਲਪੁਰ, ਸਤਨਾਮ ਕੁਮਾਰ ਦਿਆਲਪੁਰ, ਰਾਹੁਲ ਮੁਰਾਰ, ਪਰਮਿੰਦਰ ਸਿੰਘ ਸੋਨੂੰ, ਪ੍ਰਭੂ ਦਿਆਲਪੁਰ, ਸਰਬਜੀਤ ਸਿੰਘ ਹਮੀਰਾ ਤੇ ਮਨਜੀਤ ਸਿੰਘ ਸੰਧੂ ਹਮੀਰਾ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਮੌਜੂਦ ਸਨ।

# ਮੁਅੱਤਲ 2 ਸੀਨੀਅਰ IPS ਅਧਿਕਾਰੀਆਂ ਦੀ ਚਾਰਜਸ਼ੀਟ ਜਨਤਕ ਕਰੇ 'ਆਪ' ਸਰਕਾਰ : ਸੁਖਜਿੰਦਰ ਰੰਧਾਵਾ

ਜਲੰਧਰ, 9 ਫਰਵਰੀ : ਪੰਜਾਬ ਦੇ ਸਾਬਕਾ ਉੱਪ-ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ 2 ਸੀਨੀਅਰ ਆਈ. ਏ. ਐੱਸ. ਅਧਿਕਾਰੀਆਂ ਨੂੰ ਮੁਅੱਤਲ ਕੀਤੇ ਜਾਣ ਨੂੰ ਲੈ ਕੇ ਤਿੱਖਾ ਹਮਲਾ ਬੋਲਿਆ ਹੈ। ਰੰਧਾਵਾ ਨੇ ਇਸ ਕਾਰਵਾਈ ਨੂੰ ਪ੍ਰਸ਼ਾਸਨਿਕ ਅਨੁਸ਼ਾਸਨ ਦੀ ਬਜਾਏ ਡਰਾਉਣ ਅਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਰੀ ਆਪਣੇ ਬਿਆਨ ਵਿਚ ਰੰਧਾਵਾ ਨੇ ਕਿਹਾ ਕਿ 2 ਸੀਨੀਅਰ ਆਈ. ਏ. ਐੱਸ. ਅਧਿਕਾਰੀਆਂ ਨੂੰ ਇਕ ਰਹੱਸਮਈ ਅਤੇ ਟੈਲੀਗ੍ਰਾਫਿਕ ਆਦੇਸ਼ ਰਾਹੀਂ ਮੁਅੱਤਲ ਕਰਨਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ ਅਧਿਕਾਰੀਆਂ ਨੇ ਕੋਈ ਗੰਭੀਰ ਗੈਰ-ਕਾਨੂੰਨੀ ਕੰਮ ਕੀਤਾ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਚਾਰਜਸ਼ੀਟ ਜਨਤਕ ਕਰੇ ਅਤੇ ਸੱਚਾਈ ਜਨਤਾ ਦੇ ਸਾਹਮਣੇ ਰੱਖੇ। ਰੰਧਾਵਾ ਨੇ ਕਿਹਾ ਕਿ ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਇਸ ਨਾਲ ਇਹ



ਸੰਦੇਸ਼ ਜਾਂਦਾ ਹੈ ਕਿ ਸਬੰਧਤ ਅਧਿਕਾਰੀਆਂ ਨੇ ਕਿਸੇ ਗੈਰ-ਕਾਨੂੰਨੀ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਸੇ ਕਾਰਨ ਉਨ੍ਹਾਂ ਖ਼?ਲਾਫ਼ ਕਾਰਵਾਈ ਕੀਤੀ ਗਈ। ਰੰਧਾਵਾ ਨੇ ਪੰਜਾਬ ਆਈ. ਏ. ਐੱਸ. ਅਫ਼ਸਰ ਐਸੋਸੀਏਸ਼ਨ ਦੀ ਚੁੱਪ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਐਸੋਸੀਏਸ਼ਨ ਇਸ ਮਾਮਲੇ ਵਿਚ ਸੁਸਤ ਨਜ਼ਰ ਆ ਰਹੀ ਹੈ, ਜਦਕਿ ਕਈ ਅਧਿਕਾਰੀ ਲੰਬੇ ਸਮੇਂ ਤੋਂ ਬਿਨਾਂ ਕਿਸੇ ਪੋਸਟਿੰਗ ਦੇ ਰੱਖੇ ਗਏ ਹਨ, ਜੋਕਿ ਪ੍ਰਸ਼ਾਸਨਿਕ ਨਿਯਮਾਂ ਅਤੇ ਸਥਾਪਿਤ ਪਰੰਪਰਾਵਾਂ ਦੀ ਖੁੱਲ੍ਹੀ ਉਲੰਘਣਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ ਦੀ ਨੀਤੀ ਨਾ ਛੱਡੀ, ਤਾਂ ਇਸ ਦਾ ਸਿੱਧਾ ਅਸਰ ਸ਼ਾਸਨ ਵਿਵਸਥਾ ਅਤੇ ਕਾਨੂੰਨ-ਵਿਵਸਥਾ 'ਤੇ ਪਵੇਗਾ।

## ਸਾਬਕਾ ਸਰਪੰਚ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

ਜਲਾਲਾਬਾਦ, 9 ਫਰਵਰੀ : ਥਾਣਾ ਵੈਰੋ ਕਾ ਅਧੀਨ ਪੈਂਦੇ ਪਿੰਡ ਢਾਣੀ ਪ੍ਰੇਮ ਸਿੰਘ ਵਾਲੀ ਅੱਜ ਬੀਤੀ ਦੁਪਹਿਰ ਨੂੰ ਖਾਦ ਨਾਲ ਭਰੀ ਚਾਲਕ ਦੇ ਵੱਲੋਂ ਐਕਟਿਵਾ ਸਵਾਰ ਸਾਬਕਾ ਸਰਪੰਚ ਨੂੰ ਬੇਰਹਿਮੀ ਦੇ ਨਾਲ ਦਰੜ ਦੇਣ ਦੇ ਕਾਰਨ ਮੌਕੇ 'ਤੇ ਦਰਦਨਾਕ ਮੌਤ ਹੋ ਗਈ। ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਥਾਣਾ ਵੈਰੋ ਕਾ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਖਾਦ ਨਾਲ ਭਰੀ ਟਰਾਲੀ ਨੂੰ ਕਬਜ਼ੇ 'ਚ ਲੈ ਕੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਸਾਬਕਾ ਸਰਪੰਚ ਦੇ ਪਾਲ ਸਿੰਘ ਪੁੱਤਰ ਪ੍ਰੇਮ ਸਿੰਘ ਦੇ ਪੁੱਤਰ ਹੁਸ਼ਿਆਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸ ਦਾ ਪਿਤਾ ਅੱਜ ਸਵੇਰੇ ਘਰ ਤੋਂ ਪਿੰਡ ਚੱਕ ਬਲੋਚਾ ਮਾਹਲਮ ਤੋਂ ਐਕਟਿਵਾ 'ਤੇ ਸਵਾਰ ਹੋ ਕੇ ਘਰ ਨੂੰ ਆ ਰਿਹਾ ਸੀ ਤਾਂ ਪਿਛੇ ਤੋਂ ਖਾਦ ਨਾਲ ਓਵਰਲੋਡ ਹੋ ਕੇ ਆ ਰਹੀ ਟਰੈਕਟਰ ਟਰਾਲੀ ਚਾਲਕ ਦੇ ਵੱਲੋਂ ਲਾਪ੍ਰਵਾਹੀ ਦੇ ਨਾਲ ਐਕਟਿਵਾ ਨੂੰ ਟੱਕਰ ਮਾਰ ਦੇਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਟਰਾਲੀ ਚਾਲਕ ਮੌਕੇ ਤੋਂ ਭੱਜ ਗਿਆ ਜਿਸ ਤੋਂ ਬਾਅਦ ਪੁਲਸ ਦੇ ਵੱਲੋਂ ਟਰਾਲੀ ਚਾਲਕ ਦਾ ਪਿੱਛਾ ਕਰਕੇ ਟਰੈਕਟਰ ਟਰਾਲੀ ਨੂੰ ਕਬਜੇ 'ਚ ਲੈ ਲਿਆ ਗਿਆ ਹੈ। ਹੀ ਘਰ ਚੱਲਦਾ ਸੀ ਅਤੇ ਮੇਰੀਆਂ 4 ਛੋਟੀਆਂ ਬੇਟੀਆਂ ਹਨ। ਮ੍ਰਿਤਕ ਦੇ ਪੁੱਤਰ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਪਾਸੋ ਮੰਗ ਕੀਤੀ ਹੈ ਕਿ ਓਵਰਲੋਡ ਖਾਦ ਨਾਲ ਭਰੀ ਟਰੈਕਟਰ ਟਰਾਲੀ ਚਾਲਕ ਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣਾ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ: ਐਡਵੋਕੇਟ ਧਾਮੀ

ਅੰਮ੍ਰਿਤਸਰ, 9 ਫਰਵਰੀ : ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਵਿਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਕਰੜਾ ਨੋਟਿਸ ਲੈਂਦਿਆਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਪੜਤਾਲ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਆਖਿਆ ਕਿ ਇਹ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਬੀਤੇ ਦਿਨ ਅਧਿਆਪਕ ਯੋਗਤਾ ਪ੍ਰੀਖਿਆ ਲਈ ਬਠਿੰਡਾ ਦੇ ਪਿੰਡ ਭੋਖੜਾ ਵਿਖੇ ਦਿੱਲੀ ਪਬਲਿਕ ਸਕੂਲ



'ਚ ਬਣੇ ਪ੍ਰੀਖਿਆ ਕੇਂਦਰ ਵਿਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਬਹੁਗਿਣਤੀ ਸਿੱਖ ਵਸੋਂ ਵਾਲਾ ਖਿੱਤਾ ਹੈ, ਜਿਥੇ ਹਰ ਇਕ ਨੂੰ ਇਹ ਪਤਾ ਹੈ ਕਿ ਕੜਾ ਸਿੱਖਾਂ ਦਾ ਅਨਿੱਖੜਵਾਂ ਅੰਗ ਹਨ, ਪਰ ਇਸ ਦੇ ਬਾਵਜੂਦ ਵੀ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਉਣ ਦੀ ਹਰਕਤ ਮੰਦਭਾਗੀ ਹੈ। ਉਨ੍ਹਾਂ ਆਖਿਆ ਕਿ ਗੁਰੂਆਂ ਦੀ ਧਰਤੀ ਪੰਜਾਬ ਵਿਚ ਅਜਿਹੀਆਂ ਹਰਕਤਾਂ ਕਿਸ ਦੇ ਇਸ਼ਾਰੇ 'ਤੇ ਹੋ ਰਹੀਆਂ ਹਨ, ਇਹ ਜਾਂਚ ਦਾ ਵਿਸ਼ਾ ਹੈ। ਕੀ ਪੰਜਾਬ ਸਰਕਾਰ ਇਸ ਨੂੰ ਪ੍ਰਵਾਨਗੀ ਦੇ ਰਹੀ ਹੈ, ਜੇਕਰ ਅਜਿਹਾ ਹੈ ਤਾਂ ਇਸ ਤੋਂ ਦੁਖਦਾਈ ਹੋਰ ਕੀ ਹੋ ਸਕਦਾ ਹੈ। ਸ਼ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸੰਜੀਦਾ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਵਾਸਤੇ ਲਿਖਿਆ ਜਾਵੇਗਾ।

## ਗੁਰਦੁਆਰਾ ਸਾਹਿਬ 'ਚ ਲੱਗੀ ਅੱਗ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੋਏ ਅਗਨ ਭੇਟ

ਗੋਰਾਇਆ, 9 ਫਰਵਰੀ : ਗੋਰਾਇਆ ਨੇੜਲੇ ਪਿੰਡ ਅਨੀਹਰ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਅੱਗ ਲੱਗਣ ਦੀ ਘਟਨਾ ਕਾਰਨ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼-ਦਿਹਾੜੇ ਨੂੰ ਸਮਰਪਿਤ ਪਿੰਡ ਵਿਖੇ ਦੋ ਦਿਨ ਪਹਿਲਾਂ ਨਗਰ ਕੀਰਤਨ ਕੱਢਿਆ ਗਿਆ, ਜਿਸ ਤੋਂ ਬਾਅਦ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਰਾਤ 10 ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਨੂੰ ਬੰਦ ਕਰਕੇ ਗਏ ਸਨ, ਜਿਸ ਤੋਂ ਕੁਝ ਹੀ ਸਮਾਂ ਬਾਅਦ ਗੁਰਦੁਆਰਾ ਸਾਹਿਬ ਦੇ ਸਾਹਮਣੇ ਘਰਦਿਆਂ ਨੇ ਵੇਖਿਆ ਕਿ ਗੁਰਦੁਆਰਾ ਸਾਹਿਬ ਦੇ ਹਾਲ ਵਿੱਚੋਂ ਧੂਆਂ ਨਿਕਲ ਰਿਹਾ ਹੈ, ਜਿਸ ਤੋਂ ਬਾਅਦ ਗੁਰਦੁਆਰੇ ਦੀ ਕਮੇਟੀ ਅਤੇ ਸੰਗਤ ਫੌਰੀ ਤੌਰ 'ਤੇ ਉੱਥੇ ਪਹੁੰਚੇ ਪਰ ਉਦੋਂ ਤੱਕ ਅੱਗ ਕਾਫ਼ੀ ਭਿਆਨਕ ਲੱਗ ਚੁੱਕੀ ਸੀ। ਲੋਕਾਂ ਨੇ ਕਾਫ਼ੀ ਜੱਦੋ-ਜ਼ਹਿਦ ਕਰਨ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਪਰ ਉਦੋਂ ਤੱਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੁਕਸਾਨੇ ਗਏ ਸਨ। ਉਨ੍ਹਾਂ ਦੱਸਿਆ ਕਿ ਇਹ ਸਾਰਾ ਹਾਦਸਾ ਬਿਜਲੀ ਦੇ ਸ਼ਾਰਟ ਸਰਕਿਟ ਕਾਰਨ ਵਾਪਰਿਆ ਹੈ, ਜਿਸ ਦਾ ਪਤਾ ਪੁਲਸ ਨੂੰ ਸਵੇਰੇ 11 ਵਜੇ ਦੇ ਕਰੀਬ ਲੱਗਾ ਜਦੋਂ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਇਤਲਾਹ ਦਿੱਤੀ। ਜਿਸ ਤੋਂ ਬਾਅਦ ਡੀ. ਐੱਸ. ਪੀ. ਫਿਲੌਰ ਭਰਤ ਮਸੀਹ ਸਮੇਤ ਗੋਰਾਇਆ ਪੁਲਸ ਮੌਕੇ 'ਤੇ ਪੁੱਜੀ। ਇਸ ਤੋਂ ਇਲਾਵਾ ਐੱਸ. ਜੀ. ਪੀ. ਸੀ. ਦੀਆਂ ਟੀਮਾਂ, ਸਤਿਕਾਰ ਕਮੇਟੀ ਅਤੇ ਸਿੱਖ ਜਥੇਬੰਦੀਆਂ ਮੌਕੇ 'ਤੇ ਪੁੱਜੀਆਂ। ਇਸ ਮੌਕੇ ਸਤੀਸ਼ ਸਿੰਘ ਖਾਲਸਾ ਜੀ ਫਗਵਾੜਾ ਤੋਂ ਜ਼ਿਲ੍ਹਾ ਜਥੇਦਾਰ ਦਸ਼ਮੇਸ਼ ਤਰਨਾ ਦਲ, ਅਰਬਾਂ ਖਰਬਾਂ ਤਰਨਾ ਦਲ ਦੇ ਜਥੇਦਾਰ ਬਾਬਾ ਰਾਜਾ ਰਾਜ ਸਿੰਘ ਜੀ ਅਤੇ ਉਨ੍ਹਾਂ ਦੇ ਥਾਪੇ ਜਥੇਦਾਰ ਸੁਖਦੀਪ ਸਿੰਘ ਜੀ ਦਿਹਾਤੀ ਮਾਛੀਵਾੜਾ, ਜੱਥੇਦਾਰ ਰਵਿੰਦਰ ਸਿੰਘ ਖਾਲਿਸਤਾਨੀ ਆਲ ਇੰਡੀਆ ਸਿੱਖ ਸਤਿਕਾਰ ਕਮੇਟੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2013 ਵਿੱਚ ਖਰੜਾ ਤਿਆਰ ਕੀਤਾ ਸੀ ਕਿ ਗੁਰਦੁਆਰਾ ਸਾਹਿਬ ਵਿਖੇ ਪੱਕੇ ਤੌਰ 'ਤੇ ਸੇਵਾਦਾਰ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ ਪਰ ਇਸ ਗੁਰਦੁਆਰਾ ਸਾਹਿਬ ਵਿਖੇ ਨਾ ਤਾਂ ਕੋਈ ਪੱਕਾ ਸੇਵਾਦਾਰ ਹੈ ਨਾ ਹੀ ਸੀ. ਸੀ. ਟੀ. ਵੀ ਕੈਮਰੇ ਚਲਦੇ ਹਨ।

# ਪੰਜਾਬ ਦੇ ਸ਼ਾਸਨ ਨੂੰ ਅਪਾਹਜ ਕਰ ਰਿਹੈ 'ਆਪ' ਦਾ 'ਦਿੱਲੀ ਦਰਬਾਰ': ਹਰਸਿਮਰਤ ਕੌਰ ਬਾਦਲ

ਚੰਡੀਗੜ੍ਹ/ਬਠਿੰਡਾ, 9 ਫਰਵਰੀ : ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਦੋ ਸੀਨੀਅਰ ਆਈ.ਏ.ਐਸ. (IAS) ਅਧਿਕਾਰੀਆਂ ਨੂੰ ਮੁਅੱਤਲ ਕੀਤੇ ਜਾਣ ਦੇ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਧਿਕਾਰੀਆਂ ਨੂੰ ਡਰਾ-ਧਮਕਾ ਕੇ ਆਪਣੀ ਮਰਜ਼ੀ ਅਨੁਸਾਰ ਕੰਮ ਕਰਵਾਉਣਾ ਚਾਹੁੰਦੀ ਹੈ। ਹਰਸਿਮਰਤ ਕੌਰ ਬਾਦਲ ਨੇ ਟਵੀਟ ਕਰਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ 20 ਤੋਂ ਵੱਧ ਅਧਿਕਾਰੀਆਂ ਅਤੇ ਹੁਣ ਦੋ ਸੀਨੀਅਰ ਆਈਏਐਸ ਅਫਸਰਾਂ ਦੀ ਮੁਅੱਤਲੀ ਇਹ ਸਾਬਤ ਕਰਦੀ ਹੈ ਕਿ ਸਰਕਾਰ ਇਸ ਪ੍ਰਸ਼ਾਸਕੀ ਕਾਰਵਾਈ ਨਾਲ ਸਿਵਲ ਅਤੇ ਪੁਲਸ ਅਧਿਕਾਰੀਆਂ ਨੂੰ ਆਪਣੇ ਇਸ਼ਾਰਿਆਂ 'ਤੇ ਚਲਾਉਣ ਲਈ ਹਥਿਆਰ ਵਜੋਂ ਵਰਤ ਰਹੀ ਹੈ। ਹਰਸਿਮਰਤ ਬਾਦਲ ਨੇ ਕਿਹਾ ਕਿ ਸਰਕਾਰ ਦੀਆਂ ਅਸਫਲਤਾਵਾਂ ਦਾ ਦੋਸ਼ ਅਧਿਕਾਰੀਆਂ 'ਤੇ ਨਹੀਂ ਲਗਾਇਆ ਜਾ



ਸਕਦਾ। ਉਨ੍ਹਾਂ ਕਿਹਾ ਇਹ ਉਹ ਬਦਲਾਅ ਨਹੀਂ ਹੈ ਜਿਸ ਲਈ ਪੰਜਾਬੀਆਂ ਨੇ ਵੋਟ ਪਾਈ ਸੀ। ਲੋਕ ਅਜਿਹੀ ਸਰਕਾਰ ਚਾਹੁੰਦੇ ਹਨ ਜੋ ਕੰਮ ਕਰੇ, ਨਾ ਕਿ ਜੋ ਬਹਾਨੇ ਬਣਾਉਂਦੀ ਰਹੇ ਅਤੇ ਆਪਣੀ ਨਾਕਾਮੀਆਂ ਦੇ ਲਈ ਆਪਣੇ ਅਧਿਕਾਰੀਆਂ ਨੂੰ ਬਲੀ ਦਾ ਬਕਰਾ ਬਣਾਉਂਦੀ ਰਹੇ। ਹਰਸਿਮਰਤ ਬਾਦਲ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੇ 'ਦਿੱਲੀ ਦਰਬਾਰ' ਨੇ ਨਾ ਸਿਰਫ਼ ਪੰਜਾਬ ਨੂੰ ਦੀਵਾਲੀਆ ਕਰ ਦਿੱਤਾ ਹੈ, ਸਗੋਂ ਹੁਣ ਸ਼ਾਸਨ ਨੂੰ ਵੀ ਅਪਾਹਜ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਤਰਨਤਾਰਨ 'ਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਇੱਕ ਕੁੜੀ ਦੇ ਸ਼ਰੇਆਮ ਕਤਲ 'ਤੇ ਡੂੰਘੇ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਸ ਘਟਨਾ ਨੂੰ ਬਹੁਤ ਹੀ ਮੰਦਭਾਗੀ ਦੱਸਦਿਆਂ ਕਿਹਾ ਕਿ ਮੱਥੇ 'ਚ ਗੋਲੀ ਮਾਰ ਕੇ ਕੀਤੇ ਗਏ ਇਸ ਕਤਲ ਦੀ ਦਰਦਨਾਕ ਖ਼ਬਰ ਨੇ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹਰਸਿਮਰਤ ਕੌਰ ਬਾਦਲ ਨੇ ਮੁੱਖ ਮੰਤਰੀ ਮਾਨ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਕੀ ਭਗਵੰਤ ਮਾਨ ਕੋਲ ਇਸ ਗੱਲ ਦਾ ਜਵਾਬ ਹੈ ਕਿ ਪੰਜਾਬ 'ਚ ਪਿਸਤੌਲਾਂ ਅਤੇ ਰਿਵਾਲਵਰ ਇੰਨੀ ਆਸਾਨੀ ਨਾਲ ਕਿਵੇਂ ਮਿਲ ਰਹੇ ਹਨ? ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਅੱਜ ਪੰਜਾਬ 'ਚ ਵਿਦਿਆਰਥੀ ਆਪਣੇ ਸਕੂਲਾਂ ਅਤੇ ਕਾਲਜਾਂ 'ਚ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸੂਬੇ ਦੇ ਹਾਲਾਤ ਅਜਿਹੇ ਬਣ ਗਏ ਹਨ ਕਿ ਧਾਰਮਿਕ ਥਾਵਾਂ, ਬਾਜ਼ਾਰਾਂ ਅਤੇ ਗਲੀਆਂ 'ਚ ਲਗਾਤਾਰ ਗੋਲੀਆਂ ਚੱਲ ਰਹੀਆਂ ਹਨ।

# ਪੰਜਾਬ 'ਚ 22 ਤੇ 24 ਫਰਵਰੀ ਲਈ ਹੋ ਗਿਆ ਵੱਡਾ ਐਲਾਨ ! ਸੋਚ ਸਮਝ ਕੇ ਨਿਕਲਿਓ ਘਰੋਂ ਬਾਹਰ

ਜਲੰਧਰ, 9 ਫਰਵਰੀ : ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ ਇਕ ਅਜਿਹਾ ਸਮੂਹ ਹੈ, ਜੋ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਅਤੇ ਚਿੰਨ੍ਹਾਂ ਦੀ ਬੇਅਦਬੀ (ਅਪਮਾਨ) ਨੂੰ ਰੋਕਣ ਲਈ ਸਖ਼ਤ ਕਾਨੂੰਨਾਂ ਦੀ ਮੰਗ ਕਰ ਰਿਹਾ ਹੈ। ਇਸ ਮੋਰਚੇ ਨੇ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਸਖ਼ਤ ਦੰਡਕਾਰੀ ਕਾਨੂੰਨ (ਜਿਵੇਂ ਉਮਰ ਕੈਦ) ਪਾਸ ਕਰਨ ਲਈ ਵਿਧਾਨ ਸਭਾ ਦੇ ਸਪੀਕਰ ਸਮੇਤ ਸੂਬੇ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਮੰਗ-ਪੱਤਰ ਸੌਂਪੇ ਹਨ। ਇਸ ਕਾਨੂੰਨ ਨੂੰ ਪਾਸ ਕਰਵਾਉਣ ਲਈ ਪਿਛਲੇ 16 ਮਹੀਨਿਆਂ ਤੋਂ 400 ਫੁੱਟ ਉੱਚੇ ਟਾਵਰ 'ਤੇ ਬੈਠ ਕੇ ਸੰਘਰਸ਼ ਕਰ ਰਹੇ ਭਾਈ ਗੁਰਜੀਤ ਸਿੰਘ ਖਾਲਸਾ ਨੂੰ ਅੱਜ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਪੰਜਾਬ ਅਤੇ ਹਰਿਆਣਾ ਦੀਆਂ 21 ਜੁਝਾਰੂ ਜਥੇਬੰਦੀਆਂ ਨੇ ਸਰਬਸੰਮਤੀ ਨਾਲ 22 ਫਰਵਰੀ ਤੋਂ ਦੋਬਾਰਾ 'ਧਰਮ ਯੁੱਧ ਮੋਰਚਾ' ਲਾਉਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਸਾਲ 1982 ਵਿਚ ਧਰਮ ਯੁੱਧ ਮੋਰਚਾ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਅੰਮ੍ਰਿਤਸਰ ਵਿਚ ਲਾਇਆ ਗਿਆ ਸੀ। ਉੱਥੇ ਹੀ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ-ਬਾਨ-ਸ਼ਾਨ ਨੂੰ ਸਮਰਪਿਤ ਇਸ ਦੂਜੇ ਧਰਮ ਯੁੱਧ ਮੋਰਚੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਤੋਂ ਟਰੈਕਟਰ-ਟਰਾਲੀਆਂ 'ਤੇ ਸਵਾਰ ਹੋ ਕੇ ਪੰਜਾਬੀ 22 ਫਰਵਰੀ ਨੂੰ ਸਮਾਣਾ ਮੋਰਚਾ ਪਾਰਕ ਵਿਚ ਪੱਕਾ ਡੇਰਾ ਲਾਉਣਗੇ, ਜਿੱਥੋਂ 24 ਫਰਵਰੀ ਨੂੰ ਅਣਮਿਥੇ ਸਮੇਂ ਲਈ ਹਾਈਵੇਅ ਜਾਮ ਕਰਨ ਲਈ ਕੂਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਜਥੇਬੰਦੀਆਂ ਚਿੰਤਤ ਹਨ। ਮੋਰਚਾ ਦੇ ਕੋਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ, ਸੀਨੀਅਰ ਆਗੂ ਅਮਿਤੋਜ ਸਿੰਘ ਮਾਨ, ਕਿਸਾਨ ਆਗੂ ਇੰਦਰਜੀਤ ਸਿੰਘ ਘਣੀਆ, ਬਾਬਾ ਭੁਪਿੰਦਰ ਸਿੰਘ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਜਗਦੀਪ ਸਿੰਘ ਥਲੀ, ਮੁੱਖ ਸਲਾਹਕਾਰ ਤਲਵਿੰਦਰ ਸਿੰਘ ਔਲਖ ਸਮੇਤ ਹੋਰ ਜੁਝਾਰੂ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਬੇਅਦਬੀ ਦੇ ਮਾਮਲਿਆਂ ਵਿਚ ਸਖ਼ਤ ਸਜ਼ਾ ਦਾ ਕਾਨੂੰਨ ਬਣਾਉਣ ਦੇ ਆਪਣੇ ਵਾਅਦੇ ਤੋਂ ਮੁੱਕਰ ਚੁੱਕੀ ਹੈ। 15 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਿਲੈਕਟ ਕਮੇਟੀ ਨੂੰ ਦਿੱਤਾ 6 ਮਹੀਨੇ ਦਾ ਸਮਾਂ ਵੀ ਖ਼ਤਮ ਹੋ ਚੁੱਕਾ ਹੈ ਪਰ ਸਰਕਾਰ ਕਾਨੂੰਨ ਲਾਗੂ ਕਰਨ ਨੂੰ ਲੈ ਕੇ ਗੰਭੀਰ ਨਹੀਂ ਹੈ। ਸਰਕਾਰ ਦੇ ਇਸ ਨਿਰਾਸ਼ਾਜਨਕ ਰਵੱਈਏ ਨੂੰ ਵੇਖਦੇ ਹੋਏ ਅਤੇ ਭਾਈ ਗੁਰਜੀਤ ਸਿੰਘ ਦੀ ਦਿਨ-ਬ-ਦਿਨ ਵਿਗੜਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਜਥੇਬੰਦੀਆਂ ਨੇ ਪੱਕਾ ਮੋਰਚਾ ਲਾਉਣ ਦਾ ਫ਼ੈਸਲਾ ਲਿਆ ਹੈ। ਮੀਟਿੰਗ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਸਰਕਾਰ 'ਤੇ ਕਾਨੂੰਨ ਲਾਗੂ ਕਰਨ ਦਾ ਦਬਾਅ ਬਣਾਉਣ ਲਈ ਪਿੰਡ-ਪਿੰਡ ਪ੍ਰਚਾਰ ਕੀਤਾ ਜਾਵੇਗਾ ਅਤੇ ਇਸ ਕਾਰਜ ਲਈ ਗ੍ਰੰਥੀ ਸਿੰਘਾਂ ਦਾ ਸਹਿਯੋਗ ਲਿਆ ਜਾਵੇਗਾ। ਮੀਟਿੰਗ ਵਿਚ ਦਿੱਲੀ ਕਿਸਾਨ ਮੋਰਚੇ ਦੇ ਆਗੂ ਭਾਈ ਗੁਰਦੀਪ ਸਿੰਘ ਸਿੱਧੂ, ਮਨਜੀਤ ਸਿੰਘ ਨਿਆਲ, ਬਲਜਿੰਦਰ ਸਿੰਘ ਚੰਡਿਆਲਾ, ਮਨਜੀਤ ਸਿੰਘ ਮਛੋਡਾ, ਕੁਲਦੀਪ ਸਿੰਘ ਮੋਹੜੀ, ਸੁਰਜੀਤ ਸਿੰਘ ਭੰਨੋਖੇੜੀ, ਗੁਰਸ਼ਾਦ ਸਿੰਘ ਉਗਾਰਾ, ਗੁਰਦੇਵ ਸਿੰਘ ਗੱਜੂ ਮਾਜਰਾ, ਪਸਵਿੰਦਰ ਸਿੰਘ ਰਤਨਹੇੜੀ, ਚਤਰ ਸਿੰਘ, ਗੁਰਦੀਪ ਸਿੰਘ ਭੰਡਾਲ, ਨਰਿੰਦਰ ਸਿੰਘ ਖੁਸਰੋਪੁਰ, ਕੁਲਦੀਪ ਸਿੰਘ ਕੇਸਰਪੁਰ, ਬਾਬਾ ਸੁਖਦੇਵ ਸਿੰਘ (ਨਾਨਕਸਰ ਸੰਪਰਦਾ), ਵਿਦਿਆਰਥੀ ਆਗੂ ਸੁਖਮਨਪਾਲ ਸਿੰਘ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ), ਗੁਰਮੀਤ ਸਿੰਘ ਥਲੀ (ਸਿੱਖ ਸਦਭਾਵਨਾ ਦਲ), ਜਗਵਿੰਦਰ ਸਿੰਘ ਸਵਰਾਜਪੁਰ (ਸ਼ੇਰੇ ਪੰਜਾਬ ਦਲ), ਕੁਲਵੰਤ ਸਿੰਘ ਖਟੜਾ, ਗੁਰਪ੍ਰੀਤ ਸਿੰਘ ਭਰਾਜ, ਸੁਖਬੀਰ ਸਿੰਘ, ਸਿਮਰਨਜੀਤ ਸਿੰਘ, ਕਮਲਜੀਤ ਸਿੰਘ, ਬਾਬਾ ਗੁਰਦੀਪ ਸਿੰਘ ਭੁੱਲਰ, ਭਾਈ ਸਾਹਿਬ ਸਿੰਘ, ਭਾਈ ਰਣਜੀਤ ਸਿੰਘ, ਰੰਮੀ ਸਹਿਗਲ, ਚੇਅਰਮੈਨ ਹਰਿੰਦਰ ਸਿੰਘ, ਕੁਲਵਿੰਦਰ ਸਿੰਘ ਸਿੱਧੂ, ਸ਼ਿੰਦਰ ਸਿੰਘ, ਬਾਬਾ ਜੱਸਾ ਸਿੰਘ, ਭਾਈ ਜਸਵਿੰਦਰ ਸਿੰਘ, ਬੀਬੀ ਰੁਪਿੰਦਰ ਕੌਰ, ਬਲਜੀਤ ਕੌਰ ਭਿੰਡਰ, ਹਰਜਿੰਦਰ ਕੌਰ, ਮਨਵਿੰਦਰ ਸਿੰਘ, ਲਾਭ ਸਿੰਘ, ਸੁਖਜਿੰਦਰ ਸਿੰਘ ਆਦਿ ਮੌਜੂਦ ਸਨ।

# ਪੰਜਾਬ 'ਚ ਝੋਨੇ ਦੀ ਖ਼ਰੀਦ 'ਚ ਕਰੋੜਾਂ ਦਾ ਘਪਲਾ ! ਕੇਂਦਰ ਨੇ ਸੂਬਾ ਸਰਕਾਰ ਤੋਂ 13 ਤਾਰੀਖ਼ ਤੱਕ ਮੰਗੀ ਰਿਪੋਰਟ

ਜਲੰਧਰ, 9 ਫਰਵਰੀ : ਪੰਜਾਬ 'ਚ ਝੋਨੇ ਦੀ ਖ਼ਰੀਦ ਦੇ ਮਾਮਲੇ 'ਚ ਬਹੁ-ਕਰੋੜੀ ਘਪਲਾ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇਸ ਮਾਮਲੇ 'ਚ ਪੰਜਾਬ ਦੀ ਮੌਜੂਦਾ ਆਮ ਆਦਮੀ ਸਰਕਾਰ ਘਿਰਦੀ ਨਜ਼ਰ ਆ ਰਹੀ ਹੈ। ਦਰਅਸਲ ਪੰਜਾਬ 'ਚ ਝੋਨੇ ਦੀ ਖ਼ਰੀਦ ਨੂੰ ਲੈ ਕੇ ਵੱਡੇ ਘਪਲੇ ਦੇ ਦੋਸ਼ ਸਾਹਮਣੇ ਆਏ ਹਨ, ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਸੂਬਾ ਸਰਕਾਰ ਨੂੰ ਪੂਰੇ ਮਾਮਲੇ ਦੀ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਹੈ। ਦੱਸ਼ ਹੈ ਕਿ 2025-26 ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ 'ਚ ਫਰਜ਼ੀ ਖ਼ਰੀਦ ਦੇ ਜ਼ਰੀਏ ਕਰੀਬ 6,000 ਕਰੋੜ ਰੁਪਏ ਤੋਂ 10,000 ਕਰੋੜ ਰੁਪਏ ਤੱਕ ਦੀ ਵੱਡੀ 'ਖੇਡ' ਹੋਈ। ਇਹ ਘਪਲਾ ਉਸ ਸਮੇਂ ਸਾਹਮਣੇ ਆਇਆ ਹੈ, ਜਦੋਂ ਇਸ ਦੀ ਇਕ ਸ਼ਿਕਾਇਤ ਕੇਂਦਰ ਦੇ ਕੋਲ ਪਹੁੰਚੀ ਹੈ। ਮਾਮਲੇ ਦੀ ਸ਼ਿਕਾਇਤ ਸੰਗਰੂਰ ਦੇ ਇਕ ਕਮੀਸ਼ਨ ਏਜੰਟ-ਕਮ-ਰਾਈਸ ਮਿੱਲ ਮਾਲਕ ਵੱਲੋਂ ਕੀਤੀ ਗਈ ਦੱਸੀ ਜਾ ਰਹੀ ਹੈ। ਦੋਸ਼ਾਂ ਮੁਤਾਬਕ ਮੰਡੀਆਂ 'ਚ ਕਮੀਸ਼ਨ ਏਜੰਟਾਂ ਨੇ ਕਿਸਾਨਾਂ ਦੇ ਨਾਂ 'ਤੇ ਫਰਜ਼ੀ 'ਜੇ' ਫਾਰਮ ਜਾਰੀ ਕੀਤੇ। ਇਨ੍ਹਾਂ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਭੁਗਤਾਨ ਕਿਸਾਨਾਂ ਦੇ ਖ਼ਾਤਿਆਂ 'ਚ ਦਿਖਾਇਆ ਗਿਆ ਪਰ ਅਸਲ 'ਚ ਪੈਸਾ ਕਿਸਾਨਾਂ, ਏਜੰਟਾਂ, ਰਾਈਸ ਮਿੱਲਰਾਂ ਅਤੇ ਖ਼ਰੀਦ ਏਜੰਸੀਆਂ ਨਾਲ ਜੁੜੇ ਕੁੱਝ ਕਰਮਚਾਰੀਆਂ ਦੇ ਵਿਚਾਲੇ ਵੰਡ ਲਿਆ ਗਿਆ। ਸ਼ਿਕਾਇਤ 'ਚ ਇਹ ਵੀ ਕਿਹਾ ਗਿਆ ਹੈ ਕਿ ਬਾਅਦ 'ਚ ਸਸਤਾ ਝੋਨਾ ਦੂਜੇ ਸੂਬਿਆਂ ਤੋਂ ਲਿਆਂਦਾ ਗਿਆ, ਜੋ ਘੱਟੋ-ਘੱਟ ਸਮਰਥਨ ਮੁੱਲ ਤੋਂ ਲਗਭਗ 600 ਰੁਪਏ ਪ੍ਰਤੀ ਕੁਇੰਟਲ ਘੱਟ ਦਰ 'ਤੇ ਖ਼ਰੀਦਿਆ ਗਿਆ ਸੀ। ਇਸ ਨੂੰ ਪੰਜਾਬ 'ਚ ਐੱਮ. ਐੱਸ. ਪੀ. 'ਤੇ ਖ਼ਰੀਦਿਆ



ਗਿਆ ਵਿਖਾ ਕੇ ਪੂਰਾ ਭੁਗਤਾਨ ਉਠਾ ਲਿਆ ਗਿਆ। ਇਹ ਵੀ ਪਤਾ ਲੱਗਾ ਹੈ ਕਿ ਕਥਿਤ ਤੌਰ 'ਤੇ ਪ੍ਰਕਿਰਿਆ ਅਜਿਹੀ ਚੱਲੀ ਕਿ ਏਜੰਟ ਨੇ ਗੇਟ ਪਾਸ ਜਾਰੀ ਕਰ ਕੇ ਝੋਨੇ ਨੂੰ ਰਾਈਸ ਮਿੱਲ 'ਚ ਟਰਾਂਸਫਰ ਵਿਖਾਇਆ। ਮਿੱਲਰ ਨੇ ਬਿਨਾਂ ਝੋਨਾ ਪ੍ਰਾਪਤ ਕੀਤੇ ਹੀ ਕਾਗਜ਼ਾਂ 'ਚ ਉਸ ਦੀ ਰਸੀਦ ਦਰਜ ਕਰ ਦਿੱਤੀ ਅਤੇ ਬਦਲੇ 'ਚ ਪੈਸੇ ਲੈ ਲਏ। ਸ਼ਿਕਾਇਤ ਅਨੁਸਾਰ ਏਜੰਟ ਨੂੰ 45 ਰੁਪਏ ਪ੍ਰਤੀ ਕੁਇੰਟਲ ਕਮੀਸ਼ਨ ਅਤੇ 55 ਰੁਪਏ ਪ੍ਰਤੀ ਕੁਇੰਟਲ ਮੰਡੀ ਖ਼ਰਚ ਮਿਲਿਆ। ਖ਼ਰੀਦ ਏਜੰਸੀ ਦੇ ਸਟਾਫ਼ ਅਤੇ ਮੰਡੀ ਬੋਰਡ ਕਰਮਚਾਰੀਆਂ ਨੂੰ ਵੀ ਪ੍ਰਤੀ ਕੁਇੰਟਲ ਵੱਖ-ਵੱਖ ਰਕਮ ਮਿਲਣ ਦਾ ਦੋਸ਼ ਹੈ। ਇੰਨਾ ਹੀ ਨਹੀਂ, ਕੁੱਝ ਮਿੱਲਰਾਂ ਅਤੇ ਏਜੰਟਾਂ 'ਤੇ ਯੂ. ਪੀ. ਅਤੇ ਬਿਹਾਰ ਤੋਂ ਝੋਨਾ ਲਿਆ ਕੇ ਸਟਾਕ ਦੀ ਕਮੀ ਪੂਰੀ ਕਰਨ ਅਤੇ ਟੈਕਸ ਤੇ ਲੇਵੀ ਤੋਂ ਬਚਣ ਦੇ ਵੀ ਦੋਸ਼ ਲੱਗੇ ਹਨ। ਪੰਜਾਬ 'ਚ ਵੈਸੇ ਝੋਨੇ 'ਤੇ ਐੱਮ. ਐੱਸ. ਪੀ. 2369 ਰੁਪਏ ਪ੍ਰਤੀ ਕੁਇੰਟਲ ਹੈ, ਜਦੋਂ ਕਿ ਇਸ ਮਾਮਲੇ 'ਚ ਜੋ ਹੁਣ ਤੱਕ ਦੀ ਜਾਣਕਾਰੀ ਸਾਹਮਣੇ ਆਈ ਹੈ ਉਸ 'ਚ ਦੂਜੇ ਸੂਬੇ ਤੋਂ ਲਗਭਗ 1700 ਰੁਪਏ ਪ੍ਰਤੀ ਕੁਇੰਟਲ ਦੀ ਦਰ 'ਤੇ ਖ਼ਰੀਦਿਆ ਗਿਆ। ਖ਼ਰੀਦ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਏਜੰਸੀਆਂ ਅਤੇ ਐੱਫ. ਸੀ. ਆਈ. ਦੇ ਫੀਲਡ ਸਟਾਫ਼ ਨੇ ਮੌਕੇ ਦੀ ਜਾਂਚ ਦੇ ਨਾਂ 'ਤੇ ਕਾਗਜ਼ੀ ਸਟਾਕ ਵਿਖਾਇਆ, ਜਦੋਂ ਕਿ ਅਸਲ 'ਚ ਗੋਦਾਮਾਂ 'ਚ ਝੋਨਾ ਮੌਜੂਦ ਨਹੀਂ ਸੀ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਇਸ ਦੇ ਲਈ ਹਰ ਰਾਈਸ ਮਿੱਲ ਤੋਂ 10,000 ਤੋਂ 30,000 ਰੁਪਏ ਤੱਕ ਵਸੂਲੇ ਗਏ। ਇਕ ਉਦਾਹਰਣ ਦਿੰਦੇ ਹੋਏ ਦੱਸਿਆ ਗਿਆ ਕਿ 290 ਕੁਇੰਟਲ ਦੀ ਇਕ ਫਰਜ਼ੀ ਖ਼ੇਪ ਨਾਲ ਹੀ ਰਾਈਸ ਮਿੱਲਰ ਨੂੰ ਲਗਭਗ 4 ਲੱਖ ਰੁਪਏ ਦਾ ਫ਼ਾਇਦਾ ਹੋ ਜਾਂਦਾ ਹੈ। ਪੂਰੇ ਸੀਜ਼ਨ 'ਚ ਲੱਖਾਂ ਟਨ ਝੋਨੇ ਦੀ ਖ਼ਰੀਦ ਨੂੰ ਵੇਖਦੇ ਹੋਏ ਘਪਲੇ ਦੀ ਰਕਮ ਬਹੁਤ ਵੱਡੀ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਇਸ ਸਬੰਧ 'ਚ ਇਕ ਸ਼ਿਕਾਇਤ ਪ੍ਰਧਾਨ ਮੰਤਰੀ ਦੇ ਨਾਲ-ਨਾਲ ਕੇਂਦਰੀ ਵਿੱਤ ਮੰਤਰੀ, ਖੇਤੀਬਾੜੀ ਮੰਤਰੀ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਭੇਜੀ ਗਈ ਸੀ। ਇਸ ਤੋਂ ਬਾਅਦ ਕੇਂਦਰ ਦੇ ਮਾਲ ਵਿਭਾਗ, ਵਿੱਤ ਮੰਤਰਾਲਾ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਹੁਕਮ ਭੇਜੇ ਗਏ ਹਨ। ਸੂਬੇ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਸਾਰੇ ਜ਼ਿਲ੍ਹਿਆਂ ਦੇ ਡੀ. ਐੱਫ. ਐੱਸ. ਸੀ. ਨੂੰ ਅਲਾਟਮੈਂਟ ਕਮੇਟੀਆਂ ਦੀ ਬੈਠਕ ਬੁਲਾ ਕੇ ਜਾਂਚ ਕਰਨ ਅਤੇ 13 ਫਰਵਰੀ ਤੱਕ ਰਿਪੋਰਟ ਭੇਜਣ ਲਈ ਕਿਹਾ ਹੈ। ਉੱਥੇ ਹੀ ਵਿਭਾਗ ਦੇ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਸ਼ਿਕਾਇਤ ਹੁਣ ਤੱਕ ਪ੍ਰਮਾਣਿਤ ਨਹੀਂ ਹੈ ਅਤੇ ਵਿਭਾਗ ਦੀ ਸਖ਼ਤ ਵਿਵਸਥਾ ਕਾਰਨ ਵੱਡੇ ਪੱਧਰ 'ਤੇ ਫਰਜ਼ੀ ਖ਼ਰੀਦ ਦੀ ਸੰਭਾਵਨਾ ਘੱਟ ਹੈ। ਫਿਰ ਵੀ ਸਾਰੀ ਖ਼ਰੀਦ ਦੀ ਜਾਂਚ ਕਰ ਕੇ ਵਿਸਥਾਰਤ ਰਿਪੋਰਟ ਕੇਂਦਰ ਨੂੰ ਭੇਜੀ ਜਾਵੇਗੀ। ਦੇਸ਼ ਦੇ ਕਈ ਹਿੱਸਿਆਂ 'ਚ ਇਸ ਵਾਰ ਭਾਰੀ ਮੀਂਹ ਪਿਆ, ਜਿਸ ਦਾ ਅਸਰ ਪੰਜਾਬ 'ਤੇ ਵੀ ਪਿਆ। ਪੰਜਾਬ ਦੇ ਬਹੁਤ ਸਾਰੇ ਇਲਾਕੇ ਪਾਣੀ 'ਚ ਡੁੱਬ ਗਏ, ਜਿਸ ਕਾਰਨ ਪੰਜਾਬ 'ਚ ਖੇਤਾਂ 'ਚ ਲੱਗੇ ਝੋਨੇ ਦੀ ਫ਼ਸਲ ਤਬਾਹ ਹੋਈ। ਕਈ ਥਾਵਾਂ 'ਤੇ ਪਾਣੀ ਜਮ?ਹਾਂ ਰਿਹਾ, ਜਦੋਂ ਕਿ ਕਈ ਇਲਾਕਿਆਂ 'ਚ ਰੇਤ ਭਰ ਗਈ। ਇਸ ਕਾਰਨ ਪੰਜਾਬ 'ਚ ਝੋਨੇ ਦੀ ਫ਼ਸਲ ਘੱਟ ਹੋਈ ਪਰ ਸਰਕਾਰੀ ਕਿਤਾਬਾਂ 'ਚ ਝੋਨੇ ਦੀ ਫ਼ਸਲ ਦੀ ਆਮਦ ਜਿਸ ਤਰ੍ਹਾਂ ਨਾਲ ਵਿਖਾਈ ਗਈ, ਉਸ ਨਾਲ ਕਈ ਸਵਾਲ ਖੜ੍ਹੇ ਹੋ ਰਹੇ ਹਨ। ਸ਼ਿਕਾਇਤ 'ਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਪਿਛਲੇ ਸਾਲ ਹੜ੍ਹ ਅਤੇ ਵੱਧ ਨਮੀ ਕਾਰਨ ਪੈਦਾਵਾਰ 'ਤੇ ਅਸਰ ਪਿਆ ਸੀ, ਜਿਸ ਦਾ ਫ਼ਾਇਦਾ ਉਠਾ ਕੇ ਇਸ ਤਰ੍ਹਾਂ ਦੇ ਘਪਲਿਆਂ ਨੂੰ ਅੰਜਾਮ ਦਿੱਤਾ ਗਿਆ। ਹੁਣ ਵੇਖਣਾ ਹੋਵੇਗਾ ਕਿ ਜਾਂਚ 'ਚ ਕਿੰਨੀ ਸੱਚਾਈ ਸਾਹਮਣੇ ਆਉਂਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪਰਿਵਾਰ 120 ਸਾਲਾਂ ਤੋਂ ਜਨਤਕ ਸੇਵਾ ਵਿੱਚ, 5 ਪੀੜ੍ਹੀਆਂ ਡਾਕਟਰ, ਸ਼ਾਹੀ ਪਰਿਵਾਰਾਂ ਵਿੱਚ ਵੈਦਿਆ ਵਜੋਂ ਵੀ ਸੇਵਾ ਨਿਭਾਈ... ਕਿਸੇ ਨੇ ਜੈਪੁਰ ਤੋਂ ਸ਼ੇਖਾਵਤੀ ਤੱਕ ਮੁਫ਼ਤ ਮੈਡੀਕਲ ਕੈਂਪਾਂ ਦੀ ਪਰੰਪਰਾ ਸ਼ੁਰੂ ਕੀਤੀ।

**ਅਮਿਤੇਸ਼ ਪਾਂਡੇ, ਜੈਪੁਰ**

ਚਾਹੇ ਉਹ ਕੋਵਿਡ ਦਾ ਭਿਆਨਕ ਦੌਰ ਹੋਵੇ... ਮੌਤ ਨਾਲ ਜੂਝ ਰਹੇ ਮਰੀਜ਼ ਨੂੰ ਬਚਾਉਣ ਦਾ ਸੰਘਰਸ਼ ਹੋਵੇ ਜਾਂ ਮਾਂ ਅਤੇ ਬੱਚੇ ਦੀ ਦੋਹਰੀ ਜ਼ਿੰਦਗੀ ਨੂੰ ਜੀਵਨ ਦੇਣ ਦਾ ਇਰਾਦਾ। ਹਰ ਸਥਿਤੀ ਵਿੱਚ, ਇੱਕ ਹੀ ਆਵਾਜ਼ ਹੁੰਦੀ ਹੈ ਜੋ ਵਿਸ਼ਵਾਸ ਦੀ 'ਰੋਸ਼ਨੀ' ਨਾਲ ਜੀਵਨ ਨੂੰ ਰੋਸ਼ਨ ਕਰਦੀ ਹੈ... ਸਭ ਠੀਕ ਹੈ! ਇਹ ਆਵਾਜ਼ ਚਿੱਟੇ ਐਪਰਨ ਵਿੱਚ ਧਰਤੀ ਦੇ ਦੇਵਤੇ ਦੀ ਹੈ, ਯਾਨੀ ਕਿ.... ਇੱਕ ਡਾਕਟਰ ਦੀ। ਡਾਕਟਰ ਦਿਵਸ 'ਤੇ, ਜੈਪੁਰ ਦੇ ਇੱਕ ਪਰਿਵਾਰ ਦੀ ਕਹਾਣੀ ਜਾਣੋ... ਜਿਸਦੀਆਂ ਪੰਜ ਪੀੜ੍ਹੀਆਂ ਇਸ ਸੇਵਾ ਵਿੱਚ ਲੱਗੀਆਂ ਹੋਈਆਂ ਹਨ। ਇਹ ਪਰਿਵਾਰ 120 ਸਾਲਾਂ ਤੋਂ ਆਮ ਲੋਕਾਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ। ਇਹ ਬਾਲ ਮਾਹਰ ਡਾਕਟਰ ਵਿਵੇਕ ਸ਼ਰਮਾ ਦਾ ਪਰਿਵਾਰ ਹੈ...।

### ਪਹਿਲੀ ਪੀੜ੍ਹੀ: ਅੰਗਰੇਜ਼ ਵੀ ਮੰਨਦੇ ਸੀ ਪੁਰੋਹਿਤ ਦੇ ਇਲਾਜ ਦਾ ਦੌਰਾ



ਆਯੁਰਵੈਦਿਕ ਪੁਜਾਰੀ ਡਾ. ਪ੍ਰਭੂਦਿਆਲ ਵਿਆਸ ਨੇ ਆਜ਼ਾਦੀ ਤੋਂ ਪਹਿਲਾਂ 38 ਸਾਲ ਜੈਪੁਰ ਦੇ ਵਿਆਸ ਡਿਸਪੈਂਸਰੀ ਵਿੱਚ ਸੇਵਾ ਨਿਭਾਈ। ਉਨ੍ਹਾਂ ਨੇ 1902 ਤੋਂ 1940 ਤੱਕ ਜਨਤਾ ਦੀ ਸੇਵਾ ਕੀਤੀ। ਉਹ ਜੈਪੁਰ ਸ਼ਾਹੀ ਪਰਿਵਾਰ ਦੇ ਸ਼ਾਹੀ ਡਾਕਟਰ ਸਨ।

### ਪੀੜ੍ਹੀ 2: ਡਾ. ਬ੍ਰਿਜਮੋਹਨ ਨੂੰ ਜਨਤਕ ਸੇਵਾ ਲਈ ਵੀ ਸਨਮਾਨਿਤ ਕੀਤਾ



1924 ਵਿੱਚ ਡਾ. ਬ੍ਰਿਜ ਮੋਹਨ ਸ਼ਰਮਾ ਉਸਨੇ ਆਪਣੀ ਐਮਬੀਬੀਐਸ ਦੀ ਡਿਗਰੀ ਕਿੰਗ ਜਾਰਜ ਮੈਡੀਕਲ ਕਾਲਜ,ਲਖਨਊ ਤੋਂ ਪ੍ਰਾਪਤ ਕੀਤੀ। ਉਸਨੇ ਮੁਫ਼ਤ ਮੈਡੀਕਲ ਕੈਂਪ ਸ਼ੁਰੂ ਕੀਤੇ। ਉਸਨੇ 1956 ਤੱਕ ਆਪਣਾ ਪੇਸ਼ਾ ਜਾਰੀ ਰੱਖਿਆ। ਉਨ੍ਹਾਂ ਨੂੰ ਉਸ ਸਮੇਂ ਦੇ ਜੈਪੁਰ ਰਾਜ ਦੁਆਰਾ ਵੀ ਸਨਮਾਨਿਤ ਕੀਤਾ ਗਿਆ ਸੀ।

### ਪੀੜ੍ਹੀ 3:ਅਨੱਸਥੀਸੀਆ ਵਿਚ ਐਮਐਸ ਫਿਰ ਉਮਰ ਜੈਪੁਰ ਵਿੱਚ ਸੇਵਾ ਕੀਤੀ



1947 ਵਿੱਚ ਡਾ. ਹੇਮੰਤ ਕੁਮਾਰ ਸ਼ਰਮਾ ਮੈਂ ਐਸਐਮਐਸ ਮੈਡੀਕਲ ਕਾਲਜ ਤੋਂ ਐਮਬੀਬੀਐਸ ਕੀਤੀ, ਫਿਰ ਐਮਐਸ (ਅਨੱਸਥੀਸੀਆ) ਕਿਤਾ। ਮੈਂ ਐਸਐਮਐਸ ਕਾਲਜ ਤੋਂ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਇਆ।

### ਪੀੜ੍ਹੀ 4: ਪੀਡੀਆਟ੍ਰਿਕਸ ਸੇਵਾਵਾਂ ਲਈ ਮਸ਼ਹੂਰ ਹਨ ਡਾ. ਵਿਵੇਕ



ਡਾ. ਵਿਵੇਕ ਸ਼ਰਮਾ ਬਾਲ ਰੋਗਾਂ ਵਿੱਚ ਆਪਣੀ ਮੁਹਾਰਤ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ 1982 ਵਿੱਚ ਐਸਐਮਐਸ ਮੈਡੀਕਲ ਕਾਲਜ ਤੋਂ ਐਮਬੀਬੀਐਸ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਕਈ ਲੇਖ ਪ੍ਰਕਾਸ਼ਿਤ ਕੀਤੇ ਹਨ।



### ਪੀੜ੍ਹੀ 5: ਡਾ. ਪ੍ਰਸੂਨ ਵੀ ਤਿਆਰ ਹਨ, ਉਨ੍ਹਾਂ ਨੇ ਐਮਬੀਬੀਐਸ ਪੂਰੀ ਕਰ ਚੁਕੇ ਹਨ

ਡਾਕਟਰ ਵਿਵੇਕ ਸ਼ਰਮਾ ਦੇ ਪਰਿਵਾਰ ਦੀ ਪੰਜਵੀਂ ਪੀੜ੍ਹੀ, ਡਾਕਟਰ ਪ੍ਰਸੂਨ ਸ਼ਰਮਾ, ਹੁਣ ਇਸ ਪੇਸ਼ੇ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਉਨ੍ਹਾਂ ਦੇ ਪੁੱਤਰ ਨੇ 2017 ਵਿੱਚ ਜੇਐਨਯੂ ਮੈਡੀਕਲ ਕਾਲਜ ਤੋਂ ਐਮਬੀਬੀਐਸ ਕੀਤੀ ਸੀ। ਇਸ ਸਮੇਂ ਐਮਡੀ ਦੀ ਤਿਆਰੀ ਕਰ ਰਹੇ ਹਨ।

## ਟਾਂਡਾ ਪਹੁੰਚੇ ਮਜੀਠੀਆ ਦਾ 'ਆਪ' 'ਤੇ ਹਮਲਾ, ਕਿਹਾ-ਸਰਕਾਰ ਲੋਕਾਂ ਦੀ ਆਵਾਜ਼ ਦਬਾਉਣ ਦੀ ਕਰ ਰਹੀ ਕੋਸ਼ਿਸ਼

ਟਾਂਡਾ ਉੜਮੁੜ, 9 ਫਰਵਰੀ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਪੰਜਾਬ ਨੂੰ ਮਾਣਯੋਗ ਅਦਾਲਤ ਵੱਲੋਂ ਬਿਨਾਂ ਸ਼ਰਤ ਦਿੱਤੀ ਗਈ ਪੱਕੀ ਜ਼ਮਾਨਤ ਉਪਰੰਤ ਹੋਈ ਰਿਹਾਈ ਸੂਬਾ ਸਰਕਾਰ ਦੇ ਜਬਰ-ਜ਼ੁਲਮ ਖ਼?ਲਾਫ਼ ਪੰਜਾਬੀਆਂ ਦੀ ਇਕ ਵੱਡੀ ਜਿੱਤ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਟਾਂਡਾ ਦੇ ਆਗੂਆਂ ਨੇ ਬਿਕਰਮ ਮਜੀਠੀਆ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕਰਦੇ ਹੋਏ ਕੀਤਾ। ਇਸ ਮੌਕੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੇ ਕਿਹਾ ਕਿ ਸਰਕਾਰ ਨੇ ਨਾ ਸਿਰਫ਼ ਆਮ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਹੈ ਸਗੋਂ ਲੋਕਤੰਤਰ ਦੇ ਚੌਥੇ ਥੰਮ?ਹ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਰਾਸ਼ਟਰ ਨਿਰਮਾਣ 'ਚ ਆਪਣਾ ਵੱਡਾ ਯੋਗਦਾਨ ਪਾਉਣ ਵਾਲੇ ਵਿਸ਼ਵ ਵਿਆਪੀ ਮੀਡੀਆ ਅਦਾਰੇ ਪੰਜਾਬ ਕੇਸਰੀ ਗਰੁੱਪ 'ਤੇ ਵੀ ਵੱਡਾ ਹਮਲਾ ਕੀਤਾ ਹੈ, ਜੋਕਿ ਨਾ ਬਖ਼ਸ਼ਣਯੋਗ ਹੈ। ਸਾਬਕਾ ਮੰਤਰੀ ਪੰਜਾਬ ਚੌਧਰੀ ਬਲਵੀਰ ਸਿੰਘ ਮਿਆਣੀ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ 'ਚ ਹਲਕਾ ਟਾਂਡਾ ਤੋਂ ਪਾਰਟੀ ਦੇ ਆਗੂ ਸਤਪਾਲ ਸਿੰਘ ਮੁਲਤਾਨੀ, ਹਲਕਾ ਇੰਚਾਰਜ ਸ਼ਾਮ ਚੁਰਾਸੀ ਸੰਦੀਪ ਸਿੰਘ ਸੀਕਰੀ, ਦਲਿਤ ਯੂਥ ਆਗੂ ਸਰਬਜੀਤ ਸਿੰਘ ਮੌਮੀ, ਸੰਮਤੀ ਮੈਂਬਰ ਅਮਨਦੀਪ ਸਿੰਘ ਹੁਸੈਨਪੁਰ, ਕੁਲਵਿੰਦਰ ਸਿੰਘ ਕਿੰਦਾ ਅਤੇ ਹੋਰਨਾ ਆਗੂਆਂ ਨੇ ਮੁਲਾਕਾਤ ਕਰਦੇ ਹੋਏ, ਜਿੱਥੇ ਬਿਕਰਮ ਸਿੰਘ ਮਜੀਠੀਆ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਉੱਥੇ ਹੀ ਸੂਬਾ ਸਰਕਾਰ ਖ਼?ਲਾਫ਼ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਸਰਕਾਰ ਨੇ ਹੁਣ ਤੱਕ ਉਨ੍ਹਾਂ ਬਿਨਾਂ ਕਿਸੇ ਦੋਸ਼ ਤੋਂ ਜੇਲ੍ਹ ਵਿੱਚ ਬੰਦ ਕਰਕੇ ਆਪਣੀ ਕੋਝੀ ਸਿਆਸਤ ਅਤੇ ਸਰਕਾਰੀ ਜਬਰੀ ਜ਼ੁਲਮ ਦਾ ਸਬੂਤ ਦਿੱਤਾ ਹੈ। ਇਸ ਮੌਕੇ ਉਕਤ ਆਗੂਆਂ ਨੇ ਹੋਰ ਕਿਹਾ ਕਿ ਮਾਣਯੋਗ ਅਦਾਲਤ ਨੇ ਜੋ ਬਿਨਾਂ ਸ਼ਰਤ ਬਿਕਰਮ ਮਜੀਠੀਆ ਨੂੰ ਜ਼ਮਾਨਤ ਦਿੱਤੀ ਹੈ ਉਹ ਸਰਕਾਰ ਦੀ ਵਧੀਕੀਆਂ ਖ਼?ਲਾਫ਼ ਇਕ ਵੱਡੀ ਜਿੱਤ ਹੈ, ਜਿਸਕਾਰਨ ਅੱਜ ਸ਼੍ਰੋਮਣੀ ਅਕਾਲੀ ਦਲ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਨੂੰ ਜਵਾਬ ਦੇਣ ਲਈ ਪੂਰੀ ਤਿਆਰੀ ਕਰ ਬੈਠੇ ਹਨ।



ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਤੇ ਸਾਬਕਾ ਮੰਤਰੀ ਚੌਧਰੀ ਮਿਆਣੀ ਨੇ ਹੋਰ ਕਿਹਾ ਕਿ ਸਰਕਾਰ ਦੀ ਅਣਗਹਿਲੀ ਦੇ ਕਾਰਨ ਪੰਜਾਬ ਵਿੱਚ ਖ਼ੂਨੀ ਖੇਡ ਲਗਾਤਾਰ ਜਾਰੀ ਹੈ, ਜਿਸ ਕਾਰਨ ਪੰਜਾਬ ਵਿੱਚ ਨਿਤ ਦਿਹਾੜੇ ਹੀ ਕਤਲੋਗਾਰਤ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਕਾਰਨ ਅੱਜ ਪੰਜਾਬ ਵਿੱਚ ਔਰਤਾਂ, ਮਰਦ, ਬਜ਼ੁਰਗ ਸੁਰੱਖਿਅਤ ਨਹੀਂ ਹਨ ।

## ਸ਼ਰਮਸਾਰ ਪੰਜਾਬ ! 2 ਗ੍ਰੰਥੀ ਸਿੰਘਾਂ ਦੀਆਂ ਧੀਆਂ ਨਾਲ ਕੀਤਾ 'ਗੰਦਾ ਕੰਮ', ਵੀਡੀਓ ਬਣਾ ਕੇ...

ਫ਼ਤਹਿਗੜ੍ਹ ਸਾਹਿਬ, 9 ਫਰਵਰੀ : ਨਾਬਾਲਿਗ ਸਮੇਤ ਦੋ ਭੈਣਾਂ ਨਾਲ ਜ਼ਬਰੀ ਸਰੀਰਕ ਸੰਬੰਧ ਬਣਾਉਣ ਅਤੇ ਉਹਨਾਂ ਦੀ ਅਸ਼ਲੀਲ ਵੀਡੀਓ ਬਣਾ ਕੇ ਵਾਇਰਲ ਕਰਨ ਦੀ ਧਮਕੀ ਦੇਣ ਦੇ ਦੋਸ਼ ਹੇਠ ਮੂਲੇਪੁਰ ਪੁਲਸ ਵੱਲੋਂ ਇਕ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਥਾਣਾ ਮੂਲੇਪੁਰ ਦੇ ਮੁਖੀ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਇਕ ਲੜਕੀ ਨੇ ਦੱਸਿਆ ਕਿ ਉਸ ਦੇ ਪਿਤਾ ਅਤੇ ਤਾਇਆ ਜੀ ਕਿਸੇ ਦੂਸਰੇ ਸੂਬੇ ਵਿਚ ਗ੍ਰੰਥੀ ਸਿੰਘ ਵਜੋਂ ਉਹ ਅਤੇ ਉਸ ਦੇ ਤਾਏ ਦੀ ਲੜਕੀ ਜਿਸ ਦੀ ਉਮਰ 15 ਕੁ ਸਾਲ ਹੈ ਆਪਣੇ ਦਾਦਾ-ਦਾਦੀ ਕੋਲ ਇੱਥੇ ਪਿੰਡ 'ਚ ਹੀ ਰਹਿੰਦਿਆਂ ਹਨ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਬੀਤੇ ਦਸੰਬਰ ਮਹੀਨੇ ਜਦੋਂ ਇਕ ਦਿਨ ਉਹ ਘਰ ਵਿਚ ਇਕੱਲੀ ਸੀ ਤਾਂ ਗਗਨਦੀਪ ਸਿੰਘ ਨੇ ਉਸ ਨਾਲ ਜ਼ਬਰੀ ਸਰੀਰਕ ਸਬੰਧ ਬਣਾਏ ਅਤੇ ਹੁਣ ਤੋਂ ਕਰੀਬ ਇਕ ਮਹੀਨਾ ਪਹਿਲਾਂ ਉਸ ਦੀ ਤਾਏ ਦੀ ਲੜਕੀ ਜੋ ਕਿ ਨਾਬਾਲਿਗ ਹੈ, ਉਸ ਦੇ ਨਾਲ ਵੀ ਡਰਾ ਧਮਕਾ ਕੇ ਜ਼ਬਰੀ ਸਰੀਰਕ ਸਬੰਧ ਬਣਾਏ ਅਤੇ ਆਪਣੇ ਫੋਨ 'ਚ ਉਨ੍ਹਾਂ ਦੋਵਾਂ ਭੈਣਾਂ ਦੀ ਅਸ਼ਲੀਲ ਵੀਡੀਓ ਬਣਾਈ ਤੇ ਧਮਕਾਇਆ ਕਿ ਜੇਕਰ ਉਨ੍ਹਾਂ ਨੇ ਇਸ ਬਾਰੇ ਆਪਣੇ ਮਾਪਿਆਂ ਨੂੰ ਦੱਸਿਆ ਤਾਂ ਵੀਡੀਓ ਵਾਇਰਲ ਕਰ ਦਿੱਤੀ ਜਾਵੇਗੀ।

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

It is for general information that I, HARKIRAT SINGH JHUN S/o DALJEET SINGH JHUN, R/o 2987/1, Sector 42-C, Chandigarh, PO: Sector-36, Distt. Chandigarh, Chandigarh-160036, declare that name of mine and my father have been wrongly written as HARKIRAT SINGH and DALJEET SINGH in my all Educational Documents. The actual name of mine and my father are HARKIRAT SINGH JHUN and DALJEET SINGH JHUN respectively.

**NAME CHANGE**

I, Usha Sehgal alias Usha Nayyar D/o Late Sh. Jagan Nath Sehgal W/O Parmodh Kumar Nayyar R/o Street Number-10, Krishna Nagar, Hoshiarpur, Punjab-146001, have changed my name and shall hereafter be known as Usha Nayyar.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, AMANPREET S/o JAGDISH CHANDER R/o V.P.O. Chak Sotrian Tehsil Jalalabad West, Fazilka, Punjab-152123, have changed my name and shall hereafter be known as AMANPREET JOSAN.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.


**ਰੇਲਯਾਤਰੀ ਕਿਰਪਾ ਧਿਆਨ ਦੇਣ!**

**ਮਹੱਤਵਪੂਰਨ ਸੂਚਨਾ**

**ਖਾਟੂ ਸ਼ਾਮ ਜੀ ਮੇਲਾ-2026 ਦੇ ਮੌਕੇ 'ਤੇ ਸਪੈਸ਼ਲ ਰੇਲਗੱਡੀਆਂ ਦਾ ਸੰਚਾਲਨ**

ਖਾਟੂ ਸ਼ਾਮ ਜੀ ਮੇਲਾ-2026 ਦੇ ਮੌਕੇ ਉਤੇ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਦੇ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਿਤੇ ਗਏ ਟਾਈਮ-ਟੇਬਲ ਦੇ ਅਨੁਸਾਰ ਚਲਾਈਆਂ ਜਾਣਗੀਆਂ:-

**09711/09712 ਕੁਰੁਕਸ਼ੇਤਰ - ਫੁਲੇਰਾ - ਕੁਰੁਕਸ਼ੇਤਰ ਅਨਰੀਜ਼ਰਵ ਸਪੈਸ਼ਲ ਟ੍ਰੇਨ (12 ਫੇਰੇ)**

| ਰੇਲਗੱਡੀ ਨੰ. 09711 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 09712 ਆਉਣਾ | ਜਾਣਾ |
|---|---|---|---|---|
| -- | 23:30 | ਕੁਰੁਕਸ਼ੇਤਰ | 20:00 | -- |
| 08:30 | -- | ਫੁਲੇਰਾ | -- | 09:50 |

ਚਲਣ ਦੀ ਮਿਤੀ : 09711 ਕੁਰੁਕਸ਼ੇਤਰ ਤੋਂ ਰੋਜਾਨਾ ਮਿਤੀ 23.02.2026 ਤੋਂ 28.02.2026 ਤਕ ਅਤੇ 09712 ਫੁਲੇਰਾ ਤੋਂ ਰੋਜਾਨਾ 24.02.2026 ਤੋਂ 01.03.2026 ਤਕ।
ਸਥਾਨ: ਜਨਰਲ।
ਠਹਿਰਾਓ: ਕੈਥਲ, ਨਰਵਾਣਾ, ਜੀਂਦ, ਰੋਹਤਕ, ਅਸਥਲ ਬੋਹਰ, ਝੱਜਰ, ਰੇਵਾੜੀ, ਕੁਨਡ, ਅਟੇਲੀ, ਨਾਰਨੌਲ, ਡਾਬਲਾ, ਨੀਮ ਕਾ ਥਾਨਾ, ਕਾਂਵਟ, ਸ਼੍ਰੀਮਾਧੋਪੁਰ, ਰੀਂਗਸ ਅਤੇ ਰੇਨਵਾਲ ਸਟੇਸ਼ਨ।

**09713/09714 ਫੁਲੇਰਾ - ਦਿੱਲੀ ਸਰਾਏ ਰੋਹਿਲਾ - ਫੁਲੇਰਾ ਅਨਰੀਜ਼ਰਵ ਸਪੈਸ਼ਲ ਟ੍ਰੇਨ (12 ਫੇਰੇ)**

| ਰੇਲਗੱਡੀ ਨੰ. 09713 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 09714 ਆਉਣਾ | ਜਾਣਾ |
|---|---|---|---|---|
| -- | 11:40 | ਫੁਲੇਰਾ | 02:30 | -- |
| 18:05 | -- | ਦਿੱਲੀ ਸਰਾਏ ਰੋਹਿਲਾ | -- | 19:10 |

ਚਲਣ ਦੀ ਮਿਤੀ : 09713 ਫੁਲੇਰਾ ਤੋਂ ਅਤੇ 09714 ਦਿੱਲੀ ਸਰਾਏ ਰੋਹਿਲਾ ਤੋਂ ਰੋਜਾਨਾ ਮਿਤੀ 24.02.2026 ਤੋਂ 01.03.2026 ਤਕ।
ਸਥਾਨ: ਜਨਰਲ।
ਠਹਿਰਾਓ: ਰੇਨਵਾਲ, ਰੀਂਗਸ, ਸ਼੍ਰੀਮਾਧੋਪੁਰ, ਕਾਂਵਟ, ਨੀਮ ਕਾ ਥਾਨਾ, ਮਾਂਵਡਾ, ਡਾਵਲਾ, ਨਾਰਨੌਲ, ਅਟੇਲੀ, ਕੁਨਡ, ਰੇਵਾੜੀ, ਪਟੌਦੀ ਰੋਡ, ਗੁੜਗਾਂਵ ਅਤੇ ਦਿੱਲੀ ਕੈਂਟ ਸਟੇਸ਼ਨ।

**09639/09640 ਮਦਾਰ ਜੰ. - ਰੋਹਤਕ - ਮਦਾਰ ਜੰ. ਅਨਰੀਜ਼ਰਵ ਸਪੈਸ਼ਲ ਟ੍ਰੇਨ (26 ਫੇਰੇ)**

| ਰੇਲਗੱਡੀ ਨੰ. 09639 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 09640 ਆਉਣਾ | ਜਾਣਾ |
|---|---|---|---|---|
| -- | 04:30 | ਮਦਾਰ ਜੰ. | 22:35 | -- |
| 12:50 | -- | ਰੋਹਤਕ | -- | 13:20 |

ਚਲਣ ਦੀ ਮਿਤੀ : 09639 ਮਦਾਰ ਜੰ. ਤੋਂ ਅਤੇ 09640 ਰੋਹਤਕ ਤੋਂ ਰੋਜਾਨਾ ਮਿਤੀ 16.02.2026 ਤੋਂ 28.02.2026 ਤਕ।
ਸਥਾਨ: ਜਨਰਲ।
ਠਹਿਰਾਓ: ਕਿਸ਼ਨਗੜ੍ਹ, ਨਰੇਨਾ, ਫੁਲੇਰਾ, ਰੇਨਵਾਲ, ਬਧਾਲ, ਰੀਂਗਸ, ਸ਼੍ਰੀਮਾਧੋਪੁਰ, ਕਾਂਵਟ, ਭਗੇਗਾ, ਨੀਮ ਕਾ ਥਾਨਾ, ਮਾਂਵਡਾ, ਡਾਬਲਾ, ਨਿਜ਼ਾਮਪੁਰ, ਨਾਰਨੌਲ, ਅਟੇਲੀ , ਕੁਨਡ, ਰੇਵਾੜੀ, ਗੋਕਲਗੜ੍ਹ, ਝੱਜਰ ਅਤੇ ਅਸਥਲ ਬੋਹਰ ਸਟੇਸ਼ਨ।

ਉਪਰੋਕਤ ਰੇਲਗੱਡੀਆਂ ਦੇ ਰਸਤੇ ਵਿਚ ਆਉਣ ਵਾਲੇ ਸਟਾਪੇਜਾਂ ਅਤੇ ਟਾਈਮ-ਟੇਬਲ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਯਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ

444/26
'ਤੇ ਸਾਨੂੰ ਫਾਲੋ ਕਰੋ
ਉਤਰ ਰੇਲਵੇ
ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in 'ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਿਹਤ ਮੰਤਰੀ ਵੱਲੋਂ ਪਿੰਡ ਕਨਸੂਹਾ ਕਲਾਂ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਜਾਇਜ਼ਾ

## ਹਰੇਕ ਵਿਅਕਤੀ ਦਾ ਬਣੇਗਾ ਸਿਹਤ ਬੀਮਾ ਕਾਰਡ, ਕੋਈ ਵੀ ਇਲਾਜ ਤੋਂ ਵਾਂਝਾ ਨਹੀਂ ਰਹੇਗਾ: ਡਾ. ਬਲਬੀਰ ਸਿੰਘ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਿੰਡ ਕਨਸੂਹਾ ਕਲਾਂ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਚੱਲ ਰਹੀ 10 ਲੱਖ ਰੁਪਏ ਦੀ ਮੁਫ਼ਤ ਸਿਹਤ ਬੀਮਾ ਯੋਜਨਾ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਮੌਕੇ 'ਤੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਰਜਿਸਟ੍ਰੇਸ਼ਨ ਦੇ ਕੰਮ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਡਾ. ਬਲਬੀਰ ਸਿੰਘ ਨੇ ਖੁਦ ਲੋਕਾਂ ਨਾਲ ਰੂਬਰੂ ਹੋ ਕੇ ਸਿਹਤ ਬੀਮਾ ਕਾਰਡ ਬਣਾਉਣ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਮੌਕੇ 'ਤੇ ਮੌਜੂਦ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵੱਧ ਤੋਂ ਵੱਧ ਇਸ ਯੋਜਨਾ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦਾ ਕੋਈ ਵੀ ਨਾਗਰਿਕ ਇਲਾਜ ਤੋਂ ਵਾਂਝਾ ਨਾ ਰਹੇ।

ਸਿਹਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਹਰ ਯੋਗ ਵਿਅਕਤੀ ਦਾ ਸਿਹਤ ਬੀਮਾ ਕਾਰਡ ਬਣਾਇਆ ਜਾਵੇਗਾ, ਜਿਸ ਰਾਹੀਂ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਸਿਹਤ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ ਅਤੇ ਲੋਕਾਂ ਨੂੰ ਘਰ ਦੇ ਨੇੜੇ ਉੱਚ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦਸਤਾਵੇਜ਼ ਤਿਆਰ ਰੱਖ ਕੇ ਸਮੇਂ ਸਿਰ ਰਜਿਸਟ੍ਰੇਸ਼ਨ ਕਰਵਾਉਣ।

ਇਸ ਤੋਂ ਇਲਾਵਾ, ਡਾ. ਬਲਬੀਰ ਸਿੰਘ ਨੇ ਪੰਚਾਇਤ ਭਵਨ ਪਟਿਆਲਾ ਵਿਖੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਆਯੋਜਿਤ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਵਿਭਾਗ ਦੀਆਂ ਭਲਾਈ ਯੋਜਨਾਵਾਂ ਤਹਿਤ 18 ਲਾਭਪਾਤਰੀਆਂ ਨੂੰ 51-51 ਹਜ਼ਾਰ ਰੁਪਏ ਦੇ ਚੈੱਕ ਤਕਸੀਮ ਕੀਤੇ ਗਏ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਘੱਟ ਗਿਣਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਰਥਿਕ ਮਜ਼ਬੂਤੀ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਭਲਾਈ ਸਕੀਮਾਂ ਰਾਹੀਂ ਉਨ੍ਹਾਂ ਨੂੰ ਆਤਮਨਿਰਭਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਦੀ ਹਰ ਯੋਜਨਾ ਦਾ ਲਾਭ ਪਾਤਰ ਵਿਅਕਤੀਆਂ ਤੱਕ ਪੂਰੀ ਪਾਰਦਰਸ਼ਤਾ ਨਾਲ ਪਹੁੰਚਾਇਆ ਜਾਵੇਗਾ। ਇਸ ਮੌਕੇ ਵਿਭਾਗੀ ਅਧਿਕਾਰੀ, ਸਥਾਨਕ ਆਗੂ, ਸਮਾਜਿਕ ਪ੍ਰਤੀਨਿਧੀ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਹਾਜ਼ਰ ਰਹੇ।

# ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਵੱਲੋਂ ਯੂਨੀਅਨ ਬਜਟ 2026 ਵਿੱਚ ਪੰਜਾਬ ਦੀ ਅਣਦੇਖੀ ਦੀ ਕੜੀ ਨਿੰਦਾ

## ਰੇਵਿਨਿਊ ਡਿਫਿਸਿਟ ਗ੍ਰਾਂਟ ਬੰਦ ਹੋਣ ਨਾਲ ਪੰਜਾਬ ਨੂੰ ਹਰ ਸਾਲ 4,800 ਕਰੋੜ ਦਾ ਨੁਕਸਾਨ: ਮੋਹਿਤ ਮਹਿੰਦਰਾ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਅੱਜ ਯੂਨੀਅਨ ਬਜਟ 2026 ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਅਣਡਿੱਠਾ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਇਹ ਉਸ ਰਾਜ ਪ੍ਰਤੀ ਕੇਂਦਰ ਸਰਕਾਰ ਦੀ ਸ਼ਰਮਨਾਕ ਬੇਰੁਖ਼ੀ ਹੈ ਜੋ ਦੇਸ਼ ਨੂੰ ਅਨਾਜ ਖਵਾਂਦਾ ਹੈ ਅਤੇ ਸਰਹੱਦਾਂ ਦੀ ਰੱਖਿਆ ਕਰਦਾ ਹੈ। ਮੋਹਿੰਦਰਾ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਇਕ ਹੈ ਕਿ ਭਾਰਤ ਦਾ 'ਫੂਡ ਬਾਊਲ' ਕਿਹਾ ਜਾਣ ਵਾਲਾ ਪੰਜਾਬ ਨਾ ਤਾਂ ਬਜਟ ਵਿੱਚ ਕਿਤੇ ਜ਼ਿਕਰ ਯੋਗ ਹੈ, ਨਾ ਕੋਈ ਰਾਹਤ ਹੈ ਅਤੇ ਨਾ ਹੀ ਭਵਿੱਖ ਲਈ ਕੋਈ ਯੋਜਨਾ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਖਾਦ ਸੁਰੱਖਿਆ ਵਿੱਚ ਪੰਜਾਬ ਦਾ ਯੋਗਦਾਨ ਬੇਹੱਦ ਵੱਧ ਹੈ, ਪਰ ਮੋਦੀ ਸਰਕਾਰ ਦੀਆਂ ਬਜਟ ਤਰਜੀਹਾਂ ਵਿੱਚ ਪੰਜਾਬ ਮਾਨੋ ਮੌਜੂਦ ਹੀ ਨਹੀਂ।

ਉਨ੍ਹਾਂ ਯਾਦ ਦਿਵਾਇਆ ਕਿ ਸਾਲਾਂ ਤੋਂ ਪੰਜਾਬੀਆਂ ਨੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਭੋਜਨ ਦਿੱਤਾ ਹੈ, ਸਰਹੱਦਾਂ 'ਤੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ ਅਤੇ ਹਮੇਸ਼ਾ ਦੇਸ਼ ਦੀ ਪਹਿਲੀ ਰੱਖਿਆ ਲਾਈਨ ਬਣੇ ਰਹੇ ਹਨ।

ਪਰ ਜਦੋਂ ਅੱਜ ਕਿਸਾਨਾਂ, ਨੌਜਵਾਨਾਂ ਅਤੇ ਗੰਭੀਰ ਵਿੱਤੀ ਸੰਕਟ ਦੇ ਸਮੇਂ ਪੰਜਾਬ ਨੂੰ ਕੇਂਦਰ ਦੀ ਮਦਦ ਦੀ ਲੋੜ ਹੈ, ਤਾਂ ਸਾਨੂੰ ਮਿਲਦਾ ਹੈ ਸਿਰਫ਼ ਵੱਡਾ ਜ਼ੀਰੋ। ਉਨ੍ਹਾਂ ਦੱਸਿਆ ਨਾ ਕੋਈ ਖ਼ਾਸ ਐਲਾਨ, ਨਾ ਨਿਸ਼ਾਨਾ ਬੱਧ ਰਾਹਤ, ਨਾ ਕੋਈ ਭਵਿੱਖ ਦੀ ਦਿਸ਼ਾ।

ਪਿਛਲੇ ਸਾਲ ਪੰਜਾਬ ਵਿੱਚ ਆਈ ਭਿਆਨਕ ਬਾੜ੍ਹ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਪ੍ਰਤੀਕਿਰਿਆ ਫਿਰ ਨਾਕਾਫ਼ੀ ਰਹੀ। ਸਾਡੀਆਂ ਫ਼ਸਲਾਂ, ਘਰ ਅਤੇ ਢਾਂਚਾ ਤਬਾਹ ਹੋ ਗਿਆ, ਪਰ ਪੰਜਾਬ ਨੂੰ ਕੋਈ ਢੁਕਵੀਂ ਰਾਹਤ ਨਹੀਂ ਮਿਲੀ। ਕੀ ਪੰਜਾਬੀ ਭਾਰਤ ਦੇ ਨਾਗਰਿਕ ਨਹੀਂ ਹਨ? ਉਨ੍ਹਾਂ ਸਵਾਲ ਕੀਤਾ ਅਤੇ ਕਿਹਾ ਕਿ ਸਿਰਫ਼ ਦਿਖਾਵਾ ਅਤੇ ਪ੍ਰਤੀਕਾਤਮਕਤਾ ਨਾਲ ਸ਼ਾਸਨ ਨਹੀਂ ਚਲਦਾ।

ਉਨ੍ਹਾਂ ਇਸਨੂੰ ਪੰਜਾਬ ਲਈ 'ਡਬਲ ਝਟਕਾ' ਕਰਾਰ ਦਿੰਦਿਆਂ 16ਵੇਂ ਵਿੱਤ ਆਯੋਗ ਵੱਲੋਂ ਰੇਵਿਨਿਊ ਡਿਫਿਸਿਟ ਗ੍ਰਾਂਟ ਬੰਦ ਕਰਨ ਦੇ ਫੈਸਲੇ ਦੀ ਵੀ ਆਲੋਚਨਾ ਕੀਤੀ। ਉਨਾਂ ਨੇ ਕਿਹਾ ਕਿ ਇਸ ਇਕ ਫੈਸਲੇ ਨਾਲ ਪੰਜਾਬ ਨੂੰ ਹਰ ਸਾਲ ਲਗਭਗ 4,800 ਕਰੋੜ ਦਾ ਨੁਕਸਾਨ ਹੋਵੇਗਾ, ਜੋ ਕਿ ਇੱਕ ਵੱਡਾ ਵਿੱਤੀ ਝਟਕਾ ਹੈ।

ਮੋਹਿੰਦਰਾ ਨੇ ਦੱਸਿਆ ਕਿ ਇਹ ਰਕਮ ਰੋਜ਼ਗਾਰ ਨਾਲ ਜੁੜੇ ਸਕਿੱਲ ਪ੍ਰੋਗਰਾਮਾਂ, ਸਟਾਰਟ-ਅੱਪਸ, ਖੇਡ ਢਾਂਚੇ, ਕਾਲਜਾਂ, ਰਿਸਰਚ ਸੰਸਥਾਵਾਂ ਅਤੇ ਨੌਜਵਾਨਾਂ ਦੇ ਮਾਈਗ੍ਰੇਸ਼ਨ ਨੂੰ ਰੋਕਣ ਵਿੱਚ ਵਰਤੀ ਜਾ ਸਕਦੀ ਸੀ। ਆਰ ਡੀ ਜੀ ਤਨਖਾਹਾਂ, ਪੈਨਸ਼ਨਾਂ, ਸਿਹਤ, ਸਿੱਖਿਆ ਅਤੇ ਕਲਿਆਣ ਵਰਗੀਆਂ ਰੋਜ਼ਾਨਾ ਪ੍ਰਸ਼ਾਸਕੀ ਲੋੜਾਂ ਨੂੰ ਸੰਭਾਲਦੀ ਹੈ। ਉਨਾਂ ਨੇ ਦੱਸਿਆ ਕਿ ਇਸਦੀ ਬੰਦਸ਼ ਨਾਲ ਪੰਜਾਬ ਦਾ ਵਿੱਤੀ ਬੋਝ ਕਾਫ਼ੀ ਵੱਧ ਜਾਵੇਗਾ।

ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਮੋਹਿੰਦਰਾ ਨੇ ਆਪ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਵਿੱਤ ਆਯੋਗ ਅੱਗੇ ਪੰਜਾਬ ਦਾ ਮਜ਼ਬੂਤ ਪੱਖ ਨਾ ਰੱਖਣ ਦਾ ਦੋਸ਼ ਲਗਾਇਆ। ਵਿੱਤ ਆਯੋਗ ਦੇ ਫੈਸਲੇ ਮਜ਼ਬੂਤ ਡਾਟਾ, ਵਿੱਤੀ ਦਲੀਲ ਅਤੇ ਲਗਾਤਾਰ ਗੱਲਬਾਤ ਨਾਲ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਬਦਕਿਸਮਤੀ ਨਾਲ ਆਪ ਸਰਕਾਰ ਨੇ ਗੱਲਬਾਤ ਦੀ ਥਾਂ ਸ਼ੋਰ ਮਚਾਉਣਾ ਚੁਣਿਆ ਅਤੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਹੀ।

ਉਨ੍ਹਾਂ ਕਿਹਾ ਕਿ ਸ਼ਾਸਨ ਦਾ ਮਤਲਬ ਨੁਕਸਾਨ ਹੋਣ ਤੋਂ ਬਾਅਦ ਕੇਂਦਰ ਨੂੰ ਦੋਸ਼ ਦੇਣਾ ਨਹੀਂ, ਸਗੋਂ ਨੁਕਸਾਨ ਹੋਣ ਤੋਂ ਪਹਿਲਾਂ ਉਸਨੂੰ ਰੋਕਣਾ ਹੁੰਦਾ ਹੈ। ਅੰਤ ਵਿੱਚ ਮੋਹਿੰਦਰਾ ਨੇ ਕਿਹਾ ਜਿਹੜੀ ਸਰਕਾਰ ਪੰਜਾਬ ਦੀਆਂ ਵਿੱਤਾਂ ਦੀ ਰੱਖਿਆ ਨਹੀਂ ਕਰ ਸਕਦੀ, ਉਹ ਪੰਜਾਬ ਦੇ ਨੌਜਵਾਨਾਂ ਦੀ ਵੀ ਰੱਖਿਆ ਨਹੀਂ ਕਰ ਸਕਦੀ।

# ਪੰਜਾਬੀ ਯੂਨੀਵਰਸਿਟੀ ਵਿਖੇ ਸਿਵਲ ਡਿਫੈਂਸ ਐਂਡ ਕਪੈਸਟੀ ਬਿਲਡਿੰਗ ਪ੍ਰੋਗਰਾਮ ਸ਼ੁਰੂ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਐਨ. ਐੱਸ. ਐੱਸ. ਵਿਭਾਗ ਅਤੇ ਪੰਜਾਬ ਹੋਮ ਗਾਰਡਜ਼ ਐਂਡ ਸਿਵਲ ਡਿਫੈਂਸ ਪਟਿਆਲਾ ਵੱਲੋਂ ਕਰਵਾਇਆ ਜਾ ਰਿਹਾ ਸਿਵਲ ਡਿਫੈਂਸ ਐਂਡ ਕਪੈਸਟੀ ਬਿਲਡਿੰਗ ਪ੍ਰੋਗਰਾਮ ਅੱਜ ਕਲਾ ਭਵਨ ਵਿਖੇ ਸ਼ੁਰੂ ਹੋ ਗਿਆ ਹੈ। ਪੰਜ ਫਰਵਰੀ ਤੋਂ 12 ਫਰਵਰੀ ਤੱਕ ਚੱਲਣ ਵਾਲ਼ੇ ਇਸ ਪ੍ਰੋਗਰਾਮ ਦੇ ਉਦਘਾਟਨੀ ਸਮਾਰੋਹ ਵਿੱਚ ਪੰਜਾਬ ਹੋਮ ਗਾਰਡ ਐਂਡ ਸਿਵਲ ਡਿਫੈਂਸ ਦੇ ਬਟਾਲੀਅਨ ਕਮਾਡੈਂਟ ਸ਼੍ਰੀ ਗਗਨਪ੍ਰੀਤ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਯੂਨੀਵਰਸਿਟੀ ਤੋਂ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।

ਐਨ. ਐੱਸ. ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਇਸ ਟ੍ਰੇਨਿੰਗ ਦੇ ਫਾਇਦੇ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਵਿਦਿਆਰਥੀ ਇਹ ਸਿਖਲਾਈ ਲੈ ਕੇ ਸਮਾਜ ਵਿਚ ਵਾਪਰਣ ਵਾਲੀਆਂ ਕੁਦਰਤੀ ਅਤੇ ਮਾਨਵੀ ਆਫਤਾਂ ਤੋ ਆਪਣਾ ਅਤੇ ਆਮ ਲੋਕਾਂ ਦਾ ਬਚਾਅ ਕਰ ਸਕਦੇ ਹਨ।

ਨੋਡਲ ਅਫਸਰ ਸਿਵਲ ਡਿਫੈਂਸ ਪਟਿਆਲਾ ਸ਼੍ਰੀ ਮੋਹਨਦੀਪ ਸਿੰਘ ਨੇ ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਹੋਏ ਟ੍ਰੇਨਿੰਗ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੱਤੀ।

ਪ੍ਰੋਗਰਾਮ ਦੇ ਪਹਿਲੇ ਦਿਨ ਸ਼੍ਰੀ ਕਾਕਾ ਰਾਮ ਵਰਮਾ ਵੱਲੋਂ ਟ੍ਰੇਨਰ ਵਜੋਂ ਫਸਟ ਏਡ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿਤੀ ਗਈ। ਇਸ ਮੌਕੇ ਸ਼੍ਰੀ ਕੇ. ਐੱਸ.ਸੇਖੋਂ ਚੀਫ ਵਾਰਡਨ ਸਮੇਤ ਡਿਵਿਜ਼ਨ ਵਾਰਡਨ ਅਤੇ ਵਾਰਡਨ ਸਿਵਲ ਡਿਫੈਂਸ ਪਟਿਆਲਾ ਸ਼ਾਮਲ ਹੋਏ। ਇਸ ਟ੍ਰੇਨਿੰਗ ਵਿੱਚ ਐਨ. ਐੱਸ. ਐੱਸ. ਪ੍ਰੋਗਰਾਮ ਅਫਸਰਾਂ ਸਮੇਤ 180 ਵਲੰਟੀਅਰਜ਼ ਨੇ ਭਾਗ ਲਿਆ।

# ਪਿੰਡ ਜੈਨਪੁਰ ਦੀ ਕਰੀਬ ਦੋ ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨਾਲ ਬਦਲੀ ਨੁਹਾਰ

**ਧੂਰੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਚਲਾਏ ਜਾ ਰਹੇ ਵਿਕਾਸ ਕਾਰਜਾਂ ਦੇ ਤਹਿਤ ਧੂਰੀ ਹਲਕੇ ਦੇ ਪਿੰਡ ਜੈਨਪੁਰ ਵਿੱਚ ਕਰੀਬ ਦੋ ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਨਾਲ ਪਿੰਡ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਗਈ ਹੈ। ਪਿੰਡ ਵਿੱਚ ਐਲਈਡੀ ਸੋਲਰ ਸਟਰੀਟ ਲਾਈਟਾਂ ਲਗਾਏ ਜਾਣ ਸਦਕਾ ਹੁਣ ਪਿੰਡ ਜੈਨਪੁਰ ਰਾਤ ਸਮੇਂ ਰੌਸ਼ਨੀ ਨਾਲ ਜਗਮਗਾਉਂਦਾ ਹੋਇਆ ਕਿਸੇ ਸ਼ਹਿਰ ਦਾ ਭੁਲੇਖਾ ਪਾਉਣ ਲੱਗਾ ਹੈ।

ਪਿੰਡ ਦੀ ਸੁਰੱਖਿਆ ਪ੍ਰਨਾਲੀ ਨੂੰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਵੱਖ-ਵੱਖ ਮਹੱਤਵਪੂਰਨ ਸਥਾਨਾਂ 'ਤੇ 26 ਸੀਸੀਟੀਵੀ ਕੈਮਰੇ ਲਗਾਏ ਗਏ ਹਨ, ਜਿਸ ਨਾਲ ਪਿੰਡ ਵਿੱਚ ਨਿਗਰਾਨੀ ਪ੍ਰਨਾਲੀ ਹੋਰ ਪ੍ਰਭਾਵਸ਼ਾਲੀ ਬਣੀ ਹੈ ਅਤੇ ਅਪਰਾਧਕ ਗਤੀਵਿਧੀਆਂ 'ਤੇ ਕੜੀ ਨਜ਼ਰ ਰੱਖੀ ਜਾ ਰਹੀ ਹੈ। ਇਸਦੇ ਨਾਲ ਹੀ ਪਿੰਡ ਜੈਨਪੁਰ ਦੀਆਂ 100 ਫੀਸਦੀ ਸੜਕਾਂ ਦਾ ਨਿਰਮਾਣ ਮੁਕੰਮਲ ਕਰ ਲਿਆ ਗਿਆ ਹੈ। ਪਿੰਡ ਦੀ ਫਿਰਨੀ ਨੂੰ ਲਗਭਗ 1.25 ਕਰੋੜ ਰੁਪਏ ਦੀ ਲਾਗਤ ਨਾਲ ਕੰਕਰੀਟ ਨਾਲ ਤਿਆਰ ਕੀਤਾ ਗਿਆ ਹੈ, ਜਿਸ ਨਾਲ ਆਵਾਜਾਈ ਸੁਚੱਜੀ ਹੋਈ ਹੈ ਅਤੇ ਪਿੰਡ ਦੀ ਦਿੱਖ ਵਿੱਚ ਵੀ ਸੁਧਾਰ ਆਇਆ ਹੈ।

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਸ਼ਹਿਰਾਂ ਵਰਗੀਆਂ ਆਧੁਨਿਕ ਸਹੂਲਤਾਂ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡ ਜੈਨਪੁਰ ਵਿੱਚ ਹੁਣ ਤੱਕ ਕਰੀਬ ਦੋ ਕਰੋੜ ਰੁਪਏ ਦੇ ਵਿਕਾਸ ਕਾਰਜ ਕੀਤੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵਿਕਾਸ ਕਾਰਜਾਂ ਲਈ ਵੀ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ।

ਇਸ ਮੌਕੇ ਬੀ.ਡੀ.ਪੀ.ਓ. ਧੂਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਜੈਨਪੁਰ ਵਿੱਚ ਪੰਚਾਇਤ ਵਿਭਾਗ ਵੱਲੋਂ ਹੋਰਨਾਂ ਵਿਭਾਗਾਂ ਤੋਂ ਇਲਾਵਾ ਕਰੀਬ ਇਕ ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗਲੀ-ਨਾਲੀਆਂ, ਸਟਰੀਟ ਲਾਈਟਾਂ, ਬਲਾਕ ਟਾਈਲਾਂ ਅਤੇ ਸਾਲਿਡ ਵੇਸਟ ਮੈਨੇਜਮੈਂਟ ਸਬੰਧੀ ਕੰਮ ਮੁਕੰਮਲ ਹੋ ਚੁੱਕੇ ਹਨ। ਪਿੰਡ ਦੀ ਸਰਪੰਚ ਸ੍ਰੀਮਤੀ ਰਾਜਵਿੰਦਰ ਕੌਰ ਬਲਿੰਗ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਲਗਾਤਾਰ ਫੰਡ ਜਾਰੀ ਕੀਤੇ ਜਾਣ ਸਦਕਾ ਪਿੰਡ ਵਿੱਚ ਨਿਰੰਤਰ ਵਿਕਾਸ ਕਾਰਜ ਜਾਰੀ ਹਨ, ਜਿਸ ਦਾ ਪਿੰਡ ਵਾਸੀਆਂ ਨੂੰ ਵੱਡਾ ਲਾਭ ਮਿਲ ਰਿਹਾ ਹੈ।

# ਐਸ.ਸੀ. ਕਮਿਸ਼ਨ ਵੱਲੋਂ ਜਾਤੀ ਸੂਚਕ ਸ਼ਬਦ ਵਰਤਣ ਸਬੰਧੀ ਐਸ.ਐਸ.ਪੀ. ਅੰਮ੍ਰਿਤਸਰ ਤੋਂ ਰਿਪੋਰਟ ਤਲਬ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਇਕ ਮਾਮਲੇ ਵਿੱਚ ਸੂ ਮੋਟੋ ਨੋਟਿਸ ਲੈਂਦਿਆਂ ਸੀਨੀਅਰ ਸੁਪਰਡੰਟ ਆਫ ਪੁਲਿਸ ਅੰਮ੍ਰਿਤਸਰ ਤੋਂ ਰਿਪੋਰਟ ਤਲਬ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਅੰਮ੍ਰਿਤਸਰ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵੱਖ-ਵੱਖ ਜੱਥੇਬੰਦੀਆਂ ਵੱਲੋਂ ਇੱਕ ਵਿਅਕਤੀ ਨੂੰ ਨੌਕਰੀ ਤੋਂ ਕੱਢਣ ਵਿਰੁੱਧ ਧਰਨਾ ਲਗਾਇਆ ਗਿਆ ਜਿੱਥੇ ਕਿ ਇੱਕ ਪੁਲਿਸ ਅਧਿਕਾਰੀ ਵੱਲੋਂ ਧਰਨਾਕਾਰੀਆਂ ਖਿਲਾਫ ਜਾਤੀ ਸੂਚਕ ਸ਼ਬਦ ਵਰਤਣ ਦਾ ਮਾਮਲਾ ਸ਼ੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਉਨ੍ਹਾਂ ਇਸ ਮਾਮਲੇ ਦਾ ਸੂ ਮੋਟੋ ਨੋਟਿਸ ਲੈਂਦਿਆਂ ਇਸ ਸਬੰਧੀ 10 ਫਰਵਰੀ, 2026 ਨੂੰ ਐਸ.ਪੀ. ਹਰਪਾਲ ਸਿੰਘ ਨੂੰ ਇਸ ਮਾਮਲੇ ਸਬੰਧੀ ਰਿਪੋਰਟ ਸਮੇਤ ਤਲਬ ਕੀਤਾ ਗਿਆ ਹੈ।

# ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਦੀ ਵਾਈਸ ਚੇਅਰਮੈਨ ਗੁਨਜੀਤ ਰੁਚੀ ਬਾਵਾ ਵੱਲੋਂ ਅੰਮ੍ਰਿਤਸਰ ਦਾ ਦੌਰਾ



**ਅੰਮ੍ਰਿਤਸਰ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਦੀ ਵਾਈਸ ਚੇਅਰਮੈਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਵੱਲੋਂ ਅੱਜ ਅੰਮ੍ਰਿਤਸਰ ਵਿਖੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰੱਸਟ, ਬੀਬੀ ਭਾਨੀ ਕੰਨਿਆ ਨੇਤਰਹੀਨ ਵਿੱਦਿਆਲਿਆ, ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਕਮਿਊਨਿਟੀ ਹੋਮ ਫਾਰ ਮੈਂਟਲੀ ਰੀਟਾਰਟਿਡ (ਗਰਲਜ਼), ਇੰਸਟੀਚਿਊਟ ਫ਼ਾਰ ਬਲਾਂਈਡ, ਸਟੇਟ ਆਫਟਰ ਕੇਅਰ ਹੋਮ ਅਤੇ ਸਪੈਸ਼ਲ ਹੋਮ ਅੰਮ੍ਰਿਤਸਰ ਦਾ ਦੌਰਾ ਕੀਤਾ ਗਿਆ। ਵਾਈਸ ਚੇਅਰਮੈਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਨੇ ਇਨ੍ਹਾਂ ਸੰਸਥਾਵਾਂ ਦੇ ਦੌਰੇ ਦੌਰਾਨ ਸੰਸਥਾਵਾਂ ਦੀ ਕਾਰਜਪ੍ਰਣਾਲੀ ਦੇਖਣ ਦੇ ਨਾਲ ਇੱਥੇ ਬੱਚਿਆਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਸਭ ਤੋਂ ਪਹਿਲਾਂ ਸਵੇਰੇ ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਦੀ ਵਾਈਸ ਚੇਅਰਮੈਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰੱਸਟ, ਅੰਮ੍ਰਿਤਸਰ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਵਾਲਿਆਂ ਦੇ ਜੀਵਨ ਅਤੇ ਕਾਰਜ ਖੇਤਰ ਬਾਰੇ ਜਾਣਕਾਰੀ ਹਾਸਲ ਕਰਨ ਦੇ ਨਾਲ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਪਿੰਗਲਵਾੜੇ ਵਿੱਚ ਲਚਾਰ, ਬਿਮਾਰਾਂ, ਬੇਸਹਾਰਿਆਂ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਦੇਖਿਆ। ਉਨ੍ਹਾਂ ਕਿਹਾ ਕਿ ਭਗਤ ਪੂਰਨ ਸਿੰਘ ਵੱਲੋਂ ਸੇਵਾ ਦਾ ਜੋ ਇਹ ਕੇਂਦਰ ਸ਼ੁਰੂ ਕੀਤਾ ਗਿਆ ਸੀ ਉਹ ਸੱਚਮੁੱਚ ਹੀ ਮਾਨਵਤਾ ਦੀ ਸੇਵਾ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਕੰਮ ਕਰ ਰਿਹਾ ਹੈ।

ਇਸ ਤੋਂ ਬਾਅਦ ਵਾਈਸ ਚੇਅਰਮੈਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਨੇ ਬੀਬੀ ਭਾਨੀ ਕੰਨਿਆ ਨੇਤਰਹੀਨ ਵਿੱਦਿਆਲਿਆ, ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਕਮਿਊਨਿਟੀ ਹੋਮ ਫਾਰ ਮੈਂਟਲੀ ਰੀਟਾਰਟਿਡ (ਗਰਲਜ਼), ਇੰਸਟੀਚਿਊਟ ਫ਼ਾਰ ਬਲਾਂਈਡ, ਸਟੇਟ ਆਫਟਰ ਕੇਅਰ ਹੋਮ ਅਤੇ ਸਪੈਸ਼ਲ ਹੋਮ ਅੰਮ੍ਰਿਤਸਰ ਦਾ ਦੌਰਾ ਕੀਤਾ ਅਤੇ ਪ੍ਰਬੰਧਕਾਂ ਕੋਲੋਂ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ ਅਤੇ ਇਹ ਸਾਰੀਆਂ ਸੰਸਥਾਵਾਂ ਵੀ ਬਾਲ ਅਧਿਕਾਰਾਂ ਦੀ ਰੱਖਿਆ ਸਬੰਧੀ ਪੂਰੀ ਸੁਹਿਰਦਤਾ ਨਾਲ ਇਵੇਂ ਹੀ ਕੰਮ ਕਰਦੀਆਂ ਰਹਿਣ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜੇਕਰ ਕਿਸੇ ਬੱਚੇ ਨਾਲ ਕੋਈ ਵਧੀਕੀ ਜਾਂ ਵਿਤਕਰਾ ਹੁੰਦਾ ਹੈ ਤਾਂ ਉਸ ਸੂਰਤ ਵਿੱਚ ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

ਇਸ ਤੋਂ ਬਾਅਦ ਪੰਜਾਬ ਰਾਜ ਬਾਲ ਭਲਾਈ ਕਮਿਸ਼ਨ ਦੀ ਵਾਈਸ ਚੇਅਰਮੈਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਐਮ.ਕੇ ਸ਼ਰਮਾ, ਮੈਂਬਰ ਚਾਈਲਡ ਵੈੱਲਫੇਅਰ ਕਮੇਟੀ, ਤਰਨਜੀਤ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਮਾਜ ਭਲਾਈ ਸਕੱਤਰ ਨੇ ਡੱਡੂ ਮਾਜਰਾ ਵਿੱਚ ਆਂਗਣਵਾੜੀ ਸੈਂਟਰਾਂ ਦਾ ਅਚਨਚੇਤ ਨਿਰੀਖਣ ਕੀਤਾ



**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀਮਤੀ ਅਨੁਰਾਧਾ ਐਸ. ਚਗਤੀ, ਸਕੱਤਰ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ, ਚੰਡੀਗੜ੍ਹ ਪ੍ਰਸ਼ਾਸਨ ਨੇ, ਡਾਇਰੈਕਟਰ, ਸਮਾਜ ਭਲਾਈ ਅਤੇ ਮਹਿਲਾ ਅਤੇ ਬਾਲ ਵਿਕਾਸ ਦੇ ਨਾਲ, ਅੱਜ ਡੱਡੂ ਮਾਜਰਾ ਖੇਤਰ ਵਿੱਚ ਕਾਰਜਰਤ 20 ਆਂਗਣਵਾੜੀ ਸੈਂਟਰਾਂ- ਜਿਨ੍ਹਾਂ ਵਿੱਚ 16 ਸਕਸ਼ਮ ਆਂਗਣਵਾੜੀ ਸੈਂਟਰ ਅਤੇ 4 ਮਾਡਲ ਆਂਗਣਵਾੜੀ ਸੈਂਟਰ ਸ਼ਾਮਲ ਹਨ- ਦਾ ਅਚਨਚੇਤ ਨਿਰੀਖਣ ਕੀਤਾ। ਇਹ ਨਿਰੀਖਣ ਮਿਸ਼ਨ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਦੇ ਪ੍ਰਭਾਵੀ ਲਾਗੂਕਰਨ ਦੀ ਸਮੀਖਿਆ ਹਿਤ ਕੀਤਾ ਗਿਆ।

ਨਿਰੀਖਣ ਦੇ ਦੌਰਾਨ ਸਕੱਤਰ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਸਪਲੀਮੈਂਟਰੀ ਪੋਸ਼ਣ ਪ੍ਰੋਗਰਾਮ (ਐਸਐਨਪੀ/SNP) ਦੇ ਲਾਗੂਕਰਨ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਪ੍ਰੀ-ਸਕੂਲ ਸਿੱਖਿਆ ਲਈ ਆਂਗਣਵਾੜੀ ਕੇਂਦਰਾਂ ਵਿੱਚ ਜਾਣ ਵਾਲੇ 3-6 ਸਾਲ ਦੀ ਉਮਰ ਸਮੂਹ ਦੇ ਬੱਚਿਆਂ ਨੂੰ ਦਿੱਤੇ ਜਾ ਰਹੇ ਗਰਮ ਪਕਾਏ ਹੋਏ ਭੋਜਨ ਦੀ ਗੁਣਵੱਤਾ ਦੀ ਜਾਂਚ ਕੀਤੀ। ਨਾਲ ਹੀ ਗਰਭਵਤੀ ਮਹਿਲਾਵਾਂ, ਦੁੱਧ ਚੁੰਘਾਉਣ ਵਾਲੀਆਂ ਮਾਤਾਵਾਂ ਅਤੇ 6 ਮਹੀਨੇ ਤੋਂ 3 ਸਾਲ ਦੀ ਉਮਰ ਵਰਗ ਦੇ ਬੱਚਿਆਂ ਨੂੰ ਦਿੱਤੇ ਜਾ ਰਹੇ ਟੇਕ-ਹੋਮ ਰਾਸ਼ਨ (ਟੀਐੱਚਆਰ/THR) ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਗਈ।

ਸਕੱਤਰ ਨੇ ਪ੍ਰੀ-ਸਕੂਲ ਸਿੱਖਿਆ ਗਤੀਵਿਧੀਆਂ, ਵਿਕਾਸ ਨਿਗਰਾਨੀ ਅਤੇ ਕੇਂਦਰਾਂ ਦੇ ਅੰਦਰੂਨੀ ਅਤੇ ਬਾਹਰੀ ਬੁਨਿਆਦੀ ਢਾਂਚੇ ਦਾ ਨਿਰੀਖਣ ਕੀਤਾ, ਜਿਸ ਵਿੱਚ ਬਾਲ ਅਵਸਥਾ ਸਿੱਖਿਆ ਹਿਤ ਸਵਦੇਸ਼ੀ ਖਿਡੌਣਿਆਂ ਅਤੇ ਟੀਚਿੰਗ-ਲਰਨਿੰਗ ਸਮੱਗਰੀ ਦੇ ਉਪਯੋਗ ਦੀ ਵੀ ਸਮੀਖਿਆ ਕੀਤੀ ਗਈ।

# ਜਗਤਪੁਰਾ ਖੇਤਰ ਚ ਬਿਜਲੀ ਸੁਧਾਰਾਂ ਤੇ 50 ਲੱਖ ਰੁਪਏ ਖਰਚੇ ਜਾ ਰਹੇ ਹਨ : ਐਮ ਐਲ ਏ ਕੁਲਵੰਤ ਸਿੰਘ



**ਮੁਹਾਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਬਿਜਲੀ ਸੁਧਾਰਾਂ ਲਈ ਆਰੰਭੇ 5 ਹਜਾਰ ਕਰੋੜ ਰੁਪਏ ਦੇ ਪ੍ਰੋਜੈਕਟ ਤਹਿਤ ਇਕੱਲੇ ਮੋਹਾਲੀ ਜਿਲ੍ਹੇ ਵਿੱਚ 708 ਕਰੋੜ ਰੁਪਏ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਤੇ ਖਰਚੇ ਜਾ ਰਹੇ ਹਨ, ਜਿਸ ਨਾਲ ਵੋਲਟੇਜ ਸਮੱਸਿਆ ਤੇ ਹੋਰ ਮੁਸ਼ਕਿਲਾਂ ਤੋਂ ਮੁਕੰਮਲ ਨਿਜਾਤ ਮਿਲੇਗੀ।

ਇਹ ਪ੍ਰਗਟਾਵਾ ਮੋਹਾਲੀ ਦੇ ਐਮਐਲਏ ਸਰਦਾਰ ਕੁਲਵੰਤ ਸਿੰਘ ਨੇ ਅੱਜ ਜਗਤਪੁਰਾ ਖੇਤਰ ਵਿੱਚ 100 ਕੇ.ਵੀ.ਏ. ਦੇ 5 ਟ੍ਰਾਂਸਫਾਰਮਰਾਂ ਨੂੰ ਅੱਪਗ੍ਰੇਡ ਕਰਕੇ 200 ਕੇ.ਵੀ.ਏ. ਦਾ ਕੀਤੇ ਜਾਣ ਉਪਰੰਤ ਉਦਘਾਟਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਇਹ ਕੰਮ ਪਿਛਲੇ 1 ਮਹੀਨੇ ਵਿੱਚ ਕੀਤਾ ਗਿਆ ਹੈ, ਜਿਸ ਤੇ ਲਗਭੱਗ 20 ਲੱਖ ਰੁਪਏ ਦਾ ਖ਼ਰਚਾ ਆਇਆ ਹੈ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਦੂਰਅੰਦੇਸ਼ੀ ਸੋਚ ਸਦਕਾ ਸੂਬੇ ਵਿੱਚ ਬਿਜਲੀ ਦੀ ਸਪਲਾਈ ਢਾਂਚੇ ਨੂੰ ਵਿਸ਼ਵ ਪੱਧਰੀ ਮਿਆਰ ਦਾ ਕਰਨ ਲਈ ਅਕਤੂਬਰ-2025 ਵਿੱਚ 'ਰੌਸ਼ਨ ਪੰਜਾਬ' ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਤਹਿਤ ਪੂਰੇ ਪੰਜਾਬ ਵਿੱਚ ਬਿਜਲੀ ਦਾ ਢਾਂਚਾ ਹੋਰ ਮਜ਼ਬੂਤ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਜਗਤਪੁਰਾ ਖ਼ੇਤਰ ਦਾ ਲੋਡ ਵੰਡਣ ਲਈ 11 ਕੇ.ਵੀ. ਦੀ ਇੱਕ ਨਵੀਂ ਦੀ ਲਾਈਨ ਪਾਈ ਜਾ ਰਹੀ ਹੈ, ਜਿਸ ਤੇ 30 ਲੱਖ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਨਿਰਵਿਘਨ ਅਤੇ ਸੁਰੱਖਿਅਤ ਕਰਨ ਲਈ ਐਲ.ਟੀ. ਤਾਰਾਂ ਦੇ ਸੁਧਾਰ ਲਈ ਅੱਜ ਤੋਂ ਸਰਵੇ ਦਾ ਕੰਮ ਅਰੰਭ ਕੀਤਾ ਗਿਆ ਹੈ।

ਇਸ ਮੌਕੇ ਇਲਾਕੇ ਦੇ ਲੋਕ ਅਤੇ ਪੀ ਐਸ ਪੀ ਸੀ ਐਲ ਦੇ ਅਧਿਕਾਰੀ ਵੀ ਮੌਜੂਦ ਸਨ।

# ਮਜੀਠੀਆ ਦੀ ਰਿਹਾਈ ਨਾਲ ਅਕਾਲੀ ਦਲ ਹੋਰ ਮਜਬੂਤ ਹੋ ਕੇ ਕਰੇਗਾ ਪੰਜਾਬ ਵਾਸੀਆਂ ਦੀ ਸੇਵਾ



**ਲੁਧਿਆਣਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਕਰਮ ਸਿੰਘ ਮਜੀਠੀਆ ਦੀ ਰਿਹਾਈ 'ਤੇ ਸ਼੍ਰੋਮਣੀ ਅਕਾਲੀ ਦਲ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ, ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਢਿੱਲੋਂ ਅਤੇ ਹਲਕਾ ਸਮਰਾਲਾ ਤੋਂ ਪ੍ਰਧਾਨ ਪਰਮਜੀਤ ਸਿੰਘ ਢਿੱਲੋ ਨੇ ਮਜੀਠੀਆ ਨੂੰ ਮਿਲ ਕੇ ਜਿੱਥੇ ਵਧਾਈਆਂ ਦਿੱਤੀਆਂ ਉੱਥੇ ਹੀ ਉਨਾਂ ਦਾ ਸਵਾਗਤ ਵੀ ਕੀਤਾ। ਜਿਸ ਦੌਰਾਨ ਉਨਾਂ ਮੀਡੀਆ ਦੇ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬਿਕਰਮ ਮਜੀਠੀਆ ਨੂੰ ਲੰਬੇ ਸਮੇਂ ਤੱਕ ਰਾਜਨੀਤਿਕ ਬਦਲੇ ਦੀ ਭਾਵਨਾ ਹੇਠ ਨਿਸ਼ਾਨਾ ਬਣਾਇਆ ਗਿਆ, ਪਰ ਸੱਚ ਆਖ਼ਰਕਾਰ ਸਾਹਮਣੇ ਆ ਕੇ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਦੀ ਰਿਹਾਈ ਇਸ ਗੱਲ ਦਾ ਸਬੂਤ ਹੈ ਕਿ ਅਕਾਲੀ ਦਲ ਦੇ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਫਸਾ ਕੇ ਦਬਾਇਆ ਨਹੀਂ ਜਾ ਸਕਦਾ। ਬੇਸ਼ੱਕ ਸਰਕਾਰ ਵੱਲੋਂ ਵਿਰੋਧੀ ਆਵਾਜ਼ਾਂ ਨੂੰ ਕੁਚਲਣ ਲਈ ਸੱਤਾ ਦਾ ਦੁਰ-ਉਪਯੋਗ ਕੀਤਾ ਗਿਆ, ਪਰ ਅਦਾਲਤਾਂ ਨੇ ਇਨਸਾਫ਼ ਦੀ ਲਾਜ ਰੱਖੀ ਹੈ।

ਅਸੀਂ ਹਮੇਸ਼ਾ ਕਾਨੂੰਨ 'ਤੇ ਭਰੋਸਾ ਕੀਤਾ ਹੈ ਅਤੇ ਅੱਜ ਉਹ ਭਰੋਸਾ ਸਹੀ ਸਾਬਤ ਹੋਇਆ ਹੈ, ਉਨ੍ਹਾਂ ਕਿਹਾ ਕਿ ਬਿਕਰਮ ਮਜੀਠੀਆ ਨੇ ਹਮੇਸ਼ਾ ਪੰਜਾਬ ਦੇ ਮੁੱਦਿਆਂ—ਕਿਸਾਨੀ ਹੱਕਾਂ, ਬੇਰੁਜ਼ਗਾਰੀ, ਨੌਜਵਾਨੀ ਅਤੇ ਪੰਜਾਬ ਦੇ ਮੁੱਦਿਆਂ ਦੀ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਦੀ ਰਿਹਾਈ ਨਾਲ ਅਕਾਲੀ ਦਲ ਹੋਰ ਮਜ਼ਬੂਤੀ ਨਾਲ ਪੰਜਾਬ ਦੀ ਸੇਵਾ ਲਈ ਸਮਰਪਿਤ ਹੋਵੇਗਾ। ਭੁਪਿੰਦਰ ਭਿੰਦਾ ਨੇ ਕਿਹਾ ਕਿ ਟਾਈਗਰ ਹਾਲੇ ਜਿੰਦਾ ਹੈ ਜਿਹੇ ਜੋਸ਼ੀਲੇ ਬੋਲਾਂ ਦੇ ਨਾਲ ਮਜੀਠੀਆ ਨੇ ਵਰਕਰਾਂ ਦੇ ਵਿੱਚ ਨਵਾਂ ਜੋਸ਼ ਭਰ ਦਿੱਤਾ ਤੇ ਇਹ ਰਿਹਾਈ ਸਿਰਫ਼ ਇਕ ਵਿਅਕਤੀ ਦੀ ਨਹੀਂ, ਸਗੋਂ ਪੰਜਾਬ ਦੇ ਲੋਕਤੰਤਰ ਅਤੇ ਨਿਆਂ ਪ੍ਰਣਾਲੀ ਦੀ ਜਿੱਤ ਹੈ। ਅਸੀਂ ਸੱਚ ਦੇ ਰਾਹ 'ਤੇ ਡਟੇ ਰਹਾਂਗੇ ਅਤੇ ਪੰਜਾਬ ਦੀ ਅਵਾਜ਼ ਨੂੰ ਹਰ ਮੰਚ 'ਤੇ ਉਠਾਉਂਦੇ ਰਹਾਂਗੇ।

# ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਦੀ ਪ੍ਰਧਾਨਗੀ ਹੇਠ ਆਯੋਜਿਤ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ, ਜਿਸ ਵਿੱਚ ਸ਼ਹਿਰ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਸੜਕ ਸੁਰੱਖਿਆ ਪਹਿਲਾਂ ਅਤੇ ਟ੍ਰੈਫਿਕ ਪ੍ਰਬੰਧਨ ਉਪਾਵਾਂ ਦੀ ਸਥਿਤੀ ਦੀ ਵਿਸਤ੍ਰਿਤ ਸਮੀਖਿਆ ਕੀਤੀ ਗਈ।

ਮੀਟਿੰਗ ਵਿੱਚ ਸੀਨੀਅਰ ਪੁਲਿਸ ਸੁਪਰਡੈਂਟ (ਟ੍ਰੈਫਿਕ) ਸਹਿਤ ਸਾਰੇ ਸਬੰਧਿਤ ਹਿਤਧਾਰਕ ਵਿਭਾਗਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਮੀਟਿੰਗ ਦੇ ਦੌਰਾਨ ਡਿਪਟੀ ਕਮਿਸ਼ਨਰ ਨੇ ਸੈਕਟਰ 29/30 ਦੇ ਰੋਡ ਮੀਡੀਅਨ 'ਤੇ ਸੁਰੱਖਿਆਤਮਕ ਗਰਿੱਲਾਂ ਲਗਾਉਣ ਦੇ ਕਾਰਜ ਵਿੱਚ ਤੇਜ਼ੀ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਤਾਕਿ ਅਣਅਧਿਕਾਰਿਤ ਪੈਦਲ ਯਾਤਰੀਆਂ ਦੇ ਕਰਾਸਿੰਗ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ ਅਤੇ ਜਨਤਕ ਸੁਰੱਖਿਆ ਸੁਨਿਸ਼ਚਿਤ ਕੀਤੀ ਜਾ ਸਕੇ। ਸਬੰਧਿਤ ਵਿਭਾਗਾਂ ਨੂੰ ਨਿਰਧਾਰਿਤ ਸੁਰੱਖਿਆ ਮਿਆਰਾਂ ਦੇ ਅਨੁਰੂਪ ਇਸ ਕਾਰਜ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਗ਼ੈਰ-ਮੋਟਰਾਇਜ਼ਡ ਟ੍ਰਾਂਸਪੋਰਟ ਨੂੰ ਹੁਲਾਰਾ ਦੇਣ ਅਤੇ ਟ੍ਰੈਫਿਕ ਭੀੜ ਨੂੰ ਘੱਟ ਕਰਨ ਦੇ ਉਦੇਸ਼ ਨਾਲ ਬੁਨਿਆਦੀ ਢਾਂਚੇ ਦੇ ਕਾਰਜਾਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ। ਪੂਰਵ ਮਾਰਗ 'ਤੇ ਸਾਇਕਲ ਟ੍ਰੈਕ ਨੂੰ 31 ਮਾਰਚ, 2026 ਤੱਕ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਤੋਂ ਇਲਾਵਾ, ਹੱਲੋਮਾਜਰਾ ਤੋਂ ਜ਼ੀਰਕਪੁਰ ਲਾਇਟ ਪੁਆਇੰਟ ਤੱਕ ਸੜਕ ਦੇ ਹਿੱਸੇ 'ਤੇ ਸਰਵਿਸ ਲੇਨ ਨੂੰ ਚੌੜਾ ਕਰਨ ਦੀ ਸਮੀਖਿਆ ਕੀਤੀ ਗਈ ਅਤੇ ਸਬੰਧਿਤ ਵਿਭਾਗਾਂ ਨੂੰ ਇਹ ਕਾਰਜ 31 ਮਾਰਚ, 2026 ਤੱਕ ਤਾਲਮੇਲ ਅਤੇ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਟਿਕਾਊ ਅਤੇ ਸੁਰੱਖਿਅਤ ਗਤੀਸ਼ੀਲਤਾ ਦੇ ਮਹੱਤਵ 'ਤੇ ਬਲ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਸਾਇਕਲ ਟ੍ਰੈਕਾਂ ਦੇ ਸਮੇਂ 'ਤੇ ਪੂਰਨ ਹੋਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਤਾਕਿ ਸਾਇਕਲ ਚਾਲਕਾਂ ਲਈ ਸਮਰਪਿਤ ਅਤੇ ਸੁਰੱਖਿਅਤ ਬੁਨਿਆਦੀ ਢਾਂਚਾ ਉਪਲਬਧ ਹੋ ਸਕੇ, ਵਿਭਿੰਨ ਸ਼੍ਰੇਣੀ ਦੇ ਸੜਕ ਉਪਭੋਗਤਾਵਾਂ ਦੇ ਦਰਮਿਆਨ ਟਕਰਾਅ ਬਿੰਦੂਆਂ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਣ-ਅਨੁਕੂਲ ਟ੍ਰਾਂਸਪੋਰਟ ਸਾਧਨਾਂ ਨੂੰ ਪ੍ਰੋਤਸਾਹਨ ਮਿਲੇ।

ਹਾਲ ਹੀ ਵਿੱਚ ਹੋਏ ਸੜਕ ਹਾਦਸਿਆਂ ਦੇ ਮੱਦੇਨਜ਼ਰ ਮੀਟਿੰਗ ਵਿੱਚ ਸ਼ਨਾਖ਼ਤ ਕੀਤੇ ਗਏ ਘਾਤਕ ਸੜਕ ਹਾਦਸੇ ਵਾਲੀਆਂ ਥਾਵਾਂ 'ਤੇ ਸੁਧਾਰਾਤਮਕ ਉਪਾਵਾਂ 'ਤੇ ਵੀ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਵਿੱਚ ਇੰਜੀਨੀਅਰਿੰਗ ਸੁਧਾਰ, ਸੜਕ ਦੀ ਜਿਓਮੈਟਰੀ ਵਿੱਚ ਸੁਧਾਰ, ਢੁਕਵੇਂ ਸੰਕੇਤਕ ਬੋਰਡਾਂ ਦੀ ਸਥਾਪਨਾ, ਬਿਹਤਰ ਸੜਕ ਨਿਸ਼ਾਨ, ਅਤੇ ਟ੍ਰੈਫਿਕ ਨੂੰ ਸ਼ਾਂਤ ਕਰਨ ਵਾਲੇ ਉਪਾਵਾਂ ਨੂੰ ਲਾਗੂ ਕਰਨ ਜਿਹੇ ਤੁਰੰਤ ਉਪਚਾਰਕ ਕਦਮਾਂ 'ਤੇ ਚਰਚਾ ਕੀਤੀ ਗਈ। ਸਬੰਧਿਤ ਵਿਭਾਗਾਂ ਨੂੰ ਇਨ੍ਹਾਂ ਕਮਜ਼ੋਰ ਥਾਵਾਂ 'ਤੇ ਜੋਖਮ ਘਟਾਉਣ ਅਤੇ ਹਾਦਸਿਆਂ ਦੇ ਮੁੜ ਵਾਪਰਨ ਨੂੰ ਰੋਕਣ ਹਿਤ ਜਲਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਡਿਪਟੀ ਕਮਿਸ਼ਨਰ ਸੜਕਾਂ ਅਤੇ ਫੁੱਟਪਾਥਾਂ ਤੋਂ ਕਬਜ਼ੇ ਤੁਰੰਤ ਹਟਾਉਣ ਦੀ ਨਿਯਮਿਤ ਨਿਗਰਾਨੀ ਅਤੇ ਤੇਜ਼ ਕਾਰਵਾਈ ਸੁਨਿਸ਼ਚਿਤ ਕਰਨ ਦੇ ਵੀ ਨਿਰਦੇਸ਼ ਦਿੱਤੇ, ਤਾਕਿ ਟ੍ਰੈਫਿਕ ਸੁਚਾਰੂ ਤੌਰ 'ਤੇ ਸੰਚਾਲਿਤ ਹੋ ਸਕੇ ਅਤੇ ਸੰਪੂਰਨ ਸੜਕ ਸੁਰੱਖਿਆ ਵਿੱਚ ਸੁਧਾਰ ਹੋਵੇ। ਵਿਭਾਗਾਂ ਨੂੰ ਅੰਤਰ-ਵਿਭਾਗੀ ਤਾਲਮੇਲ ਬਣਾਈ ਰੱਖਣ ਅਤੇ ਚਲ ਰਹੇ ਕਾਰਜਾਂ ਅਤੇ ਦਖਲਅੰਦਾਜ਼ੀਆਂ ਦੀ ਪ੍ਰਭਾਵੀ ਨਿਗਰਾਨੀ ਹਿਤ ਸਮੇਂ-ਸਮੇਂ 'ਤੇ ਪ੍ਰਗਤੀ ਰਿਪੋਰਟਾਂ ਪ੍ਰਸਤੁਤ ਕਰਨ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਸੜਕ ਸੁਰੱਖਿਆ ਤੰਤਰ ਨੂੰ ਮਜ਼ਬੂਤ ਕਰਨ ਅਤੇ ਚੰਡੀਗੜ੍ਹ ਦੇ ਸਾਰੇ ਸੜਕ ਉਪਭੋਗਤਾਵਾਂ ਲਈ ਸੁਰੱਖਿਅਤ, ਵਧੇਰੇ ਕੁਸ਼ਲ ਅਤੇ ਯਾਤਰੀ-ਅਨੁਕੂਲ ਸੜਕ ਵਾਤਾਵਰਣ ਸੁਨਿਸ਼ਚਿਤ ਕਰਨ ਦੀ ਪ੍ਰਸ਼ਾਸਨ ਦੀ ਦ੍ਰਿੜ੍ਹ ਪ੍ਰਤੀਬੱਧਤਾ ਦੁਹਰਾਉਂਦੇ ਹੋਏ ਸਮਾਪਤ ਹੋਈ।

# ਮਾਤਾ ਖੀਵੀ ਬਿਰਧ ਘਰ ਵਿਖੇ ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਯੋਗਾ ਸੈਸ਼ਨ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੀਨੀਅਰ ਸਿਟੀਜ਼ਨ ਸਟੇਟ ਐਕਸ਼ਨ ਪਲਾਨ 2025-26 ਤਹਿਤ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਦੇ ਤਹਿਤ ਅੱਜ ਮਾਤਾ ਖੀਵੀ ਬਿਰਧ ਘਰ, ਮੇਨ ਰੋਡ ਸੂਲਰ (ਪਟਿਆਲਾ) ਵਿਖੇ ਬਜ਼ੁਰਗਾਂ ਦੀ ਸਿਹਤ ਸੰਭਾਲ ਸਬੰਧੀ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ।

ਇਸ ਯੋਗਾ ਕੈਂਪ ਦਾ ਮੁੱਖ ਉਦੇਸ਼ ਬਜ਼ੁਰਗ ਨਾਗਰਿਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਯੋਗਾ ਰਾਹੀਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਬਾਰੇ ਜਾਗਰੂਕਤਾ ਫੈਲਾਉਣਾ ਸੀ। ਕੈਂਪ ਦੌਰਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਪਟਿਆਲਾ ਜੋਬਨਦੀਪ ਕੌਰ ਚੀਮਾ ਨੇ ਬਜ਼ੁਰਗਾਂ ਨਾਲ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਨਿਯਮਤ ਯੋਗਾ ਕਰਨ ਨਾਲ ਕਈ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਇਹ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦਗਾਰ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਅਤੇ ਸੁਰੱਖਿਆ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

ਇਸ ਮੌਕੇ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਵੱਲੋਂ ਉਤਸ਼ਾਹ ਨਾਲ ਭਾਗ ਲਿਆ ਗਿਆ ਅਤੇ ਉਨ੍ਹਾਂ ਨੇ ਇਸ ਉਪਰਾਲੇ ਦੀ ਖੁਲ ਕੇ ਸਰਾਹਨਾ ਕੀਤੀ।

# ਬਲਜਿੰਦਰ ਸਿੰਘ ਬੰਟੀ ਨੇ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਜਿੰਦਰ ਸਿੰਘ ਬੰਟੀ ਨੇ, ਸੈਕਟਰ-68, ਮੋਹਾਲੀ ਦੇ ਜੰਗਲਾਤ ਕੰਪਲੈਕਸ ਵਿਖੇ ਅੱਜ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ (ਪੀ.ਐਸ.ਐਫ.ਡੀ.ਸੀ.) ਦੇ ਨਵੇਂ ਵਾਈਸ- ਚੇਅਰਮੈਨ ਵਜੋਂ ਚਾਰਜ ਸੰਭਾਲਿਆ। ਉਨ੍ਹਾਂ ਨੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ, ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਏ ਅਤੇ ਬਾਗਬਾਨੀ ਮਹਿੰਦਰ ਭਗਤ ਅਤੇ ਹੋਰ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਪਣਾ ਅਹੁਦਾ ਸੰਭਾਲਿਆ।

ਇਸ ਮੌਕੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਬਲਜਿੰਦਰ ਸਿੰਘ ਬੰਟੀ ਨੂੰ ਇਹ ਵੱਕਾਰੀ ਜ਼ਿੰਮੇਵਾਰੀ ਸੌਂਪਣ ਲਈ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਨਵੇਂ ਵਾਈਸ ਚੇਅਰਮੈਨ ਜੰਗਲਾਤ ਵਿਭਾਗ ਦੇ ਵਿਕਾਸ ਕੇਂਦਰਿਤ ਏਜੰਡੇ ਨੂੰ ਅੱਗੇ ਵਧਾਉਣਗੇ, ਜੋ ਬੂਟੇ ਲਗਾਉਣ ਅਤੇ ਹਰਿਆਲੀ ਵਧਾਉਣ ’ਤੇ ਕੇਂਦ੍ਰਿਤ ਹੈ।

ਨਵ- ਨਿਯੁਕਤ ਵਾਈਸ ਚੇਅਰਮੈਨ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਸ ਨਿਯੁਕਤੀ ਸਦਕਾ ਜ਼ਮੀਨ ਨਾਲ ਜੁੜੇ ਇੱਕ ਸਮਰਪਿਤ ਵਰਕਰ ਨੂੰ ਸਨਮਾਨ ਦਿੱਤਾ ਗਿਆ ਹੈ।

ਕੌਮੀ ਕਨਵੀਨਰ ‘ਆਪ’ ਅਰਵਿੰਦ ਕੇਜਰੀਵਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਉਨ੍ਹਾਂ ’ਤੇ ਵਿਸ਼ਵਾਸ ਜਤਾਉਣ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਵਾਈਸ ਚੇਅਰਮੈਨ ਬਲਜਿੰਦਰ ਸਿੰਘ ਬੰਟੀ ਨੇ ਭਰੋਸਾ ਦਿਵਾਇਆ ਕਿ ਉਹ ਉਮੀਦਾਂ ’ਤੇ ਖ਼ਰੇ ਉੱਤਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਅਤੇ ਵਿਕਾਸ ਦੇ ਏਜੰਡੇ ਨੂੰ ਅੱਗੇ ਵਧਾਉਣਾ ਉਨ੍ਹਾਂ ਲਈ ਮੁੱਢਲੀ ਤਰਜੀਹ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਗਊ ਸੇਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਕੀਮਤੀ ਭਗਤ, ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਚੇਅਰਮੈਨ ਰਾਕੇਸ਼ ਪੁਰੀ, ਮੁੱਖ ਜੰਗਲੀ ਜੀਵ ਵਾਰਡਨ ਬਸੰਤਾ ਰਾਜ ਕੁਮਾਰ ਅਤੇ ਏ.ਪੀ.ਸੀ.ਸੀ.ਐਫ. ਅਤੇ ਸੀ.ਈ.ਓ. (ਪਨਕੈਂਪਾ) ਸੌਰਭ ਗੁਪਤਾ ਵੀ ਮੌਜੂਦ ਸਨ।

# ਕੈਨੇਡੀਅਨ ਵਫ਼ਦ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ, ਨਿਵੇਸ਼, ਨਵੀਨਤਾ ਅਤੇ ਹੁਨਰ ਵਿਕਾਸ ’ਤੇ ਫਲਦਾਇਕ ਚਰਚਾ ਕੀਤੀ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੇ ਅਲਬਰਟਾ ਤੋਂ ਇੱਕ ਉੱਚ ਪੱਧਰੀ ਵਫ਼ਦ, ਆਦਿਵਾਸੀ ਸਬੰਧਾਂ ਦੇ ਮੰਤਰੀ ਰਾਜਨ ਸਾਹਨੀ ਦੀ ਅਗਵਾਈ ਵਿੱਚ, ਬੁੱਧਵਾਰ ਦੇਰ ਸ਼ਾਮ ਨੂੰ ਚੰਡੀਗੜ੍ਹ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਨਿਵਾਸ ਸਥਾਨ, ਸੰਤ ਕਬੀਰ ਕੁਟੀਰ ਵਿਖੇ ਮਿਲਿਆ। ਦੋਵਾਂ ਧਿਰਾਂ ਵਿਚਕਾਰ ਨਿਵੇਸ਼, ਨਵੀਨਤਾ, ਸਿੱਖਿਆ, ਹੁਨਰ ਵਿਕਾਸ ਅਤੇ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ’ਤੇ ਵਿਸਥਾਰਤ ਚਰਚਾ ਹੋਈ। ਵਫ਼ਦ ਦਾ ਸਵਾਗਤ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਹਮੇਸ਼ਾ ਵਿਸ਼ਵਵਿਆਪੀ ਸਹਿਯੋਗ ਲਈ ਤਿਆਰ ਹੈ ਜੋ ਰਾਜ ਵਿੱਚ ਹੁਨਰ ਵਾਧਾ, ਨਵੀਨਤਾ ਅਤੇ ਆਰਥਿਕ ਵਿਕਾਸ ਨੂੰ ਤੇਜ਼ ਕਰੇਗਾ। ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਜਿਸ ਨਾਲ ਵਿਦਿਅਕ ਸਹਿਯੋਗ ਦੋਵਾਂ ਧਿਰਾਂ ਲਈ ਇੱਕ ਮਹੱਤਵਪੂਰਨ ਖੇਤਰ ਬਣ ਗਿਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਹਰਿਆਣਾ ਸਰਕਾਰ ਦੁਵੱਲੇ ਸਹਿਯੋਗ, ਵਿਦਿਅਕ ਆਦਾਨ-ਪ੍ਰਦਾਨ ਅਤੇ ਆਰਥਿਕ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਵਾਲੇ ਸਾਰੇ ਖੇਤਰਾਂ ਵਿੱਚ ਆਪਣਾ ਪੂਰਾ ਸਮਰਥਨ ਪ੍ਰਦਾਨ ਕਰੇਗੀ। ਹਰਿਆਣਾ ਦਾ ਵਿਦੇਸ਼ੀ ਸਹਿਯੋਗ ਵਿਭਾਗ ਅੰਤਰਰਾਸ਼ਟਰੀ ਸਬੰਧਾਂ, ਨਵੀਨਤਾ ਅਤੇ ਵਿਦੇਸ਼ੀ ਨਿਵੇਸ਼ ਵਰਗੇ ਖੇਤਰਾਂ ’ਤੇ ਲਗਾਤਾਰ ਕੰਮ ਕਰ ਰਿਹਾ ਹੈ।

ਮੀਟਿੰਗ ਦੌਰਾਨ, ਉੱਚ ਸਿੱਖਿਆ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ ’ਤੇ ਵਿਸ਼ੇਸ਼ ਤੌਰ ’ਤੇ ਚਰਚਾ ਕੀਤੀ ਗਈ। ਹਰਿਆਣਾ ਵਿੱਚ ਇੱਕ ਕੈਨੇਡੀਅਨ ਯੂਨੀਵਰਸਿਟੀ ਕੈਂਪਸ ਸਥਾਪਤ ਕਰਨ ਦੇ ਵਿਚਾਰ ’ਤੇ ਚਰਚਾ ਕੀਤੀ ਗਈ।



ਕੈਨੇਡਾ ਦੇ ਅਲਬਰਟਾ ਦੇ ਆਦਿਵਾਸੀ ਸਬੰਧਾਂ ਦੇ ਮੰਤਰੀ ਰਾਜਨ ਸਾਹਨੀ ਨੇ ਉਦਯੋਗਿਕ ਵਿਕਾਸ, ਨਵੀਨਤਾ ਅਤੇ ਮਨੁੱਖੀ ਸਰੋਤ ਵਿਕਾਸ ਨਾਲ ਸਬੰਧਤ ਹਰਿਆਣਾ ਦੀਆਂ ਨੀਤੀਆਂ ਦੀ ਸ਼ਲਾਘਾ ਕੀਤੀ।

ਮੀਟਿੰਗ ਦੌਰਾਨ, ਵਫ਼ਦ ਨੂੰ ਅਲਬਰਟਾ ਦੀ ਉੱਨਤ ਹੁਨਰ ਵਿਕਾਸ ਪ੍ਰਣਾਲੀ ਅਤੇ ਵੱਖ-ਵੱਖ ਸਿੱਖਿਆ ਅਤੇ ਰੁਜ਼ਗਾਰ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ ਗਈ। ਹਰਿਆਣਾ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਮਹੱਤਵਪੂਰਨ ਤੌਰ ਤੇ ਵਧਾਉਣ ਲਈ, ਮੁੱਖ ਤੌਰ ਤੇ ਹੁਨਰ ਸਿਖਲਾਈ, ਕਿੱਤਾਮੁਖੀ ਸਿੱਖਿਆ ਅਤੇ ਉਦਯੋਗ-ਅਧਾਰਤ ਪ੍ਰੋਗਰਾਮਾਂ ਵਿੱਚ ਭਾਈਵਾਲੀ ’ਤੇ ਵੀ ਚਰਚਾ ਕੀਤੀ ਗਈ।

ਵਫ਼ਦ ਨੇ ਊਰਜਾ, ਫੂਡ ਪ੍ਰੋਸੈਸਿੰਗ, ਖੇਤੀਬਾੜੀ, ਲੌਜਿਸਟਿਕਸ ਅਤੇ ਮੁਕਤ ਵਪਾਰ ਵਰਗੇ ਮੁੱਖ ਖੇਤਰਾਂ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਤੇ ਵੀ ਚਰਚਾ ਕੀਤੀ।

ਮੁੱਖ ਮੰਤਰੀ ਨੇ ਨਵਿਆਉਣਯੋਗ ਊਰਜਾ, ਖੇਤੀਬਾੜੀ-ਅਧਾਰਤ ਉਦਯੋਗਾਂ ਅਤੇ ਸਪਲਾਈ ਲੜੀ ਦੇ ਬੁਨਿਆਦੀ ਢਾਂਚੇ ਵਿੱਚ ਹਰਿਆਣਾ ਦੀਆਂ ਵਧਦੀਆਂ ਸਮਰੱਥਾਵਾਂ ਦੇ ਮੱਦੇਨਜ਼ਰ ਤਕਨਾਲੋਜੀ ਆਦਾਨ-ਪ੍ਰਦਾਨ ਅਤੇ ਨਿਵੇਸ਼ ਵਰਗੇ ਮੁੱਦਿਆਂ ਤੇ ਵਿਸ਼ੇਸ਼ ਜ਼ੋਰ ਦਿੱਤਾ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਵਿਦੇਸ਼ੀ ਸਹਿਯੋਗ ਵਿਭਾਗ ਦੇ ਪ੍ਰਮੁੱਖ ਸਕੱਤਰ ਅਮਨੀਤ ਪੀ. ਕੁਮਾਰ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਜਨਰਲ ਕੇ.ਮਕਰੰਦ ਪਾਂਡੂਰੰਗ, ਵਿਦੇਸ਼ੀ ਸਹਿਯੋਗ ਵਿਭਾਗ ਦੇ ਸਲਾਹਕਾਰ ਪਵਨ ਚੌਧਰੀ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਰਾਜਪਾਲ ਦੀ ਆਮਦ ਦੀਆਂ ਤਿਆਰੀਆਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਬੈਠਕ

**ਫਾਜ਼ਿਲਕਾ , 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਬੀਤੇ ਦਿਨੀ ਪੰਜਾਬ ਲੋਕ ਭਵਨ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਸਾਂਝੀ ਕੀਤੀ ਗਈ ਕਿ ਸੂਬੇ ਵਿੱਚ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਮਜ਼ਬੂਤ ਕਰਨ ਲਈ ਸਰਹੱਦੀ ਜ਼ਿਲ੍ਹਿਆਂ ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਚਾਰ-ਰੋਜ਼ਾ ਜਾਗਰੂਕਤਾ ਪੈਦਲ ਯਾਤਰਾ ਕੱਢੀ ਜਾਣੀ ਹੈ, ਜਿਸਦੀ ਅਗਵਾਈ ਉਹ ਖੁਦ ਕਰਨਗੇ

ਇਸੇ ਤਹਿਤ ਮਾਨਯੋਗ ਰਾਜਪਾਲ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਦੀ ਆਮਦ ਨੂੰ ਲੈ ਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸਾ-ਨਿਰਦੇਸ਼ਾਂ *ਤੇ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਦੱਸਿਆ ਕਿ ਮਾਨਯੋਗ ਰਾਜਪਾਲ ਪੰਜਾਬ 11 ਤੋਂ 12 ਫਰਵਰੀ ਤੱਕ ਜ਼ਿਲ੍ਹਾ ਫਾਜ਼ਿਲਕਾ ਵਿਖੇ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਦੀ ਅਗਵਾਈ ਕਰਨਗੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਿਤੀ 11 ਫਰਵਰੀ 2026 ਨੂੰ ਮਾਨਯੋਗ ਰਾਜਪਾਲ ਪੰਜਾਬ ਜੀ ਫਾਜ਼ਿਲਕਾ ਦੇ ਜੱਟਵਾਲੀ ਮੁੜ ਵਸੇਬਾ ਕੇਂਦਰ ਦਾ ਦੌਰਾ ਕਰਨਗੇ। ਇਸ ਤੋਂ ਇਲਾਵਾ ਮਾਨਯੋਗ ਰਾਜਪਾਲ ਪੰਜਾਬ ਆਸਫ ਵਾਲਾ ਸ਼ਹੀਦੀ ਸਮਾਰਕ ਵਿਖੇ ਨਤਮਸਤਕ ਹੋਣਗੇ ।

ਇਸ ਉਪਰੰਤ ਸੰਜੀਵ ਸਿਨੇਮਾ ਫਾਜ਼ਿਲਕਾ ਤੋਂ ਘੰਟਾ ਘਰ ਫਾਜ਼ਿਲਕਾ ਤੱਕ ਪੈਦਲ ਮਾਰਚ ਦੀ ਅਗਵਾਈ ਕਰਨਗੇ ਤੇ ਸਰਹੱਦੀ ਜ਼ਿਲ੍ਹੇ ਦੀਆਂ ਪਿੰਡ ਸੁਰੱਖਿਆ ਕਮੇਟੀਆਂ (ਵੀ.ਡੀ.ਸੀ) ਨਾਲ ਮੀਟਿੰਗ ਕਰਨਗੇ।

ਜ਼ਿਲ੍ਹਾ ਫਾਜ਼ਿਲਕਾ ਦੇ ਦੂਸਰੇ ਦਿਨ ਦੇ ਦੌਰੇ ਦੌਰਾਨ ਮਾਨਯੋਗ ਰਾਜਪਾਲ ਪੰਜਾਬ ਮਿਤੀ 12 ਫਰਵਰੀ 2026 ਨੂੰ ਮਿਉਸਪਲ ਕਾਰਪੋਰੇਸ਼ਨ ਦਫਤਰ ਅਬੋਹਰ ਤੋਂ ਡੀ.ਏ.ਵੀ. ਕਾਲਜ ਅਬੋਹਰ ਤੱਕ ਨਸ਼ਿਆਂ ਵਿਰੁੱਧ ਕੱਢੀ ਜਾ ਰਹੀ ਪੈਦਲ ਯਾਤਰਾ ਦੀ ਅਗਵਾਈ ਕਰਨਗੇ।

ਉਨ੍ਹਾਂ ਵਿਭਾਗਾਂ ਨੂੰ ਸਖਤ ਨਿਰਦੇਸ਼ ਦਿੱਤੇ ਕਿ ਮਾਨਯੋਗ ਰਾਜਪਾਲ ਪੰਜਾਬ ਦੀ ਆਮਦ ਦੇ ਮੱਦੇਨਜਰ ਸਾਰੇ ਪੁਖਤਾ ਪ੍ਰਬੰਧ ਯਕੀਨੀ ਬਣਾ ਲਏ ਜਾਣ ਤੇ ਆਮਦ ਦੀਆਂ ਤਿਆਰੀਆਂ ਸਬੰਧੀ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਪੈਦਲ ਯਾਤਰਾ ਜਨਤਕ ਭਾਗੀਦਾਰੀ ਦੇ ਸਹਿਯੋਗ ਨਾਲ ਕੱਢੀ ਜਾ ਰਹੀ ਹੈ ਜਿਸ ਦਾ ਮੁੱਖ ਉਦੇਸ਼ ਨਸ਼ਿਆਂ ਖਿਲਾਫ ਨੌਜਵਾਨ ਪੀੜੀ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਸਾਡਾ ਭਵਿੱਖ ਇਸ ਭੈੜੀ ਅਲਾਮਤ ਤੋਂ ਦੂਰ ਰਹੇ ਤੇ ਸਾਡਾ ਸੂਬਾ ਰੰਗਲਾ ਤੇ ਖੁਸ਼ਹਾਲ ਪੰਜਾਬ ਬਣੇ।

# ਪ੍ਰਸ਼ਾਸਨ ਨੇ ਨਾਜਾਇਜ਼ ਉਸਾਰੀਆਂ ਢਾਹੀਆਂ



**ਯਮੁਨਾਨਗਰ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਨੇ ਯਮੁਨਾਨਗਰ-ਜਗਾਧਰੀ ਸ਼ਹਿਰੀ ਖੇਤਰ ਸਥਿਤ ਮੌਜ਼ਾ ਨੌਗਾਓਂ ਜਾਗੀਰ ਵਿੱਚ ਨਾਜਾਇਜ਼ ਕਲੋਨੀ ਨੂੰ ਢਾਹ ਦਿੱਤਾ। ਜ਼ਿਲ੍ਹਾ ਟਾਊਨ ਪਲੈਨਰ ?ਰਾਜੇਸ਼ ਕੁਮਾਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪ੍ਰੀਤੀ ਦੇ ਹੁਕਮਾਂ ਤੋਂ ਬਾਅਦ ਟੀਮ ਬਣਾਈ ਗਈ ਸੀ। ਇਸ ਦੌਰਾਨ ਟੀਮ ਨੇ ਕਾਰਵਾਈ ਕਰਦਿਆਂ ਢਾਈ ਏਕੜ ਵਿੱਚ ਉਸਾਰੀ ਅਧੀਨ ਕਲੋਨੀ ਵਿੱਚ ਕੱਚੀਆਂ ਸੜਕਾਂ, ਪਲਾਟ ਦੇ ਨਿਸ਼ਾਨ ਅਤੇ ਚਾਰਦੀਵਾਰੀ ਨੂੰ ਢਾਹ ਦਿੱਤਾ। ਜ਼ਿਲ੍ਹਾ ਟਾਊਨ ਪਲੈਨਰ ਨੇ ਦੱਸਿਆ ਕਿ ਜ਼ਮੀਨ ਮਾਲਕਾਂ ਨੇ ਉਸਾਰੀ ਤੋਂ ਪਹਿਲਾਂ ਲੋੜੀਂਦੀ ਪ੍ਰਵਾਨਗੀ ਨਹੀਂ ਲਈ, ਇਸ ਲਈ ਇਹ ਕਾਰਵਾਈ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਪ੍ਰੀਤੀ ਅਤੇ ਜ਼ਿਲ੍ਹਾ ਟਾਊਨ ਪਲੈਨਰ ?ਅਫ਼ਸਰ ਰਾਜੇਸ਼ ਕੁਮਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕੋਈ ਵੀ ਕਿਸੇ ਵੀ ਗੈਰ-ਕਾਨੂੰਨੀ ਕਲੋਨੀ ਵਿੱਚ ਪਲਾਟ ਆਦਿ ਨਾ ਖਰੀਦਿਆ ਅਤੇ ਨਾ ਹੀ ਵੇਚਿਆ ਜਾਵੇ। ਜੇਕਰ ਕੋਈ ਵਿਅਕਤੀ ਅਜੇ ਵੀ ਗੈਰ-ਕਾਨੂੰਨੀ ਨਿਰਮਾਣ ਕਰਦਾ ਹੈ ਤਾਂ ਉਹ ਇਸ ਲਈ ਜ਼ਿੰਮੇਵਾਰ ਹੋਵੇਗਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਭਵਿੱਖ ਵਿੱਚ ਵੀ ਨਿਯਮਾਂ ਅਨੁਸਾਰ ਉਸ ਵਿਰੁੱਧ ਕਾਰਵਾਈ ਕਰੇਗਾ।

# ਗਰੀਨ ਸਕੂਲ ਪ੍ਰੋਗਰਾਮ ਦੇ ਜ਼ਿਲ੍ਹਾ ਕੋਆਰਡੀਨੇਟਰ ਵਿਜੈਪਾਲ ਨੂੰ ਮਿਲਿਆ ਕੌਮੀ ਪੱਧਰ ਤੇ ਸਨਮਾਨ

**ਫਾਜ਼ਿਲਕਾ , 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ—ਨਿਰਦੇਸ਼ਾਂ ਅਤੇ ਸਿਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਮਾਰਗਦਰਸ਼ਨ ਹੇਠ ਸਿਖਿਆ ਦੇ ਖੇਤਰ ਨੂੰ ਨਵੀਂ ਦਿਸ਼ਾ ਦੇਣ ਅਤੇ ਉਚਾਈਆਂ ਵੱਲ ਲਿਜਾਉਣ ਦੀ ਲੜੀ ਵਿਚ ਫਾਜ਼ਿਲਕਾ ਜ਼ਿਲ੍ਹੇ ਵਿਚ ਗਰੀਨ ਸਕੂਲ ਪ੍ਰੋਗਰਾਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਲਈ ਇਸ ਪ੍ਰੋਗਰਾਮ ਦੇ ਪ੍ਰੋਜੈਕਟ ਕੋਆਰਡੀਨੇਟਰ ਵਿਜੈ ਪਾਲ ਨੂੰ ਕੌਮੀ ਪੱਧਰ ਤੇ ਹੋਈ ਸਮਾਗਮ ਦੌਰਾਨ ਵਿਸੇਸ਼ ਤੌਰ ਤੇ ਸਨਮਾਨਤ ਕੀਤਾ ਗਿਆ ਹੈ।

ਆਪਣੀ ਇਸੇ ਪ੍ਰਾਪਤੀ ਨੂੰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ) ਸ੍ਰੀ ਅਜੈ ਸ਼ਰਮਾ ਅਤੇ ਜ਼ਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ) ਸ੍ਰੀ ਸਤੀਸ਼ ਕੁਮਾਰ ਅਤੇ ਸਟੇਟ ਪੱਧਰ ਤੋਂ ਕੁਲਬੀਰ ਸਿੰਘ ਬਾਠ ਸੰਯੁਕਤ ਡਾਇਰੈਕਟਰ, ਸਾਇੰਸ ਤੇ ਵਾਤਾਵਰਨ ਆਊਟਰਿਚ ਪ੍ਰੋਗਰਾਮ ਅਤੇ ਮੈਡਮ ਮੰਦਾਕਨੀ ਨੇ ਕੁਸ਼ਲ ਮਾਰਗਦਰਸ਼ਨ ਨੂੰ ਸਮਰਪਿਤ ਕਰਦਿਆਂ ਵਿਜੈ ਪਾਲ ਨੇ ਕਿਹਾ ਕਿ ਇਸ ਲਈ ਜ਼ਿਲ੍ਹੇ ਦੇ ਉਨ੍ਹਾਂ ਸਾਰੇ ਸਕੂਲਾਂ ਦਾ ਵੀ ਉਹ ਧੰਨਵਾਦ ਕਰਦੇ ਹਨ ਜਿੰਨ੍ਹਾ ਨੇ ਇਸ ਪ੍ਰੋਗਰਾਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਜਿਕਰਯੋਗ ਹੈ ਕਿ ਜ਼ਿਲ੍ਹਾ ਫਾਜ਼ਿਲਕਾ ਦੇ 11 ਸਕੂਲਾਂ ਨੂੰ ਕੌਮੀ ਪੱਧਰ *ਤੇ ਗ੍ਰੀਨ ਸਕੂਲ ਵਜੋਂ ਅਵਾਰਡ ਮਿਲਿਆ ਹੈ ਜੋ ਕਿ ਫਾਜ਼ਿਲਕਾ ਵਾਸੀਆਂ ਲਈ ਮਾਣ ਵਾਲੀ ਗੱਲ ਹੈ।

ਆਏ ਜ ਕੇ ਸ਼ ਨ ਵਾਤਾਵਰਨ ਪ੍ਰੋਗਰਾਮ ਦੇ ਜ਼ਿਲ੍ਹਾ ਕੁਆਰਡੀਨੇਟਰ ਸ੍ਰੀ ਵਿਜੈ ਪਾਲ ਨੂੰ ਉਨ੍ਹਾਂ ਦੇ ਇਸ ਪ੍ਰੋਗਰਾਮ ਵਿਚ ਯੋਗਦਾਨ, ਇਸ ਨੂੰ ਜ਼ਿਲ੍ਹੇ ਵਿਚ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਵਾਉਣ ਅਤੇ ਇਸ ਲਈ ਜ਼ਿਲ੍ਹੇ ਤੋਂ ਜਿਆਦਾ ਤੋਂ ਜਿਆਦਾ ਅਤੇ ਸਮੇਂ ਸਿਰ ਭਾਗੀਦਾਰੀ ਯਕੀਨੀ ਬਣਾਉਣ ਲਈ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵੱਲੋਂ ਇਹ ਸਨਮਾਨ ਪੱਤਰ ਦਿੱਤਾ ਗਿਆ ਹੈ। ਇਹ ਸਮਾਗਮ ਇੰਡੀਆ ਹੈਬੀਟੈਟ ਸੈਂਟਰ ਨਵੀ ਦਿੱਲੀ ਦੇ ਆਡੀਟੋਰੀਅਮ ਹਾਲ ਵਿਖੇ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਗ੍ਰੀਨ ਸਕੂਲ ਪ੍ਰੋਗਰਾਮ ਦੀ ਰੇਟਿੰਗ ਵਾਤਾਵਰਣ ਦੇ ਵੱਖ—ਵੱਖ ਪਹਿਲੂਆਂ ਹਵਾ, ਉਰਜਾ, ਜਮੀਨ, ਭੋਜਨ, ਪਾਣੀ, ਰਹਿੰਦ—ਖੂੰਹਦ ਦੀ ਸਹੀ ਵਰਤੋਂ ਅਤੇ ਸਾਂਭ—ਸੰਭਾਲ ਦੇ ਆਧਾਰ *ਤੇ ਕਰਵਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲੂਆਂ ਦੇ ਆਧਾਰ *ਤੇ ਹੀ ਜ਼ਿਲ੍ਹਾ ਫਾਜ਼ਿਲਕਾ ਦੇ 11 ਸਕੂਲਾਂ ਨੇ ਇਹ ਮਾਣ ਹਾਸਲ ਕੀਤਾ ਹੈ।

# ਮਹਾਰਾਸ਼ਟਰ ਤੇ ਉੜੀਸਾ ਦੇ ਖਿਡਾਰੀਆਂ ਨੇ ਖਿਤਾਬ ਜਿੱਤੇ

**ਸ਼ਾਹਬਾਦ ਮਾਰਕੰਡਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ 35ਵੀਂ ਸਬ-ਜੂਨੀਅਰ ਨੈਸ਼ਨਲ ਖੋ ਖੋ ਚੈਂਪੀਅਨਸ਼ਿਪ 2025, 26 ਲੜਕੇ ਤੇ ਲੜਕੀਆਂ ਦੀ ਅੱਜ ਕੁਰੂਕਸ਼ੇਤਰ ਦੇ ਕੇਸ਼ਵ ਪਾਰਕ ਵਿੱਚ ਸਮਾਪਤ ਹੋਈ। ਲੜਕੀਆਂ ਦੇ ਵਰਗ ਵਿੱਚ ਮੌਜੂਦਾ ਚੈਂਪੀਅਨ ਮਹਾਰਾਸ਼ਟਰ ਨੇ ਰਾਜਸਥਾਨ ਨੂੰ 27, 15 ਨਾਲ ਹਰਾ ਕੇ 12 ਅੰਕਾਂ ਤੇ ਇਕ ਪਾਰੀ ਨਾਲ ਖਿਤਾਬ ਜਿੱਤਿਆ। ਲੜਕਿਆਂ ਦੇ ਵਰਗ ਵਿੱਚ ਉੜੀਸਾ ਨੇ ਕੋਹਲਾਪੁਰ ਨੂੰ 31, 24 ਨਾਲ ਹਰਾ ਕੇ 7 ਅੰਕਾਂ ਤੇ ਇਕ ਪਾਰੀ ਨਾਲ ਚੈਂਪੀਅਨ ਬਣੇ। ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ ਨੇ ਸਾਂਝੇ ਤੌਰ ’ਤੇ ਲੜਕਿਆਂ ਦੇ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਪੰਜਾਬ ਤੇ ਹਰਿਆਣਾ ਨੇ ਸਾਂਝੇ ਤੌਰ ’ਤੇ ਲੜਕੀਆਂ ਦੇ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਚੈਂਪੀਅਨਸ਼ਿਪ ਹਰਿਆਣਾ ਸਪੋਰਟਸ ਖੋ-ਖੋ ਐਸੋਸੀਏਸ਼ਨ ਵੱਲੋਂ ਖੋ-ਖੋ ਫੈਡਰੇਸ਼ਨ ਆਫ ਇੰਡੀਆ ਦੀ ਅਗਵਾਈ ਹੇਠ ਕਰਵਾਈ ਗਈ। ਇਸ ਕੌਮੀ ਪ੍ਰੋਗਰਾਮ ਦਾ ਉਦਘਾਟਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 31 ਜਨਵਰੀ ਨੂੰ ਕੀਤਾ ਸੀ। ਇਸ ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਸੂਬਿਆਂ, ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਤੇ ਤਿੰਨ ਸਹਿਯੋਗੀ ਮੈਂਬਰ ਐਸੋਸੀਏਸ਼ਨ ਦੇ 31 ਲੜਕੇ ਤੇ 31 ਲੜਕੀਆਂ ਦੀਆਂ ਟੀਮਾਂ ਸ਼ਾਮਲ ਸਨ। ਖੋ-ਖੋ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਸੁਧਾਂਸ਼ੂ ਮਿੱਤਲ ਨੇ ਕਿਹਾ ਕਿ ਇਹ ਨੌਜਵਾਨ ਪ੍ਰਤਿਭਾਵਾਂ ਇਕ ਉਜੱਲੇ ਭਵਿੱਖ ਵੱਲ ਵਧ ਰਹੀਆਂ ਹਨ। ਕੇ ਕੇ ਐੱਫ ਆਈ ਉਨ੍ਹਾਂ ਨੂੰ ਸਭ ਤੋਂ ਵਧੀਆ ਸਿਖਲਾਈ ਤੇ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਹਰਿਆਣਾ ਸਪੋਰਟਸ ਖੋ-ਖੋ ਐਸੋਸੀਏਸ਼ਨ ਦੇ ਪ੍ਰਧਾਨ ਜਵਾਹਰ ਸਿੰਘ ਯਾਦਵ ਨੇ ਕਿਹਾ ਕਿ ਜੇਤੂ ਟੀਮਾਂ ਨੂੰ 25 ਹਜ਼ਾਰ ਰੁਪਏ, ਦੂਜੇ ਸਥਾਨ ’ਤੇ ਰਹਿਣ ਵਾਲੀਆਂ ਟੀਮਾਂ ਲਈ 20 ਹਜ਼ਾਰ ਤੇ ਤੀਜੇ ਸਥਾਨ ’ਤੇ ਰਹਿਣ ਵਾਲੀਆਂ ਟੀਮਾਂ ਨੂੰ 15 ਹਜ਼ਾਰ ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੜਕੀਆਂ ਦੇ ਵਰਗ ਵਿੱਚ ਮਹਾਰਾਸ਼ਨਰ ਦੀ ਪਾਟਿਲ ਨੂੰ ਸਰਬੋਤਮ ਡਿਫੈਂਡਰ, ਰਾਜਸਥਾਨ ਦੀ ਗੁੰਜਨ ਨੂੰ ਸਰਬੋਤਮ ਹਮਲਾਵਰ ਤੇ ਮਹਾਰਾਸ਼ਟਰ ਦੀ ਅਪਰਣਾ ਵਰਦੇ ਨੂੰ ਸਰਬੋਤਮ ਆਲ ਰਾਊਂਡਰ ਲਈ ਆਈ ਐੱਲ ਏ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਲੜਕਿਆਂ ਦੇ ਵਰਗ ਵਿੱਚ ਮਹਾਰਾਸ਼ਟਰ ਦੇ ਵਰਦ ਨੂੰ ਸਰਬੋਤਮ ਡਿਫੈਂਡਰ, ਕੋਲਹਾਪੁਰ ਦੇ ਗੌਰਵ ਮਾਨੇ ਨੂੰ ਸਰਬੋਤਮ ਹਮਲਾਵਰ ਤੇ ਉੜੀਸਾ ਦੇ ਰੰਜਨ ਬੇਹਰਾ ਨੂੰ ਸਰਬੋਤਮ ਆਲ ਰਾਊਂਡਰ ਲਈ ਭਾਰਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੇ ਕੇ ਐੱਫ ਆਈ ਦੇ ਜਨਰਲ ਸਕੱਤਰ ਉਪਕਾਰ ਸਿੰਘ ਵਿਰਕ, ਹਰਿਆਣਾ ਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਜਵਾਹਰ ਸਿੰਘ ਯਾਦਵ, ਜਨਰਲ ਸਕੱਤਰ ਮਹਿੰਦਰ ਕੰਬੋਜ, ਰਾਜ ਕੁਮਾਰ ਸੈਣੀ, ਖੇਡ ਵਿਭਾਗ ਦੀ ਡਿਪਟੀ ਡਾਇਰੈਕਟਰ ਸੁਨੀਤਾ ਖੱਤਰੀ ਤੇ ਹੋਰ ਪਤਵੰਤੇ ਮੌਜੂਦ ਸਨ।



# ਲਾਡਵਾ ਦੇ ਵਿਕਾਸ ਲਈ ਸਰਕਾਰ ਨੇ ਬੇਮਿਸਾਲ ਕੰਮ ਕੀਤਾ: ਸੈਣੀ



**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਅੱਜ ਦਿੱਲੀ ਕਮੇਟੀ ਦੇ ਦਫ਼ਤਰ ਵਿੱਚ ਆਲ ਇੰਡੀਆ ਬੈਂਚ ਪ੍ਰੈੱਸ ਚੈਂਪੀਅਨਸ਼ਿਪ 2026 (ਹਰਿਆਣਾ) ਵਿੱਚ ਸੋਨ ਤਗਮਾ ਜਿੱਤਣ ਵਾਲੇ ਖਿਡਾਰੀ ਰਾਜਵਿੰਦਰ ਸਿੰਘ ਰੂਬੀ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਹਰਮੀਤ ਸਿੰਘ ਕਾਲਕਾ ਨੇ ਰਾਜਵਿੰਦਰ ਸਿੰਘ ਰੂਬੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤ ਕੇ ਉਨ੍ਹਾਂ ਨੇ ਸਿੱਖ ਕੌਮ ਹੀ ਨਹੀਂ ਸਗੋਂ ਭਾਰਤ ਦੇਸ਼ ਦਾ ਮਾਣ ਵਧਾਇਆ ਹੈ।

ਉਨ੍ਹਾਂ ਕਿਹਾ ਕਿ ਕਾਮਨਵੈਲਥ ਗੇਮਜ਼ ਅਤੇ ਏਸ਼ੀਆਈ ਖੇਡਾਂ ਲਈ ਯੋਗਤਾ ਪ੍ਰਾਪਤ ਕਰਨਾ ਇਕ ਵੱਡੀ ਪ੍ਰਾਪਤੀ ਹੈ, ਜੋ ਨੌਜਵਾਨਾਂ ਲਈ ਪ੍ਰੇਰਣਾਦਾਇਕ ਇਕ ਵੱਡੀ ਉਦਾਹਰਨ ਹੈ।

ਰਣਜੀਤ ਕੌਰ ਨੇ ਕਿਹਾ ਕਿ ਦਿੱਲੀ ਉਨ੍ਹਾਂ ਸਾਰੇ ਨੌਜਵਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਜੋ ਆਪਣੀ ਮਿਹਨਤ, ਅਨੁਸ਼ਾਸਨ ਅਤ ਪ੍ਰੈੱਸ ਚੈਂਪੀਅਨਸ਼ਿਪ ਵਿੱਚ ਸੋਨੇ ਕਾਬਲੀਅਤ ਨਾਲ ਪੰਥ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ।

# ਸੂਰਜਕੁੰਡ ਮੇਲੇ ਵਿੱਚ ਕਾਰਨੀਵਲ ਪਰੇਡ



**ਫਰੀਦਾਬਾਦ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸੈਰ-ਸਪਾਟਾ ਵਿਭਾਗ ਵੱਲੋਂ ਕਰਵਾਏ ਜਾ ਰਹੇ 39ਵੇਂ ਕੌਮਾਂਤਰੀ ਸੂਰਜਕੁੰਡ ਸ਼ਿਲਪ ਮੇਲੇ ਵਿੱਚ ਅੱਜ ਸ਼ਾਮ ਕਾਰਨੀਵਲ ਪਰੇਡ ਕੀਤੀ ਗਈ ਜਿਸ ਵਿੱਚ ਭਾਈਵਾਲ ਦੇਸ਼ਾਂ ਮਿਸਰ ਅਤੇ ਥੀਮ ਰਾਜਾਂ ਉੱਤਰ ਪ੍ਰਦੇਸ਼ ਅਤੇ ਮੇਘਾਲਿਆ ਦੇ ਕਲਾਕਾਰ, ਇਰਾਕ, ਕਜ਼ਾਕਿਸਤਾਨ, ਵੀਅਤਨਾਮ, ਜੌਰਡਨ, ਨਾਈਜੀਰੀਆ ਅਤੇ ਹੋਰ ਦੇਸ਼ਾਂ ਸਮੇਤ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਲਾਕਾਰਾਂ ਨੇ ਹਿੱਸਾ ਲਿਆ। ਪਰੇਡ ਦੌਰਾਨ ਕਲਾਕਾਰਾਂ ਨੇ ਆਪਣੇ-ਆਪਣੇ ਦੇਸ਼ਾਂ ਦੇ ਸੱਭਿਆਚਾਰ ਦੀ ਝਲਕ ਪੇਸ਼ ਕੀਤੀ ਜਿਸ ਦਾ ਸੈਲਾਨੀਆਂ ਨੇ ਆਨੰਦ ਮਾਣਿਆ। ਜ਼ਿਕਰਯੋਗ ਹੈ ਕਿ ਸੂਰਜਕੁੰਡ ਮੇਲੇ ਦੀ ਇਸ ਕਾਰਨੀਵਲ ਪਰੇਡ ਵਿੱਚ ਲੋਕ ਕਲਾਕਾਰ ਢੋਲ, ਖੰਜਰ, ਗਿਟਾਰ, ਵਾਇਲਨ, ਸੈਲੋ ਅਤੇ ਢੋਲਸਟਿਕਸ ਵਰਗੇ ਸਾਜ਼ਾਂ ਨਾਲ ਵੱਖ-ਵੱਖ ਸ਼ੈਲੀਆਂ ਦੇ ਸੰਗੀਤ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦੇ ਹਨ।

# ਭਾਜਪਾ ਵਿਧਾਇਕ ਦੇਵਿੰਦਰ ਅੱਤਰੀ ਨੂੰ ਝਟਕਾ

**ਜੀਂਦ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਉਚਾਨਾ ਹਲਕੇ ਦੇ ਭਾਜਪਾ ਵਿਧਾਇਕ ਦੇਵਿੰਦਰ ਅੱਤਰੀ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਹਾਈ ਕੋਰਟ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਰੋਕਣ ਅਤੇ ਵੋਟਾਂ ਦੀ ਮੁੜ ਗਿਣਤੀ ਨਾ ਕਰਵਾਉਣ ਦੀ ਮੰਗ ਕੀਤੀ ਸੀ। ਮਾਮਲੇ ਦੀ ਸੁਣਵਾਈ ਪਿਛਲੀ 19 ਜਨਵਰੀ ਨੂੰ ਕੀਤੀ ਸੀ ਅਤੇ ਫ਼ੈਸਲਾ 4 ਫਰਵਰੀ ਲਈ ਸੁਰੱਖਿਅਤ ਰੱਖ ਲਿਆ ਸੀ। ਸੁਪਰੀਮ ਕੋਰਟ ਨੇ ਪਟੀਸ਼ਨ ਖਾਰਜ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਵਿੱਚ ਹੁਣ ਪੰਜਾਬ ਤੇ ਹਰਿਆਣਾ ਹਾਈ ਕੋਰਟ ਸੁਣਵਾਈ ਕਰਨ ਲਈ ਪੂਰੀ ਤਰ੍ਹਾਂ ਆਜ਼ਾਦ ਹੈ ਅਤੇ ਸੁਣਵਾਈ ਇਸੇ ਅਦਾਲਤ ਵਿੱਚ ਹੋਵੇਗੀ। ਮੰਨਿਆ ਜਾ ਰਿਹਾ ਹੈ ਕਿ ਅਗਲੇ ਦੋ-ਤਿੰਨ ਦਿਨਾਂ ਵਿੱਚ ਹੀ ਹਾਈ ਕੋਰਟ ਇਸ ਮਾਮਲੇ ਦੀ ਸੁਣਵਾਈ ਸ਼ੁਰੂ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਸਾਲ 2024 ਵਿੱਚ ਵਿਧਾਨ ਸਭਾ ਚੋਣਾਂ ’ਚ ਉਚਾਨਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਦੇਵਿੰਦਰ ਅੱਤਰੀ ਨੇ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਬਰਜਿੰਦਰ ਸਿੰਘ ਨੂੰ 32 ਵੋਟਾਂ ਦੇ ਫਰਕ ਨਾਲ ਹਰਾਇਆ ਸੀ।

ਇਸ ਦੌਰਾਨ ਵੋਟਾਂ ਦੀ ਗਿਣਤੀ ਮੁੜ ਕਰਵਾਉਣ ਲਈ ਕਾਂਗਰਸ ਦੇ ਉਮੀਦਵਾਰ ਬਰਜਿੰਦਰ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਇਸ ਚੁਣੌਤੀ ਦੇ ਖਿਲਾਫ ਦੇਵਿੰਦਰ ਅੱਤਰੀ ਨੇ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ ਤਾਂ ਕਿ ਹਾਈ ਕੋਰਟ ਦੀ ਕਾਰਵਾਈ ਨੂੰ ਰੋਕਿਆ ਜਾ ਸਕੇ। ਮਾਮਲੇ ਦੇ ਅਨੁਸਾਰ ਇਸ ਚੋਣ ਵਿੱਚ 600 ਦੇ ਲਗਭਗ ਬੈਲੇਟ ਪੇਪਰ ਦੀ ਗਿਣਤੀ ਕੀਤੀ ਗਈ ਤਾਂ ਇਨ੍ਹਾਂ ਵਿੱਚੋਂ 215 ਵੋਟਾਂ ਰੱਦ ਹੋ ਗਈਆਂ। ਸਨ। ਇਸ ’ਤੇ ਕਾਂਗਰਸ ਉਮੀਦਵਾਰ ਬਰਜਿੰਦਰ ਸਿੰਘ ਦਾ ਕਹਿਣਾ ਸੀ ਕਿ 150 ਵੋਟਾਂ ਇਸ ਲਈ ਰੱਦ ਕੀਤੀਆਂ ਗਈਆਂ ਕਿ ਪੋਸਟਲ ਬੈਲੇਟ ਦੇ ਲਿਫਾਫੇ ’ਤੇ ਜੋ ਸਕੈਨਰ ਸੀ, ਉਹ ਸਕੈਨ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਸੀ ਕਿ ਜਿਨ੍ਹਾਂ ਵੋਟਾਂ ਦੀ ਸਕੈਨਿੰਗ ਨਹੀਂ ਹੁੰਦੀ ਤਾਂ ਉਨ੍ਹਾਂ ਲਿਫਾਫਿਆਂ ਨੂੰ ਖੋਲ੍ਹਣ ਦੀ ਵੀ ਪ੍ਰੀਕਿਰਿਆ ਹੁੰਦੀ ਹੈ, ਜੋ ਕਿ ਗਿਣਤੀ ਦੇ ਦੌਰਾਨ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਜਿੱਤ-ਹਾਰ ਮਸਲਾ ਹੈ ਤੇ ਉਸ ਦੀ ਹਾਰ 32 ਵੋਟਾਂ ਦੇ ਫਰਕ ਨਾਲ ਹੋਈ ਸੀ। ਇਸ ਲਈ ਵੋਟਾਂ ਦੀ ਮੁੜ ਕਰਵਾਉਣੀ ਜ਼ਰੂਰੀ ਸੀ।

ਬਰਜਿੰਦਰ ਸਿੰਘ ਵੱਲੋਂ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਦੀ ਹਾਈ ਕੋਰਟ ਵਿੱਚ ਸੁਣਵਾਈ ਜੁਲਾਈ 2025 ਵਿੱਚ ਸ਼ੁਰੂ ਕੀਤੀ ਗਈ ਸੀ। ਹੁਣ ਸੁਪਰੀਮ ਕੋਰਟ ਵੱਲੋਂ ਵਿਧਾਇਕ ਦੀ ਲਗਾਈ ਪਟੀਸ਼ਨ ਖਾਰਜ ਕਰਕੇ ਮਾਮਲਾ ਮੁੜ ਹਾਈ ਕੋਰਟ ਨੂੰ ਦਿੱਤਾ ਗਿਆ ਹੈ।

# ਸਕੂਲ ਦੀ ਕਾਮਯਾਬੀ: ਹੈੱਡਮਾਸਟਰ ਤੋਂ ਕਮਿਊਨਿਟੀ ਤੱਕ ਸਾਂਝੀ ਜ਼ਿੰਮੇਵਾਰੀ

**ਮਲੇਰਕੋਟਲਾ, 9 ਫਰਵਰੀ**
**-ਦਿਲਦਾਰ ਹੁਸੈਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸੇ ਵੀ ਸਮਾਜ ਦੀ ਤਰੱਕੀ ਦਾ ਅਸਲੀ ਮਾਪਦੰਡ ਉਸ ਦੀ ਸਿੱਖਿਆ ਪ੍ਰਣਾਲੀ ਹੁੰਦੀ ਹੈ ਅਤੇ ਸਿੱਖਿਆ ਪ੍ਰਣਾਲੀ ਦੀ ਮਜ਼ਬੂਤ ਬੁਨਿਆਦ ਸਕੂਲ ਹੈ। ਸਕੂਲ ਸਿਰਫ਼ ਇਮਤਿਹਾਨਾਂ ਅਤੇ ਨਤੀਜਿਆਂ ਤੱਕ ਸੀਮਿਤ ਇਕ ਸੰਸਥਾ ਨਹੀਂ, ਸਗੋਂ ਇਹ ਸੋਚ, ਸੰਸਕਾਰ ਅਤੇ ਭਵਿੱਖ ਨੂੰ ਗੜ੍ਹਨ ਵਾਲਾ ਕੇਂਦਰ ਹੁੰਦਾ ਹੈ। ਪਰ ਅਕਸਰ ਸਕੂਲ ਦੀ ਕਾਮਯਾਬੀ ਦੀ ਸਾਰੀ ਜ਼ਿੰਮੇਵਾਰੀ ਕੇਵਲ ਹੈੱਡਮਾਸਟਰ ਜਾਂ ਅਧਿਆਪਕਾਂ ‘ਤੇ ਹੀ ਰੱਖ ਦਿੱਤੀ ਜਾਂਦੀ ਹੈ, ਜੋ ਕਿ ਅਧੂਰੀ ਸੋਚ ਹੈ। ਅਸਲ ਵਿੱਚ ਇੱਕ ਕਾਮਯਾਬ ਸਕੂਲ ਹੈੱਡਮਾਸਟਰ, ਸਕੂਲ ਸਟਾਫ਼, ਵਿਦਿਆਰਥੀ, ਸਕੂਲ ਮੈਨੇਜਮੈਂਟ ਕਮੇਟੀ ਅਤੇ ਸਥਾਨਕ ਕਮਿਊਨਿਟੀ — ਇਨ੍ਹਾਂ ਪੰਜ ਪੱਖਾਂ ਦੀ ਸਾਂਝੀ ਮਿਹਨਤ ਨਾਲ ਹੀ ਖੜ੍ਹਾ ਹੁੰਦਾ ਹੈ।

**ਹੈੱਡਮਾਸਟਰ: ਸਕੂਲ ਦੀ ਦਿਸ਼ਾ ਤੈਅ ਕਰਨ ਵਾਲਾ ਅਗੂ**

ਹੈੱਡਮਾਸਟਰ ਦਾ ਅਹੁਦਾ ਸਿਰਫ਼ ਪ੍ਰਸ਼ਾਸਕੀ ਨਹੀਂ, ਸਗੋਂ ਨੈਤਿਕ ਅਤੇ ਸਿੱਖਿਆਕ ਅਗਵਾਈ ਦਾ ਪ੍ਰਤੀਕ ਹੁੰਦਾ ਹੈ। ਉਹ ਸਕੂਲ ਦੀ ਕਾਰਜ-ਸੰਸਕ੍ਰਿਤੀ, ਅਨੁਸ਼ਾਸਨ ਅਤੇ ਸਿੱਖਿਆਕ ਦਿਸ਼ਾ ਨੂੰ ਨਿਰਧਾਰਤ ਕਰਦਾ ਹੈ। ਇੱਕ ਦੂਰਅੰਦੇਸ਼ ਹੈੱਡਮਾਸਟਰ ਸਕੂਲ ਨੂੰ ਸਿਰਫ਼ ਅੰਕਾਂ ਦੀ ਦੌੜ ਨਹੀਂ, ਸਗੋਂ ਚਰਿੱਤਰ ਨਿਰਮਾਣ ਦਾ ਕੇਂਦਰ ਬਣਾਉਂਦਾ ਹੈ।

ਉਹ ਸਟਾਫ਼ ਨਾਲ ਹੁਕਮਨਾਮੇ ਵਾਲਾ ਰਿਸ਼ਤਾ ਨਹੀਂ, ਸਗੋਂ ਸਹਿਯੋਗ ਅਤੇ ਭਰੋਸੇ ਦਾ ਸੰਬੰਧ ਬਣਾਉਂਦਾ ਹੈ। ਵਿਦਿਆਰਥੀਆਂ ਲਈ ਉਹ ਡਰ ਦਾ ਪ੍ਰਤੀਕ ਨਹੀਂ, ਸਗੋਂ ਮਾਰਗਦਰਸ਼ਕ ਹੁੰਦਾ ਹੈ। ਉਸ ਦੀ ਸੋਚ, ਫੈਸਲੇ ਅਤੇ ਵਿਹਾਰ ਹੀ ਸਕੂਲ ਦੀ ਪਛਾਣ ਬਣਦੇ ਹਨ।

**ਸਕੂਲ ਸਟਾਫ਼: ਸਿੱਖਿਆ ਦੀ ਅਸਲੀ ਤਾਕਤ**

ਕਿਸੇ ਵੀ ਸਕੂਲ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਅਧਿਆਪਕ ਅਤੇ ਗੈਰ-ਅਧਿਆਪਕ ਸਟਾਫ਼ ਹੁੰਦਾ ਹੈ। ਅਧਿਆਪਕ ਸਿਰਫ਼ ਪਾਠ ਪੜ੍ਹਾਉਣ ਵਾਲਾ ਵਿਅਕਤੀ ਨਹੀਂ, ਸਗੋਂ ਬੱਚਿਆਂ ਦੀ ਸੋਚ ਅਤੇ ਮੁੱਲਾਂ ਨੂੰ ਘੜਨ ਵਾਲਾ ਸ਼ਿਲਪੀ ਹੁੰਦਾ ਹੈ। ਜੇ ਸਟਾਫ਼ ਆਪਣੇ ਆਪ ਨੂੰ ਅਣਸੁਣਿਆ, ਅਸੁਰੱਖਿਅਤ ਜਾਂ ਦਬਾਅ ਹੇਠ ਮਹਿਸੂਸ ਕਰੇ, ਤਾਂ ਉਹ ਪੂਰੀ ਨਿਸ਼ਠਾ ਨਾਲ ਕੰਮ ਨਹੀਂ ਕਰ ਸਕਦਾ।

ਇਸ ਲਈ ਸਕੂਲ ਵਿੱਚ ਐਸਾ ਮਾਹੌਲ ਬਣਾਉਣਾ ਲਾਜ਼ਮੀ ਹੈ, ਜਿੱਥੇ ਸਟਾਫ਼ ਦੀ ਗੱਲ ਸੁਣੀ ਜਾਵੇ, ਉਸ ਦੀ ਮਿਹਨਤ ਦੀ ਕਦਰ ਕੀਤੀ ਜਾਵੇ ਅਤੇ ਫੈਸਲਿਆਂ ਵਿੱਚ ਉਸ ਦੀ ਭਾਗੀਦਾਰੀ ਹੋਵੇ। ਪ੍ਰੇਰਿਤ ਸਟਾਫ਼ ਹੀ ਪ੍ਰੇਰਿਤ ਵਿਦਿਆਰਥੀ ਤਿਆਰ ਕਰ ਸਕਦਾ ਹੈ।



ਮੁਹੰਮਦ ਇਮਰਾਨ ਹੈੱਡ ਮਾਸਟਰ
ਸ. ਹਾਈ ਸਕੂਲ ਰੁੜਕਾ, ਮਾਲੇਰਕੋਟਲਾ

**ਵਿਦਿਆਰਥੀ: ਸਿੱਖਿਆ ਪ੍ਰਣਾਲੀ ਦਾ ਕੇਂਦਰ ਬਿੰਦੂ**

ਸਕੂਲ ਦੀ ਹਰ ਨੀਤੀ ਅਤੇ ਹਰ ਯੋਜਨਾ ਦਾ ਕੇਂਦਰ ਵਿਦਿਆਰਥੀ ਹੋਣਾ ਚਾਹੀਦਾ ਹੈ। ਪਰ ਅਕਸਰ ਵਿਦਿਆਰਥੀਆਂ ਨੂੰ ਸਿਰਫ਼ ਇਮਤਿਹਾਨੀ ਨਤੀਜਿਆਂ ਦੇ ਪੈਮਾਨੇ ਨਾਲ ਹੀ ਤੋਲਿਆ ਜਾਂਦਾ ਹੈ। ਇੱਕ ਸੰਵੇਦਨਸ਼ੀਲ ਸਕੂਲ ਬੱਚਿਆਂ ਨੂੰ ਅੰਕਾਂ ਦੀ ਮਸ਼ੀਨ ਨਹੀਂ, ਸਗੋਂ ਸੰਭਾਵਨਾਵਾਂ ਨਾਲ ਭਰਪੂਰ ਵਿਅਕਤੀ ਸਮਝਦਾ ਹੈ।

ਜਦੋਂ ਵਿਦਿਆਰਥੀਆਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ, ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਜਾਂਦਾ ਹੈ ਅਤੇ ਗਲਤੀਆਂ ਤੋਂ ਸਿੱਖਣ ਦਾ ਹੌਸਲਾ ਦਿੱਤਾ ਜਾਂਦਾ ਹੈ, ਤਦ ਹੀ ਸਕੂਲ ਸੱਚੇ ਅਰਥਾਂ ਵਿੱਚ ਸਿੱਖਿਆਕ ਸੰਸਥਾ ਬਣਦਾ ਹੈ।

**ਸਕੂਲ ਮੈਨੇਜਮੈਂਟ ਕਮੇਟੀ: ਸੰਤੁਲਨ ਅਤੇ ਜਵਾਬਦੇਹੀ**

ਸਕੂਲ ਮੈਨੇਜਮੈਂਟ ਕਮੇਟੀ ਦਾ ਕੰਮ ਸਿਰਫ਼ ਕਾਗਜ਼ੀ ਕਾਰਵਾਈਆਂ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ। ਇੱਕ ਜ਼ਿੰਮੇਵਾਰ ਕਮੇਟੀ ਸਕੂਲ ਦੀ ਨੀਤੀ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਦੀ ਹੈ।

ਕਮੇਟੀ ਦਾ ਰੋਲ ਦਖ਼ਲਅੰਦਾਜ਼ੀ ਨਹੀਂ, ਸਗੋਂ ਮਾਰਗਦਰਸ਼ਨ ਹੋਣਾ ਚਾਹੀਦਾ ਹੈ। ਜਦੋਂ ਕਮੇਟੀ ਅਤੇ ਹੈੱਡਮਾਸਟਰ ਵਿਚਕਾਰ ਭਰੋਸਾ ਬਣਦਾ ਹੈ, ਤਦ ਫੈਸਲੇ ਟਕਰਾਅ ਦੀ ਥਾਂ ਸਮਝਦਾਰੀ ਨਾਲ ਲਏ ਜਾਂਦੇ ਹਨ, ਜੋ ਸਕੂਲ ਦੇ ਲੰਮੇ ਸਮੇਂ ਦੇ ਹਿਤ ਵਿੱਚ ਹੁੰਦੇ ਹਨ।

**ਕਮਿਊਨਿਟੀ: ਸਕੂਲ ਦੀ ਸਮਾਜਿਕ ਤਾਕਤ**

ਸਕੂਲ ਅਤੇ ਸਮਾਜ ਇਕ-ਦੂਜੇ ਤੋਂ ਵੱਖਰੇ ਨਹੀਂ ਹੁੰਦੇ। ਸਥਾਨਕ ਕਮਿਊਨਿਟੀ — ਮਾਪੇ, ਸਮਾਜਿਕ ਅਗੂ, ਪੁਰਾਣੇ ਵਿਦਿਆਰਥੀ — ਸਕੂਲ ਦੇ ਕੁਦਰਤੀ ਸਾਥੀ ਹੁੰਦੇ ਹਨ। ਜਦੋਂ ਕਮਿਊਨਿਟੀ ਸਕੂਲ ਨੂੰ ਆਪਣੀ ਸੰਸਥਾ ਮੰਨਦੀ ਹੈ, ਤਦ ਸਕੂਲ ਦੀ ਸੁਰੱਖਿਆ, ਅਨੁਸ਼ਾਸਨ ਅਤੇ ਵਿਕਾਸ ਆਪਣੇ ਆਪ ਮਜ਼ਬੂਤ ਹੁੰਦੇ ਹਨ। ਕਮਿਊਨਿਟੀ ਦਾ ਸਹਿਯੋਗ ਸਕੂਲ ਨੂੰ ਸਿਰਫ਼ ਸਿੱਖਿਆਕ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਦਾ ਕੇਂਦਰ ਵੀ ਬਣਾਉਂਦਾ ਹੈ।

**ਸਾਂਝਾ ਸਹਿਯੋਗ: ਕਾਮਯਾਬੀ ਦੀ ਅਸਲੀ ਕੁੰਜੀ**

ਜੇ ਹੈੱਡਮਾਸਟਰ ਇਕੱਲਾ ਫੈਸਲੇ ਕਰੇ, ਸਟਾਫ਼ ਦਬਾਅ ਹੇਠ ਰਹੇ, ਵਿਦਿਆਰਥੀ ਡਰ ਵਿੱਚ ਜੀਉਣ, ਕਮੇਟੀ ਬੇਜਾ ਦਖ਼ਲ ਦੇਵੇ ਅਤੇ ਕਮਿਊਨਿਟੀ ਬੇਪਰਵਾਹ ਰਹੇ — ਤਾਂ ਸਕੂਲ ਕਦੇ ਵੀ ਆਪਣੀ ਪੂਰੀ ਸਮਰਥਾ ਤੱਕ ਨਹੀਂ ਪਹੁੰਚ ਸਕਦਾ।

ਪਰ ਜਦੋਂ ਇਹ ਸਾਰੇ ਪੱਖ ਆਪਸੀ ਆਦਰ, ਸੰਵਾਦ ਅਤੇ ਸਾਂਝੀ ਜ਼ਿੰਮੇਵਾਰੀ ਨਾਲ ਅੱਗੇ ਵਧਦੇ ਹਨ, ਤਦ ਸਕੂਲ ਸਿਰਫ਼ ਇਮਤਿਹਾਨ ਪਾਸ ਕਰਵਾਉਣ ਵਾਲੀ ਥਾਂ ਨਹੀਂ ਰਹਿੰਦਾ, ਸਗੋਂ ਸਮਾਜ ਨਿਰਮਾਣ ਦਾ ਕੇਂਦਰ ਬਣ ਜਾਂਦਾ ਹੈ।

**ਨਤੀਜਾ**

ਸਕੂਲ ਕਿਸੇ ਇਕ ਵਿਅਕਤੀ ਜਾਂ ਅਹੁਦੇ ਨਾਲ ਨਹੀਂ ਚਲਦਾ। ਹੈੱਡਮਾਸਟਰ ਦੀ ਦੂਰਅੰਦੇਸ਼ ਅਗਵਾਈ, ਸਟਾਫ਼ ਦੀ ਨਿਸ਼ਠਾ, ਵਿਦਿਆਰਥੀਆਂ ਦੀ ਲਗਨ, ਮੈਨੇਜਮੈਂਟ ਕਮੇਟੀ ਦੀ ਸਮਝਦਾਰੀ ਅਤੇ ਕਮਿਊਨਿਟੀ ਦੇ ਸਹਿਯੋਗ ਨਾਲ ਹੀ ਸਕੂਲ ਆਪਣੀ ਅਸਲ ਭੂਮਿਕਾ ਨਿਭਾ ਸਕਦਾ ਹੈ। ਜਿੱਥੇ ਇਹ ਸਾਰੇ ਪੱਖ ਇਕੱਠੇ ਹੋ ਜਾਂਦੇ ਹਨ, ਉੱਥੇ ਸਕੂਲ ਸਿਰਫ਼ ਸਿੱਖਿਆ ਦਾ ਕੇਂਦਰ ਨਹੀਂ, ਸਗੋਂ ਇੱਕ ਚੰਗੇ ਅਤੇ ਜ਼ਿੰਮੇਵਾਰ ਸਮਾਜ ਦੀ ਮਜ਼ਬੂਤ ਨੀਂਹ ਬਣ ਜਾਂਦਾ ਹੈ।

# ਬਾਲ ਵਿਆਹ ਖ਼ਿਲਾਫ਼ ਜਾਗਰੂਕਤਾ ਮੁਹਿੰਮ

**ਰਤੀਆ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲਾ ਅਤੇ ਬਾਲ ਵਿਕਾਸ ਵਿਭਾਗ ਫਤਿਹਾਬਾਦ ਜ਼ਿਲ੍ਹੇ ਨੂੰ ਬਾਲ ਵਿਆਹ ਮੁਕਤ ਬਣਾਉਣ ਲਈ 100 ਦਿਨਾਂ ਦੀ ਵਿਸ਼ੇਸ਼ ਮੁਹਿੰਮ ਚਲਾ ਰਿਹਾ ਹੈ। ਇਸ ਮੁਹਿੰਮ ਤਹਿਤ ਮਹਿਲਾ ਸੁਰੱਖਿਆ ਅਤੇ ਬਾਲ ਵਿਆਹ ਰੋਕਥਾਮ ਅਧਿਕਾਰੀ ਰੇਖਾ ਅਗਰਵਾਲ ਨੇ ਆਪਣੇ ਸਾਥੀ ਕਾਂਸਟੇਬਲ ਸਰੋਜ ਅਤੇ ਪਿੰਡ ਸਕੱਤਰ ਪ੍ਰਮੋਦ ਦੇ ਨਾਲ ਪਿੰਡ ਨਕਟਾ ਵਿੱਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ। ਮੁਹਿੰਮ ਦੌਰਾਨ ਪਿੰਡ ਸਕੱਤਰ ਪ੍ਰਮੋਦ, ਸਰਪੰਚ ਜੈ ਭਗਵਾਨ ਦਹੀਆ, ਸੁਰੇਂਦਰ ਸੀਪੀਐੱਲਓ ਨਕਾਟਾ, ਕੁਲਬੀਰ ਸਿੰਘ, ਸਤਨਾਮ ਸਿੰਘ, ਮਿੱਠੂ ਸਿੰਘ, ਕੁਲਦੀਪ ਸਿੰਘ, ਰਮਨਦੀਪ ਕੌਰ ਪੰਚ, ਸ਼ਰਨਦੀਪ ਕੌਰ ਪੰਚ, ਸੁਮਨ ਦੇਵੀ ਪੰਚ ਅਤੇ ਅਰਜੁਨ ਸਿੰਘ ਦੇ ਸਹਿਯੋਗ ਨਾਲ, ਗੁਰਦੁਆਰੇ ਦੇ ਗ੍ਰੰਥੀ, ਪੰਡਿਤ, ਪੈਲੇਸ ਮੈਨੇਜਰ, ਧਰਮਸ਼ਾਲਾ ਸੰਚਾਲਕ, ਕੇਟਰਿੰਗ ਸਟਾਫ, ਡੀਜੇ ਸਾਊਂਡ ਸਿਸਟਮ, ਫੋਟੋਗ੍ਰਾਫ਼ਰਾਂ ਅਤੇ ਪਿੰਡ ਨਕਟਾ ਦੇ ਪਿੰਡ ਵਾਸੀਆਂ ਨੂੰ ਬਾਲ ਵਿਆਹ ਰੋਕਥਾਮ ਐਕਟ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਆਉਣ ਵਾਲੇ ਵਿਆਹਾਂ ਤੋਂ ਪਹਿਲਾਂ ਲਾੜੇ-ਲਾੜੀ ਦੇ ਉਮਰ ਨਾਲ ਸਬੰਧਤ ਦਸਤਾਵੇਜ਼ਾਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਅਤੇ ਜਨਮ ਸਰਟੀਫਿਕੇਟ ਜਾਂ ਸਕੂਲ ਸਰਟੀਫਿਕੇਟ ਦੇ ਆਧਾਰ ’ਤੇ ਆਪਣੀ ਉਮਰ ਦੀ ਪੁਸ਼ਟੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ, ਨਾ ਕਿ ਸਿਰਫ਼ ਆਧਾਰ ਕਾਰਡਾਂ ’ਤੇ। ਉਨ੍ਹਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਉਹ ਆਪਣੇ ਰਿਕਾਰਡ ਵਿੱਚ ਹਰੇਕ ਦਸਤਾਵੇਜ਼ ਦੀ ਇੱਕ ਕਾਪੀ ਸੁਰੱਖਿਅਤ ਰੱਖਣ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬਾਲ ਵਿਆਹ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ।



> ਕੀ ਪਰਿਵਾਰ ਉਹ ਹੁੰਦਾ ਹੈ ਜਿਸ ਦੇ ਮੈਂਬਰ ਇਕ ਚੁੱਲ੍ਹੇ ਲਾਗੇ ਬਹਿਕੇ ਫੁਲਕਾ ਛਕਦੇ ਹਨ ਤੇ ਵਿਚਾਰਾਂ ਪੱਖੋਂ ਕੱਟੜ੍ਹੇ ਵਿਰੋਧੀ ਹੁੰਦੇ ਹਨ। ਅਜਿਹੇ ਮੈਂਬਰਾਂ ਦੇ ਇਕੱਠ ਨੂੰ ਸੰਯੁਕਤ ਪਰਿਵਾਰ ਦੀ ਲੜੀ 'ਚ ਨਹੀਂ ਪਰੋਇਆ ਜਾ ਸਕਦਾ।

# ਮਨੁੱਖੀ ਸਾਂਝਾਂ ਦਾ ਪ੍ਰਤੀਕ ਸੰਯੁਕਤ ਪਰਿਵਾਰ

• ਜੋਗਿੰਦਰ ਸਿੰਘ ਸਿਵੀਆ

ਪਰਿਵਾਰਕ ਰਿਸ਼ਤੇ 'ਚ ਮੇਲ-ਜੋਲ, ਭਾਈਬੰਦੀ, ਸਾਕੇਦਾਰੀ ਕੰਮ ਆਉਂਦੀ ਹੈ। ਇਸ ਤੋਂ ਬਿਨਾਂ ਰਿਸ਼ਤਾ ਪੱਕਾ ਨਹੀਂ ਹੋ ਸਕਦਾ। ਇਕ ਤੌੜੀ 'ਚ ਦੋ ਰੱਖਣੇ ਨਹੀਂ ਹੋ ਸਕਦੇ। ਕੋਈ ਭੇਦ ਗੁਪਤ ਨਹੀਂ ਰੱਖਿਆ ਜਾ ਸਕਦਾ। ਇਸ ਰਿਸ਼ਤੇ ਦੇ ਸਾਰੇ ਕੰਮ ਪਾਰਦਰਸ਼ੀ ਹੁੰਦੇ ਹਨ।

ਰਿਸ਼ਤਿਆਂ ਦੀ ਸੂਚੀ ਬਹੁਤ ਲੰਮੀ ਹੈ। ਕਈ ਰਿਸ਼ਤੇ ਬਣਦੇ-ਬਿਗੜਦੇ ਹਨ। ਈਰਖ਼ਾ, ਵੈਰ, ਵਿਰੋਧ, ਦੂਈ-ਦਵੈਤ, ਸਾੜਾ, ਗੁੱਸਾ ਆਦਿ ਪੈਦਾ ਹੋ ਰਿਹਾ ਹੈ। ਆਪ ਹੁਦਰਾਪਣ ਇਹ ਦੀਆਂ ਜੜ੍ਹਾਂ ਖ਼ੋਖਲੀਆਂ ਕਰ ਰਿਹਾ ਹੈ ਤੇ ਅੱਜ ਆਪਸੀ ਪਿਆਰ ਹਮਦਰਦੀ, ਤਰਸ, ਸਹਿਣਸ਼ੀਲਤਾ ਸਬਰ, ਸੰਤੋਖ, ਮਿਲਵਰਤਣ ਦੇ ਨਿਸ਼ਾਨ ਨਹੀਂ ਮਿਲਦੇ। ਇਹੀ ਤੱਥ ਜ਼ਿੰਦਗੀ ਜਿਓਣ ਦਾ ਢੰਗ ਸਿਖਾਉਂਦੇ ਹਨ।

ਕੀ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਹੁੰਦੀ ਹੈ? ਕੀ ਅਸੀਂ ਪਰਿਵਾਰ ਨਾਲ ਆਪਣੀ ਮਰਜ਼ੀ ਨਾਲ ਜੁੜਦੇ ਹਾਂ। ਬੱਚੇ ਦਾ ਜਨਮ ਹੋਣਾ ਪਹਿਲਾਂ ਤਹਿ ਨਹੀਂ ਹੁੰਦਾ। ਕੁਦਰਤ ਨੇ ਚਾਹਿਆ ਸਬੰਧ ਬਣ ਗਿਆ ਤੇ ਪੱਕਾ ਹੋ ਗਿਆ ਤੇ ਬੱਚਾ ਸਾਡੀ ਵੰਸ਼ ਬਣ ਗਿਆ। ਪਰ ਕੁਝ ਰਿਸ਼ਤੇ ਸਮਾਜ ਦੇ ਅਸੂਲ ਨਿਸ਼ਚਿਤ ਕਰਦੇ ਹਨ। ਜੋ ਪਰਿਵਾਰ ਨਾਲ ਸਾਰੀ ਉਮਰ ਲਈ ਜੁੜ ਜਾਂਦੇ ਹਨ। ਪਰਿਵਾਰਕ ਰਿਸ਼ਤਿਆਂ 'ਚ ਵਾਧਾ ਹੁੰਦਾ ਰਹਿੰਦਾ ਹੈ ਤੇ ਇਹ ਡੋਰ ਲੰਮੀ ਹੁੰਦੀ ਜਾਂਦੀ ਹੈ। ਮਾਂ ਬਾਪ ਤੋਂ ਪੁੱਤ, ਪੋਤੇ, ਪੜੋਤੇ, ਨੂੰਹਾਂ, ਧੀਆਂ, ਭੂਆ ਫੁੱਫੀਆਂ ਆਦਿ ਦਾ ਵਿਸਥਾਰ ਵਿਆਖਿਆ ਦੀ ਮੰਗ ਨਹੀਂ ਕਰਦਾ।

ਪਰਿਵਾਰ ਕਿਸ ਨੂੰ ਕਹੀਏ? ਕੀ ਪਰਿਵਾਰ ਉਹ ਹੁੰਦਾ ਹੈ ਜਿਸ ਦੇ ਮੈਂਬਰ ਇਕ ਚੁੱਲ੍ਹੇ ਲਾਗੇ ਬਹਿਕੇ ਫੁਲਕਾ ਛਕਦੇ ਹਨ ਤੇ ਮੂੰਹ ਵਿਰੋਧੀ ਦਿਸ਼ਾ ਤਕ ਦੇ ਹੋਣ। ਅਜਿਹੇ ਮੈਂਬਰਾਂ ਦੇ ਇਕੱਠ ਨੂੰ ਪਰਿਵਾਰਕ ਰਿਸ਼ਤੇ ਦੀ ਲੜੀ 'ਚ ਨਹੀਂ ਪਰੋਇਆ ਜਾ ਸਕਦਾ। ਭਾਵਨਾਵਾਂ ਦੀ ਸਾਂਝ ਨਹੀਂ ਬਣੀ। ਆਪਸੀ ਰਿਸ਼ਤਾ ਬਣਿਆ ਹੀ ਨਹੀਂ। ਕੀ ਰਿਸ਼ਤਾ ਬਣਾਉਣਾ ਜ਼ਰੂਰੀ ਹੈ? ਰਿਸ਼ਤਾ ਪ੍ਰਮਾਤਮਾ ਨੇ ਬਣਾ ਦਿੱਤਾ ਜਾਂ ਸਮਾਜ ਨੇ ਬਣਾ ਦਿੱਤਾ ਪਰ ਫਿਰ ਵੀ ਉਸ ਨੂੰ ਬਰਕਰਾਰ ਤੇ ਤਰੋਤਾਜ਼ਾ ਰੱਖਣ ਲਈ ਕੁਝ ਗੱਲਾਂ ਵੀ ਸਿੱਖਣੀਆਂ ਪੈਂਦੀਆਂ ਹਨ। ਜਿਸ ਨੇ ਸਾਨੂੰ ਜ਼ਿੰਦਗੀ ਦੇ ਗੁੱਝੇ ਭੇਦਾ ਤੋਂ ਜਾਣੂ ਕਰਵਾਉਣਾ ਹੁੰਦਾ ਹੈ।

ਪਰਿਵਾਰ ਤਾਂ ਸੂਰਜ ਦਾ ਵੀ ਹੁੰਦਾ ਹੈ। ਗ੍ਰਹਿ ਤੇ ਸੂਰਜ ਮਿਲ ਕੇ ਪਰਿਵਾਰ ਬਣਾਉਂਦੇ ਹਨ। ਸੂਰਜ ਪਰਿਵਾਰ ਦਾ ਮੁਖੀ ਹੁੰਦਾ ਹੈ। ਕੀ ਦੂਜੇ ਉਸ ਦਾ ਹੁਕਮ ਮੰਨਦੇ ਹਨ? ਹਾਂ ਮੰਨਦੇ ਹਨ। ਉਹ ਗ੍ਰਹਿ ਪੱਥ ਤੋਂ ਜਰਾ ਵੀ ਇੱਧਰ-ਉੱਧਰ ਨਹੀਂ ਹੁੰਦੇ। ਕਿਉਂਕਿ ਸੂਰਜ ਨੇ ਉਨ੍ਹਾਂ ਦਾ ਰਸਤਾ ਨਿਸ਼ਚਿਤ ਕੀਤਾ ਹੋਇਆ ਹੈ। ਜੇ ਕਿਹਾ ਨਾ ਮੰਨਣ ਤਾਂ ਆਪ ਹੀ ਮਲੀਆਮੇਟ ਨਹੀਂ ਹੁੰਦੇ ਸਗੋਂ ਉਨ੍ਹਾਂ ਦੀ ਅਵੱਗਿਆ ਦੇ ਕਾਰਨ ਬਹੁਤ ਦੂਰ ਤਕ ਮਾਰ ਪੈ ਸਕਦੀ ਹੈ।

ਇਸ ਤਰ੍ਹਾਂ ਪਰਿਵਾਰਕ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਈ ਰੱਖਣ ਲਈ ਪਰਿਵਾਰ ਦਾ ਮੁਖੀ ਹੁੰਦਾ ਹੈ। ਮੁਖੀ ਕੌਣ ਹੁੰਦਾ ਹੈ? ਜਿਸ ਮੈਂਬਰ ਦਾ ਤਜ਼ਰਬਾ ਜ਼ਿਆਦਾ ਹੁੰਦਾ ਹੈ ਤੇ ਅਕਲ ਦੀ ਬਜ਼ੁਰਗੀ ਹੁੰਦੀ ਹੈ, ਉਸ ਨੂੰ ਪਰਿਵਾਰ ਦੀ ਬਾਗਡੋਰ ਸੌਂਪ ਦਿੱਤੀ ਜਾਂਦੀ ਹੈ। ਕੀ ਫਿਰ ਉਸ ਪਰਿਵਾਰ ਦੇ ਰਿਸ਼ਤੇ ਦੀ ਜਕੜ ਮਜ਼ਬੂਤ ਹੋ ਗਈ? ਨਹੀਂ, ਜੇ ਉਹ ਦਾ ਹੁਕਮ, ਸਲਾਹ, ਰਾਇ ਮਸ਼ਵਰਾ ਪਰਿਵਾਰ ਨਹੀਂ ਮੰਨਦਾ ਤਾਂ ਖੋਤੀ ਫਿਰ ਤੋਂ ਬੋਹੜ ਥੱਲੇ ਹੀ ਆ ਜਾਂਦੀ ਹੈ। ਪਰਿਵਾਰ ਤਦ ਹੀ ਅਖਵਾ ਸਕਦਾ ਹੈ, ਜੇ ਸਾਰੇ ਮੈਂਬਰ ਮੁਖੀ ਦੀ ਪੈੜ 'ਚ ਪੈਰ ਧਰਨ। ਜਦੋਂ ਪਰਿਵਾਰ ਵੱਲੋਂ ਬਣਾਏ ਗਏ ਨਿਯਮ ਅਪਣਾਏ ਹੀ ਨਹੀਂ ਗਏ ਤਾਂ ਸਿੱਖਿਆ ਤੇ ਚੰਗੇ ਇਨਸਾਨ ਕਿਵੇਂ ਬਣਨਗੇ। ਇਕ ਮਕਾਨ 'ਚ ਰਹਿੰਦੇ ਵਿਅਕਤੀ ਫਿਰ ਪਰਿਵਾਰਕ ਹੋਣ ਦਾ ਭਰਮ ਪਾਲ਼ਦੇ ਲਗਣਗੇ। ਘਰ ਦੀਆਂ ਕੰਧਾਂ ਤਾਂ ਸਾਡੇ ਮਰਨ ਤੋਂ ਬਾਅਦ ਵੀ ਖੜ੍ਹੀਆਂ ਰਹਿੰਦੀਆਂ ਹਨ। ਕੀ ਪਰਿਵਾਰ ਨਾਲ ਸਾਡੇ ਸਵਾਰਥੀ ਹਿੱਤ ਜੁੜੇ ਹੋਏ ਹਨ? ਸਵਾਰਥ 'ਤੇ ਟਿਕੀ ਸੋਚ ਰਿਸ਼ਤਿਆਂ ਨੂੰ ਕੱਚੇ-ਪਿੱਲੇ ਕਰ ਦਿੰਦੀ ਹੈ। ਸਾਡੇ ਕੀਤੇ ਯਤਨ ਵਿਅਰਥ ਹੋ ਜਾਂਦੇ ਹਨ। ਪਰਿਵਾਰ 'ਚ ਜੋ ਕੰਮ ਹੁੰਦਾ ਹੈ ਤੇ ਜਿਹੜਾ ਕਰਦਾ ਹੈ, ਸਭ ਨਿਰਸਵਾਰਥ ਹੁੰਦਾ ਹੈ। ਕੋਈ ਕੰਮ ਵਿਅਕਤੀ ਵਿਸ਼ੇਸ਼ ਖ਼ਾਤਿਰ ਨਹੀਂ ਕੀਤਾ ਜਾਂਦਾ ਸਗੋਂ ਸਾਰੇ ਪਰਿਵਾਰ ਦੀ ਭਲਾਈ ਤੇ ਤਰੱਕੀ ਨੂੰ ਸਮਰਪਤ ਹੁੰਦੇ ਹਨ। ਅਸਲ 'ਚ ਹਰੇਕ ਮੈਂਬਰ ਪਰਿਵਾਰ ਨੂੰ ਸਮਰਪਤ ਹੁੰਦਾ ਹੈ। ਅਗਲੀ ਗੱਲ ਪਿਆਰ, ਸਤਿਕਾਰ ਦੀ ਆ ਜਾਂਦੀ ਹੈ।



ਜੇ ਪਰਿਵਾਰ 'ਚ ਬੈਠ ਕੇ ਸਾਰੇ ਦਿਨ ਦੀ ਥਕਾਵਟ ਦੂਰ ਨਾ ਹੋਈ, ਚਿਹਰੇ 'ਤੇ ਰੌਣਕ ਨਾ ਪਰਤੀ, ਸਕੂਨ ਨਾ ਮਿਲਿਆ ਤੇ ਇਛਾਵਾਂ ਨੂੰ ਸਹਾਰਾ ਨਾ ਮਿਲਿਆਂ ਤਾਂ ਫਿਰ ਕਾਦ੍ਹਾ ਪਰਿਵਾਰ ਹੋਇਆ। ਸਾਰੇ ਅਜਨਬੀ ਇੱਕਠੇ ਹੋ ਗਏ। ਘਰ ਨੂੰ ਤਾਂ ਆਪਣਾ ਆਖੀਏ ਪਰ ਘਰੇ ਜਾਣ ਨੂੰ ਮਨ ਨਾ ਕਰੇ। ਅਜਿਹੇ ਘਰ 'ਚ ਰਹਿੰਦੇ ਲੋਕ ਆਪਣੇ ਨਹੀਂ ਹੋ ਸਕਦੇ। ਜੇ ਵੱਡਿਆਂ ਨੂੰ ਪਿਆਰ ਨਹੀਂ ਮਿਲਦਾ, ਸਤਿਕਾਰ ਨਹੀਂ ਮਿਲਦਾ ਤੇ ਬੱਚਿਆਂ ਨੂੰ ਲਾਡ, ਮਲਾਰ ਨਹੀਂ ਮਿਲਦਾ। ਫਿਰ ਪਰਿਵਾਰ ਨਾਲ ਸਾਡਾ ਕੋਈ ਰਿਸ਼ਤਾ ਬਣਿਆ ਹੀ ਨਹੀਂ। ਸੁਖੀ ਪਰਿਵਾਰ ਉਹ ਹੁੰਦਾ ਹੈ ਜਿਸ 'ਚ ਹਰ ਇਕ ਨੂੰ ਬਣਦਾ ਸਤਿਕਾਰ ਤੇ ਆਦਰ ਭਾਅ ਮਿਲਦਾ ਹੋਵੇ। ਇਕ ਦੀ ਲੋੜ ਸਭ ਦੀ ਲੋੜ ਸਮਝੀ ਜਾਂਦੀ ਹੋਵੇ।

ਪਰਿਵਾਰ ਸਾਰੇ ਰਿਸ਼ਤਿਆਂ ਦਾ ਜਨਮਦਾਤਾ ਹੈ। ਕਾਰਜਸ਼ਾਲਾ ਹੈ। ਜਦੋਂ ਪੋਤੀ ਨੇ ਦੱਸਿਆ; ਪਾਪਾ ਜੀ ਆਰਟ ਆਫ ਲਿਵਿੰਗ ਦੀ ਟ੍ਰੇਨਿੰਗ ਵਾਲੇ ਆਏ ਹਨ। ਮੈਂ ਸੋਚੀ ਪੈ ਗਿਆ। ਸੁੰਯਕਤ ਪਰਿਵਾਰ 'ਚ ਜੰਮੇ ਪਲੇ ਬੱਚੇ ਨੇ ਜੋ ਕੁਝ ਸਿੱਖਿਆ ਹੈ, ਉਸ ਤੋਂ ਵੱਧ ਹੋਰ ਕੀ ਸਿਖਾ ਦੇਣਗੇ। ਇਸ ਟ੍ਰੇਨਿੰਗ ਦੀ ਲੋੜ ਤਦ ਹੀ ਪਈ ਹੈ ਕਿ ਪਰਿਵਾਰ ਨਾਲ ਸਾਡਾ ਸਬੰਧ, ਮੇਲ-ਜੋਲ, ਭਾਈਬੰਦੀ ਜਾਂ ਨਾਤਾ ਹੀ ਨਹੀਂ ਰਿਹਾ।

ਸੋ ਮੁਕਦੀ ਗੱਲ ਪਰਿਵਾਰ ਉਹ ਹੁੰਦਾ ਹੈ ਜਿਸ 'ਚ ਵੱਡਿਆਂ ਨੂੰ ਸਤਿਕਾਰ ਤੇ ਛੋਟਿਆਂ ਨੂੰ ਪਿਆਰ ਮਿਲੇ। ਸਯੁਕਤ ਪਰਿਵਾਰ ਮਨੁੱਖੀ ਸਾਂਝਾਂ ਦਾ ਪ੍ਰਤੀਕ ਹੁੰਦਾ ਹੈ।

**ਮੋਬਾਈਲ** : 94170-24743

## ਪੁਸਤਕ ਚਰਚਾ

ਸਮੇਂ ਦੇ ਵਿਕਾਸ ਨਾਲ ਪੰਜਾਬੀ ਰਸੋਈ ਦਾ ਘੇਰਾ ਵੀ ਮੋਕਲਾ ਹੋਇਆ ਹੈ। ਇਹ ਹੁਣ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਤਕ ਸੀਮਤ ਨਹੀਂ ਰਹੀ। ਪੰਜਾਬ ਦੇ ਖਾਣ-ਪੀਣ ਤੇ ਸੁਹਜ-ਸਵਾਦ 'ਚ ਵੀ ਢੇਰ ਸਾਰੀਆਂ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ 'ਚ ਸਭ ਤੋਂ ਅਹਿਮ ਰੋਟੀ (ਭੋਜਨ) ਹੈ। ਭੋਜਨ ਪਕਾਉਣ ਦੀ ਕਲਾ ਨੇ ਨਵੇਂ ਢੰਗਾਂ ਨਾਲ ਪਕਾਉਣ ਦੀ ਕਲਾ ਜਾਣਨਾ ਹਰ ਔਰਤ ਦੇ ਮੁੱਢਲੇ ਕਾਰਜਾ 'ਚ ਸ਼ਾਮਲ ਹੈ।




| | | | |
|---|---|---|---|
| ਪੁਸਤਕ | ਪੰਜਾਬੀ ਕੁਕਰੀ | | |
| ਲੇਖਿਕਾ | ਰਣਜੀਤ ਕੌਰ | | |
| ਮੁੱਲ | 150 ਰੁਪਏ | ਪੰਨੇ | 96 |
| ਪ੍ਰਕਾਸ਼ਨ | ਲੋਕਗੀਤ ਪ੍ਰਕਾਸ਼ਨ, ਮੋਹਾਲੀ। | | |

ਰਣਜੀਤ ਕੌਰ ਨੇ ਹੱਥਲੀ ਪੁਸਤਕ 'ਚ ਪੰਜਾਬਣਾਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ, ਮਿੱਠੇ ਪਕਵਾਨ, ਪਰਾਉਂਠੇ ਤੇ ਸ਼ਰਬਤ ਬਣਾਉਣ ਦੇ ਢੰਗ ਦੱਸੇ ਹਨ। ਭੋਜਨ ਸਿਰਫ਼ ਮਨੁੱਖੀ ਪੇਟ ਭਰਨ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਇਸ ਦਾ ਅੱਖਾਂ ਨੂੰ ਸਕੂਨ, ਸਰੀਰ ਨੂੰ ਤਾਕਤ ਤੇ ਜੀਭ ਨੂੰ ਸੁਆਦ ਦੇਣ ਵਾਲਾ ਹੋਣਾ ਜ਼ਰੂਰੀ ਹੈ।

ਲੇਖਿਕਾ ਨੇ ਦੱਖਣ ਭਾਰਤੀ ਪਕਵਾਨਾਂ ਨੂੰ ਪੰਜਾਬੀ ਰੰਗਤ ਦੀ ਪੁਠ ਦੇਣ ਦੀ ਕੋਸ਼ਿਸ਼ ਕੀਤੀ ਹੈ। ਵੈਸੇ ਵੀ ਹੁਣ ਵਿਸ਼ਵ ਦੇ ਗਲੋਬਲ ਪਿੰਡ ਵਲ ਜਾਣ ਨਾਲ ਹੱਦਾਂ-ਸਰਹੱਦਾਂ ਦੇ ਮਾਅਨੇ ਵੱਖਰੀ ਕਿਸਮ ਦੇ ਬਣ ਗਏ ਹਨ। ਪਕਵਾਨਾਂ ਦੀ ਕਲਾ ਦਾ ਅਦਾਨ-ਪ੍ਰਦਾਨ ਸਦੀਆਂ ਤੋਂ ਹੁੰਦਾ ਆਇਆ ਹੈ। ਇਸ ਨਾਲ ਜਿੱਥੇ ਇਨ੍ਹਾਂ ਦੇ ਗੁੱਟਾਂ 'ਚ ਵਾਧਾ ਹੋਇਆ ਹੈ, ਉੱਥੇ ਸੁਆਦ 'ਚ ਇਜ਼ਾਫ਼ਾ ਵੀ ਹੋਇਆ ਹੈ। ਇਹ ਪੁਸਤਕ ਰਸੋਈ ਦੀ ਕਲਾ ਨੂੰ ਨਿਖ਼ਾਰਨ 'ਚ ਸਹਾਇਕ ਹੋਵੇਗੀ, ਅਜਿਹਾ ਮੈਨੂੰ ਜਾਪਦਾ ਹੈ। ਪੁਸਤਕ 'ਚ ਖਾਣੇ ਦੀਆਂ ਸੋਹਣੀਆਂ ਫੋਟੋ ਦੇਖ ਕੇ ਹਰ ਇਕ ਦਾ ਦਿਲ ਰਸੋਈ ਵੱਲ ਜਾਣ ਨੂੰ ਕਰਦਾ ਹੈ। ਪੁਸਤਕ ਨੂੰ ਸਿਰਫ਼ ਪੜ੍ਹਨ ਤਕ ਹੀ ਨਹੀਂ, ਇਸ 'ਚ ਬਿਆਨੇ ਢੰਗ ਤਰੀਕਿਆਂ ਨੂੰ ਪਰਖ਼ਣ ਦੀ ਵੀ ਲੋੜ ਹੈ। ਹੱਥਲੀ ਪੁਸਤਕ ਖਾਣ-ਪੀਣ ਦਾ ਸ਼ੌਕ ਰੱਖ ਵਾਲਿਆਂ ਲਈ ਬਹੁਤ ਹੀ ਕਾਰਗਰ ਸਿੱਧ ਹੋਵੇਗੀ। ਇਸ ਦੇ ਨਾਲ ਹੀ ਖਾਣਾ ਬਣਾਉਣ ਜਾਂ ਬਣਾਉਣਾ ਸਿੱਖਣ ਵਾਲੇ ਸਿਖਾਰਥਿਆਂ ਲਈ ਵੀ ਰਾਹ ਦੁਸੇਰਾ ਸਿੱਧ ਹੋਵੇਗੀ।

• ਬਿੰਦਰ ਬਸਰਾ

# ਨਣਦ ਬੁਰਕੀਆਂ ਪਾਵੇ...

• ਸੁਰਿੰਦਰ ਮਾਣੂਕੇ 'ਗਿੱਲ'

ਨਣਦ ਤੇ ਭਰਜਾਈ ਦਾ ਰਿਸ਼ਤਾ ਭਾਵੇ ਕਿਸੇ ਖ਼ੂਨ ਦੇ ਰਿਸ਼ਤੇ ਵਾਂਗੂ ਨਹੀਂ ਹੁੰਦਾ ਤੇ ਇਸ ਰਿਸ਼ਤੇ 'ਚ ਮਨ-ਮੁਟਾਵ ਦੀ ਸ਼ੰਕਾਂ ਬਣੀ ਰਹਿੰਦੀ ਹੈ ਪਰ ਇਕ ਅਜਿਹਾ ਪਲ ਵੀ ਹੁੰਦਾ ਹੈ, ਜਿਸ ਪਲ ਦੌਰਾਨ ਨਣਦ ਆਪਣੀ ਭਰਜਾਈ ਤੇ ਇੰਨ੍ਹਾਂ ਜ਼ਿਆਦਾ ਖੁਸ਼ ਹੁੰਦੀ ਹੈ ਕਿ ਉਸ ਨੂੰ ਆਪਣੀ ਭਰਜਾਈ ਤੋਂ ਬਿਨ੍ਹਾਂ ਕੁਝ ਵੀ ਹੋਰ ਦਿਖਾਈ ਨਹੀਂ ਦਿੰਦਾ। ਇਹ ਪਲ ਵਿਆਹ ਦੇ ਉਸ ਪਲ ਦਾ ਹੁੰਦਾ ਹੈ। ਜਿਸ ਸਮੇਂ ਨਣਦ ਆਪਣੀ ਭਰਜਾਈ ਦੇ ਮੂੰਹ 'ਚ ਬੁਰਕੀਆਂ ਪਾ ਰਹੀ ਹੁੰਦੀ ਹੈ। ਇਸ ਪਲ ਨੂੰ ਦੇਖਕੇ ਦੇਖਣ ਵਾਲਿਆਂ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਹ ਨਣਦ, ਭਰਜਾਈ ਦੀ ਜੋੜੀ ਸਦੀਵੀਂ ਤੇ ਅਟੁੱਟ ਹੋਵੇ। ਨਣਦ ਵੱਲੋਂ ਭਰਜਾਈ ਦੇ ਮੂੰਹ 'ਚ ਬੁਰਕੀਆਂ ਪਾਉਣ ਦੇ ਇਸ ਦ੍ਰਿਸ਼ ਤੇ ਜੇਕਰ ਝਾਤ ਮਾਰੀ ਜਾਵੇ ਤਾਂ ਉਸ ਸਮੇਂ ਨਣਦ ਤੇ ਭਰਜਾਈ ਦੇ ਮਨ ਬਿਲਕੁੱਲ ਸਾਫ਼ ਹੁੰਦੇ ਹਨ। ਉਨ੍ਹਾਂ ਦੇ ਮਨਾਂ 'ਚ ਕਿਸੇ ਕਿਸਮ ਦੀ ਆਪਸੀ ਈਰਖਾ ਨਹੀਂ ਹੁੰਦੀ, ਉਸ ਸਮੇਂ ਤਾਂ ਨਣਦ ਨੂੰ ਇਨ੍ਹਾਂ ਚਾਅ ਹੁੰਦਾ ਹੈ ਕਿ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਹੀ ਆਪਣੀ ਭਰਜਾਈ ਨੂੰ ਘਰ ਲੈਕੇ ਜਾ ਰਹੀ ਹੋਵੇ। ਇਸ ਦ੍ਰਿਸ਼ ਨੂੰ ਕੈਮਰੇ ਵਾਲੇ ਆਪਣੇ ਕੈਮਰਿਆਂ 'ਚ ਇਸ ਤਰ੍ਹਾਂ ਕੈਦ ਕਰ ਰਹੇ ਹੁੰਦੇ ਹਨ ਜਿਵੇਂ ਕਿਸੇ ਫਿਲਮ ਦੇ ਅੰਤ ਵਾਲੇ ਸੀਨ ਨੂੰ ਕੈਦ ਕੀਤਾ ਜਾਂਦਾ ਹੈ। ਇਸ ਰਿਸ਼ਤੇ ਦਾ ਅੰਤ ਭਾਵੇ ਕੁਝ ਵੀ ਹੋਵੇ, ਪਰ ਅਜਿਹੇ ਸਮੇਂ ਤੇ ਅਜਿਹੇ



ਪਿਆਰ ਦੀ ਝਲਕ ਦਾ ਨਜ਼ਾਰਾ ਹੀ ਕੁਝ ਹੋਰ ਹੁੰਦਾ ਹੈ। ਵਿਆਹ ਤਾਂ ਭਾਵੇਂ ਸਾਰੀ ਦੁਨੀਆ 'ਚ ਹੁੰਦੇ ਹਨ ਪਰ ਸਾਡੇ ਦੇਸ਼ ਤੇ ਖ਼ਾਸ ਕਰਕੇ ਸਾਡੇ ਪੰਜਾਬ ਦੇ ਵਿਆਹਾਂ 'ਚ ਅਜਿਹਾ ਖੁਸ਼ਗਵਾਰ ਮਹੌਲ ਬਣਨਾ, ਸਾਡੇ ਪੰਜਾਬੀਆਂ ਦੇ ਹਿੱਸੇ ਹੀ ਆਇਆ ਹੈ। ਇਸ ਪੱਖੋਂ ਅਸੀਂ ਕਦੇ ਵੀ ਕਿਸੇ ਨੂੰ ਆਪਣੇ ਤੋਂ ਦੀ ਨਹੀਂ ਦੇਖਿਆ। ਇਹ ਸਾਡੇ ਲਈ ਬਹੁਤ ਹੀ ਫ਼ਖ਼ਰ ਵਾਲੀ ਗੱਲ ਹੈ ਕਿ ਸਾਡੇ ਅਜਿਹੇ ਦ੍ਰਿਸ਼ਾਂ ਨੂੰ ਹੋਰ ਲੋਕ ਮੂੰਹ 'ਚ ਉਂਗਲੀਆਂ ਪਾ ਕੇ ਦੇਖਦੇ ਹਨ ਤੇ ਹੈਰਾਨ ਹੁੰਦੇ ਹਨ ਕਿ ਸਾਡੇ 'ਚ ਇਨਾਂ ਪਿਆਰ ਹੈ। ਇਹ ਉਹ ਲੋਕ ਹਨ, ਜਿਹੜੇ ਸ਼ਾਇਦ ਅਜਿਹੇ ਦ੍ਰਿਸ਼ ਦੇਖਣ ਲਈ ਦੁਨੀਆ 'ਚ ਆਏ ਹਨ ਤੇ ਹਕੀਕੀ ਤੌਰ ਤੇ ਅਜਿਹਾ ਆਪ ਕਦੇ ਵੀ ਨਹੀਂ ਕਰ ਸਕਦੇ। ਸਾਡੀ ਅਮੀਰ ਵਿਰਾਸਤ ਦੇ ਅਜਿਹੇ ਦ੍ਰਿਸ਼ਾਂ ਨੇ ਸਾਨੂੰ ਹੀ ਖੁਸ਼ੀ ਨਹੀਂ ਬਖ਼ਸ਼ੀ ਸਗੋਂ ਅਜਿਹੇ ਦ੍ਰਿਸ਼ਾਂ ਤੇ ਬਣੇ ਗਾਣਿਆਂ ਨੇ ਸਾਰੀ ਦੁਨੀਆ ਨੂੰ ਵੀ ਖ਼ੁਸ਼ ਕੀਤਾ ਹੈ। ਗੈਰ ਭਾਸ਼ਾਈ ਲੋਕ ਭਾਵੇ ਅਜਿਹੇ ਦ੍ਰਿਸ਼ਾਂ 'ਤੇ ਫਿਲਮਾਏ ਗੀਤ ਨਾ ਸਮਝਦੇ ਹੋਣ ਪਰੰਤੂ ਉਹ ਸਾਡੇ ਹਾਵ-ਭਾਵ ਦੇਖ ਕੇ ਜ਼ਰੂਰ ਖੁਸ਼ੀ 'ਚ ਖੀਵੇ ਹੋ ਜਾਂਦੇ ਹਨ। ਭਾਵੇ ਹੋਲੀ-ਹੌਲੀ ਸਾਰਾ ਸੰਸਾਰ ਪੱਛਮੀ ਰੰਗਾਂ 'ਚ ਰੰਗਿਆਂ ਜਾ ਰਿਹਾ ਹੈ, ਜਿੰਨ੍ਹਾਂ 'ਚ ਅਸੀਂ ਵੀ ਕਿਸੇ ਹੱਦ ਤਕ ਸ਼ਾਮਲ ਹੋ ਗਏ ਹਾਂ ਪਰ ਅੱਜ ਵੀ ਪੱਛਮੀ ਤਰਜ ਦੀ ਚਕਾਚੌਂਧ ਰੋਸ਼ਨੀ 'ਚ ਇਕ ਨਣਦ ਆਪਣੀ ਭਰਜਾਈ ਦੇ ਮੂੰਹ 'ਚ ਬੁਰਕੀਆਂ ਪਾ ਰਹੀ ਦਿਖਾਈ ਦਿੰਦੀ ਹੈ, ਜਿਸ ਨੂੰ ਦੇਖਕੇ ਉਹ ਲੋਕ ਆਪਣੀ ਮੂੰਹ 'ਤੇ ਜ਼ਰੂਰ ਮੁਸ਼ਕਰਾਹਟ ਲੈ ਕੇ ਆਉਂਦੇ ਹਨ, ਜਿੰਨ੍ਹਾਂ ਨੂੰ ਅੱਜ ਵੀ ਅਜਿਹਾ ਕੁਝ ਚੰਗਾ ਲੱਗਦਾ ਹੈ। ਸ਼ਾਲਾ ਇਹ ਰੀਤੀ ਰਿਵਾਜ਼ ਇਸ ਤਰ੍ਹਾਂ ਹੀ ਚੱਲਦੇ ਰਹਿਣ ਕਿਉਂਕਿ ਇਨ੍ਹਾਂ ਰੀਤੀ ਰਿਵਾਜ਼ਾਂ 'ਚ ਹੀ ਸਾਡੀ ਹੋਂਦ ਸਮਾਈ ਹੋਈ ਹੈ। ਆਓ ਇਸ ਹੋਂਦ ਨੂੰ ਬਰਕਰਾਰ ਰੱਖਣ ਲਈ ਇਹ ਸਹੁੰ ਲਈਏ ਕਿ ਅਸੀਂ ਕਦੇ ਵੀ ਅਜਿਹੇ ਰੀਤੀ ਰਿਵਾਜ਼ਾਂ ਤੋਂ ਮੂੰਹ ਨਹੀ ਮੋੜਾਂਗੇ ਤੇ ਇਸ ਨੂੰ ਲੋਕ ਦਿਖਾਵੇ ਲਈ ਹੀ ਨਹੀਂ ਕਰਾਂਗੇ ਸਗੋਂ ਇਸ ਤੇ ਪੂਰਾ ਪਹਿਰਾ ਵੀ ਦੇਵਾਂਗੇ। •

> ਪੱਛਮੀ ਰੰਗਾਂ ਦੀ ਚਕਾਚੌਂਧ 'ਚ ਰੰਗੇ ਪੰਜਾਬ 'ਚ ਅੱਜ ਵੀ ਨਣਦ ਆਪਣੀ ਭਰਜਾਈ ਦੇ ਮੂੰਹ 'ਚ ਬੁਰਕੀਆਂ ਪਾਉਂਦੀ ਦਿਖਾਈ ਦਿੰਦੀ ਹੈ...

**ਮੋਬਾਈਲ** : 8872321000

# ਮਾਲਿਸ਼ ਨਾਲ ਦਿਓ ਵਾਲਾਂ ਨੂੰ ਪੋਸ਼ਣ



ਤਨਵੀਰ ਅਹਿਮਦ

> ਵਾਲਾਂ ਲਈ ਤੇਲ ਹਲਕਾ ਹੋਣਾ ਚਾਹੀਦਾ ਹੈ, ਜੋ ਵਾਲਾਂ ਤੇ ਖੋਪੜੀ 'ਚ ਅਰਾਮ ਨਾਲ ਸਮਾ ਸਕੇ।

ਵਾਲਾਂ ਨੂੰ ਪੋਸ਼ਨ ਦੇਣ ਲਈ ਸ਼ੈਂਪੂ ਕਰਨ ਤੋਂ ਪਹਿਲਾਂ ਤੇਲ ਨਾਲ ਸਿਰ ਦੀ ਚੰਗੀ ਤਰ੍ਹਾਂ ਮਾਲਿਸ਼ ਜ਼ਰੂਰ ਕਰੋ। ਰੈਗੂਲਰ ਰੂਪ 'ਚ ਮਾਲਿਸ਼ ਕਰਨ ਨਾਲ ਵਾਲਾਂ ਦੀਆਂ ਜੜ੍ਹਾ ਨੂੰ ਪੋਸ਼ਣ ਤਾਂ ਮਿਲਦਾ ਹੈ ਉਸ ਦੇ ਨਾਲ ਸਾਡੇ ਸਰੀਰ ਨੂੰ ਹੋਰ ਵੀ ਬਹੁਤ ਫ਼ਾਇਦੇ ਹੁੰਦੇ ਹਨ।

- ਸਿਰ 'ਚ ਤੇਲ ਲਗਾਉਂਦੇ ਸਮੇਂ ਹੱਥਾਂ ਦੀ ਗਤੀ 'ਤੇ ਸਭ ਕੁਝ ਨਿਰਭਰ ਹੁੰਦਾ ਹੈ। ਇਸ 'ਚ ਤੁਹਾਡੀਆਂ ਉਂਗਲਾ ਦੀ ਚਾਲ ਤਲੀਆਂ ਨਾਲ ਸਿਰ ਨੂੰ ਝੱਸਣਾ, ਸ਼ਾਮਿਲ ਹੈ। ਸਿਰ 'ਤੇ ਬਹੁਤਾ ਤੇਲ ਨਾ ਲਗਾਉ ਕਿਉਂਕਿ ਜ਼ਿਆਦੇ ਤੇਲ ਨੂੰ ਸਾਫ਼ ਕਰਨ ਲਈ ਸ਼ੈਂਪੂ ਵੀ ਜ਼ਿਆਦਾ ਲੱਗੇਗਾ। ਜਿਸ ਨਾਲ ਵਾਲ੍ਹਾ 'ਚ ਰੁੱਖਾਪਨ ਆ ਸਕਦਾ ਹੈ। ਧਿਆਨ ਰੱਖੋ ਵਾਲਾਂ ਨੂੰ ਕੋਮਲ ਦੇਖ-ਭਾਲ ਦੀ ਜ਼ਰੂਰਤ ਹੁੰਦੀ ਹੈ। ਜ਼ਿਆਦਾ ਮਾਲਿਸ਼ ਕਰਨ ਨਾਲ ਵੀ ਵਾਲ ਟੁੱਟਣ ਲੱਗ ਜਾਂਦੇ ਹਨ ਤੇ ਇਨ੍ਹਾਂ ਦਾ ਵੱਧਣਾ ਵੀ ਘੱਟ ਹੋ ਸਕਦਾ ਹੈ।
- ਵਾਲਾਂ ਲਈ ਤੇਲ ਹਲਕਾ ਹੋਣਾ ਚਾਹੀਦਾ ਹੈ, ਜੋ ਵਾਲਾਂ ਤੇ ਖੋਪੜੀ 'ਚ ਅਰਾਮ ਨਾਲ ਸਮਾ ਸਕੇ। ਨਾਰੀਅਲ, ਬਦਾਮ ਜਾਂ ਤਿਲਾਂ ਦੇ ਤੇਲ ਦੀ ਵਰਤੋਂ ਕਰੋ। ਭਾਰਤੀ ਲੋਕਾਂ ਦੇ ਵਾਲਾਂ ਦੀ ਬਨਾਵਟ ਲਈ ਇਹ ਤੇਲ ਵਧੀਆ ਰਹਿੰਦੇ ਹਨ। ਜੋਜੋਬਾ ਦਾ ਤੇਲ ਮਾਸਚੇਰਾਈਜ਼ਰ ਹੁੰਦਾ ਹੈ ਜੋ ਭੂਰੇ, ਰੁੱਖੇ, ਤੇ ਖ਼ਰਾਬ ਵਾਲਾਂ ਲਈ ਸਹੀ ਰਹਿੰਦਾ ਹੈ। ਵਾਲਾਂ 'ਚ ਜੈਤੂਨ, ਅਰੰਡੀ ਵਰਗੇ ਤੇਲ ਨਾ ਲਗਾਉ ਕਿਉਂਕਿ ਇਹ ਵਾਲਾਂ ਦੀਆਂ ਜੜ੍ਹਾਂ 'ਚ ਛੇਤੀ ਨਹੀਂ ਰਚਦੇ। ਇਹ ਤੇਲ ਚਮੜੀ ਦੇ ਰੋਮ ਬੰਦ ਕਰ ਦਿੰਦੇ ਹਨ ਜਿਸ ਨਾਲ ਖੋਪੜੀ ਚਿਕਨੀ ਹੋ ਜਾਂਦੀ ਹੈ।
- ਸਿਰ ਦੀ ਮਾਲਿਸ਼ ਨਾਰੀਅਲ ਦੇ ਦੁੱਧ ਨਾਲ ਵੀ ਕੀਤੀ ਜਾ ਸਕਦੀ ਹੈ। ਨਾਰੀਅਲ ਦਾ ਦੁੱਧ ਵਾਲਾਂ ਤੇ ਖੋਪੜੀ ਲਈ ਫ਼ਾਇਦੇਮਦ ਸਾਬਿਤ ਹੁੰਦਾ ਹੈ। ਰੈਗੋਲਰ ਤੇਲ ਦੀ ਮਾਲਿਸ਼ ਕਰਨ ਨਾਲ ਵਾਲ ਜਲਦੀ ਵੱਧਦੇ ਹਨ।
- ਤੇਲ ਨੂੰ ਪਹਿਲਾ ਜੜ੍ਹਾ ਤੋਂ ਲਗਾਉਣਾ ਸ਼ੁਰੂ ਕਰਨਾ ਚਾਹੀਦਾ ਹੈ। ਫਿਰ ਵਾਲਾਂ ਦੇ ਵਿਚਕਾਰ ਤੇ ਅਖ਼ੀਰ 'ਚ ਵਾਲਾਂ ਦੇ ਸਿਰੇ 'ਤੇ ਜਾਉ। ਇਸ ਤਰ੍ਹਾਂ ਕਰਨ ਨਾਲ ਵਾਲਾਂ 'ਚ ਰੁੱਖਾਪਨ ਨਹੀਂ ਐਵੇਗਾ ਤੇ ਵਾਲਾਂ 'ਚ ਚਮਕ ਵੀ ਵਧੇਰੇ ਆਵੇਗੀ। ਮਾਲਿਸ਼ ਕਰਨ ਤੋਂ ਕੁਝ ਸਮੇਂ ਬਾਅਦ ਗਰਮ ਪਾਣੀ ਨਾਲ ਵਾਲ ਧੋ ਲਵੋ ਤੇ ਸਿਰ 'ਤੇ ਤੋਲੀਆ ਲਪੇਟ ਲਉ। ਅਜਿਹਾ ਕਰਨ ਨਾਲ ਸਿਰ ਦੇ ਰੋਮ ਖ਼ੁਲ੍ਹੇ ਰਹਿਣਗੇ ਤੇ ਤੇਲ ਵੀ ਖੋਪੜੀ 'ਚ ਰਚ ਜਾਵੇਗਾ ਤੇ ਵਾਲਾਂ 'ਚ ਚਮਕ ਵੀ ਆਵੇਗੀ। ਨਾਰੀਅਲ ਦੇ ਤੇਲ ਤੋਂ ਇਲਾਵਾ ਆਯੁਰਵੇਦਿਕ ਤੇਲ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। •



# ਮੁੜ ਆਏ ਦਿਨ ਫੁਲਕਾਰੀ ਤੇ ਸਾਲੂ ਦੇ

• ਜਗਮੋਹਨ ਸਿੰਘ ਲੱਕੀ

ਸਾਲੂ ਵੀ ਫੁਲਕਾਰੀ ਤੇ ਬਾਗ਼ ਵਾਂਗ ਕਢਾਈ ਵਾਲਾ ਸੁੰਦਰ ਕੱਪੜਾ ਹੁੰਦਾ ਹੈ, ਜਿਸ ਨੂੰ ਸਿਰ 'ਤੇ ਲਿਆ ਜਾਂਦਾ ਹੈ ਤੇ ਬੁੱਕਲ ਮਾਰੀ ਜਾਂਦੀ ਹੈ। ਕਈ ਥਾਵਾਂ 'ਤੇ ਪਵਿੱਤਰ ਕਿਤਾਬਾਂ ਨੂੰ ਵੀ ਸਾਲੂ 'ਚ ਲਪੇਟ ਕੇ ਰਖਿਆ ਜਾਂਦਾ ਹੈ। ਸਾਲੂ ਸ਼ਗਨਾਂ ਦਾ ਪ੍ਰਤੀਕ ਹੁੰਦਾ ਹੈ ਇਹ ਹੀ ਕਾਰਨ ਹੈ ਕਿ ਵਿਆਹ ਮੌਕੇ ਲਾਵਾਂ ਮੌਕੇ ਵਿਆਹਦੜ ਕੁੜੀ ਦੇ ਸਿਰ 'ਤੇ ਲਾਲ ਸੂਹਾ ਸਾਲੂ ਦਿੱਤਾ ਜਾਂਦਾ ਹੈ ਤੇ ਸ਼ਗਨ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਅੱਜ-ਕਲ੍ਹ ਕਾਲੇ ਰੰਗ ਦਾ ਸਾਲੂ ਬਹੁਤ ਪ੍ਰਚਲਿਤ ਹੋ ਗਿਆ ਹੈ। ਅਸਲ 'ਚ ਕਢਾਈ ਵਾਲੀ ਚੁੰਨੀ ਨੂੰ ਸਾਲੂ ਕਿਹਾ ਜਾਂਦਾ ਹੈ। ਕਾਲੇ ਸੂਟ ਤੇ ਕਾਲੀ ਕਢਾਈ ਵਾਲਾ ਸਾਲੂ ਅੱਜ ਹਰ ਮੁਟਿਆਰ ਦੀ ਪਹਿਲੀ ਪਸੰਦ ਬਣ ਗਿਆ ਹੈ। ਅਸਲ 'ਚ ਸਾਲੂ ਨੂੰ ਗਰਮੀਆਂ ਤੇ ਸਰਦੀਆਂ ਦੇ ਮੌਸਮ 'ਚ ਮੁਟਿਆਰਾਂ ਆਪਣੇ ਗਲ਼ ਲਪੇਟਨ ਤੇ ਸਿਰ 'ਤੇ ਲੈਣ ਨੂੰ ਆਪਣੀ ਸ਼ਾਨ ਸਮਝਦੀਆਂ ਹਨ। ਗੋਰੇ ਰੰਗ ਵਾਲੀਆਂ ਮੁਟਿਆਰਾਂ 'ਤੇ ਕਾਲਾ ਸਾਲੂ ਲਿਆ ਬਹੁਤ ਹੀ ਸੋਹਣਾ ਲੱਗਦਾ ਹੈ। ਕਾਲਾ ਸੁਰਖ਼ ਸਾਲੂ ਲੈਣ ਨਾਲ ਗੋਰੀਆਂ ਮੁਟਿਆਰਾਂ ਦਾ ਗੋਰਾ ਗੁਲਾਬੀ ਭਾਅ ਮਾਰਦਾ ਮੁੱਖੜਾ ਹੋਰ ਵੀ ਨਿੱਖ਼ਰ ਜਾਂਦਾ ਹੈ ਜਿਵੇਂ ਮੱਖਣ 'ਚ ਸੰਦੂਰ ਮਿਲਿਆ ਹੋਵੇ।

ਸਾਲੂ ਦੇ ਚਾਰ ਕੋਨਿਆਂ ਤੇ ਵਿਚਕਾਰ ਪੰਜ ਬੂਟੀਆਂ ਕੱਢੀਆਂ ਜਾਂਦੀਆਂ ਹਨ। ਸਾਲੂ ਨੂੰ ਸ਼ੁੱਭਰ ਵੀ ਕਿਹਾ ਜਾਂਦਾ ਹੈ। ਜਦੋਂ ਲਾਲ ਸੁਰਖ਼ ਜਾਂ ਕਾਲੇ ਸ਼ਾਹ ਰੰਗ ਦੇ ਕੱਪੜੇ 'ਤੇ ਸੁਨਹਿਰੀ ਤੇ ਹੋਰ ਰੰਗਾਂ ਦੀ ਕਢਾਈ ਕੀਤੀ ਜਾਂਦੀ ਹੈ ਤਾਂ ਉਹ ਸਾਲੂ ਬਣ ਜਾਂਦਾ ਹੈ। ਕਈ ਇਲਾਕਿਆਂ 'ਚ ਸਾਲੂ ਲਈ ਹਲਕੇ ਕੱਪੜੇ 'ਤੇ ਕਢਾਈ ਕੀਤੀ ਜਾਂਦੀ ਹੈ ਤੇ ਕੁਝ ਇਲਾਕਿਆਂ 'ਚ ਲਾਲ ਰੰਗ ਦੇ ਮੋਟੇ ਖੱਦਰ ਦੇ ਕੱਪੜੇ 'ਤੇ ਕਢਾਈ ਕਰਕੇ ਸਾਲੂ ਨੂੰ ਬਨਾਇਆ ਜਾਂਦਾ ਹੈ।

ਜਦੋਂ ਕੋਈ ਭਰ ਜੋਬਨ ਮੁਟਿਆਰ ਲਾਵਾਂ ਤੋਂ ਬਾਅਦ ਗਹਿਣਿਆਂ ਨਾਲ ਲੱਦੀ ਹੋਈ ਡੋਲੀ 'ਚ ਬਹਿ ਕੇ, ਸਹੁਰੇ ਘਰ 'ਚ ਪਹਿਲਾ ਕਦਮ ਰੱਖਦੀ ਹੈ ਤਾਂ ਉਸ ਦੇ ਸਿਰ 'ਤੇ ਸ਼ਗਨਾਂ ਦਾ ਸੂਹਾ ਸਾਲੂ ਲਿਆ ਹੁੰਦਾ ਹੈ ਤੇ ਸਾਲੂ ਦੀ ਕਈ ਵਾਰ ਬੁੱਕਲ ਮਾਰੀ ਹੁੰਦੀ ਹੈ। ਸੱਸ ਵੀ ਆਪਣੀ ਸੱਜ ਵਿਆਹੀ ਨੂੰਹ ਨੂੰ ਸ਼ਗਨਾਂ ਵਜੋਂ ਸਾਲੂ ਹੀ ਦਿੰਦੀ ਹੈ। ਸਾਲੂ 'ਚੋਂ ਸੱਜ ਵਿਆਹੀ ਮੁਟਿਆਰ ਦਾ ਰੂਪ ਡੁੱਲ੍ਹ-ਡੁੱਲ੍ਹ ਪੈਂਦਾ ਹੈ।

ਸਾਲੂ ਦਾ ਪ੍ਰਚਲਣ 15 ਵੀਂ ਸਦੀ 'ਚ ਹੀ ਸ਼ੁਰੂ ਹੋ ਗਿਆ ਸੀ। ਸਾਲੂ ਅਸਲ 'ਚ ਫੁਲਕਾਰੀ ਦਾ ਹੀ ਇੱਕ ਰੂਪ ਹੈ।

ਜੇ ਸਾਲੂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਾਲੂ ਦੀ ਵੀ ਸ਼ੁਰੂਆਤ ਫੁਲਕਾਰੀ ਵਾਂਗ ਇਰਾਨ 'ਚ ਹੋਈ ਸੀ। ਇਰਾਨ 'ਚ ਫੁਲਕਾਰੀ ਨੂੰ ਗੁਲਕਾਰ ਜਾਂ ਗੁਲਕਾਰੀ ਕਿਹਾ ਜਾਂਦਾ ਹੈ। ਜਿਸ ਦਾ ਅਰਥ ਹੈ ਫੁੱਲ ਕੱਢਣਾ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਮੱਧ ਏਸ਼ੀਆਂ ਤੋਂ ਆਉਣ ਵਾਲੇ ਲੋਕ ਫੁਲਕਾਰੀ ਤੇ ਸਾਲੂ ਦੇ ਨਾਲ ਬਾਗ਼ ਦੀ ਵੀ ਕਲਾ ਆਪਣੇ ਨਾਲ ਹੀ ਪੰਜਾਬ ਲੈ ਕੇ ਆਏ ।

ਫੁਲਕਾਰੀ ਦੋ ਸ਼ਬਦਾਂ ਫੁੱਲ ਤੇ ਕਾਰੀ ਤੋਂ ਬਣਿਆ ਹੈ। ਫੁੱਲ ਦਾ ਅਰਥ ਫੁੱਲਾਂ ਤੋਂ ਹੁੰਦਾ ਹੈ ਤੇ ਕਾਰੀ ਦਾ ਮਤਲਬ ਕਾਰੀਗਰੀ ਤੇ ਤਕਨੀਕ ਤੋਂ ਹੁੰਦਾ ਹੈ। ਸੰਘਣੀ ਕਢਾਈ ਵਾਲੇ ਲਾਲ ਕੱਪੜੇ ਨੂੰ ਬਾਗ਼ ਕਹਿੰਦੇ ਹਨ। ਬਾਗ਼ 'ਤੇ ਏਨੇ ਜ਼ਿਆਦਾ ਸੰਘਣੇ ਫੁੱਲ ਪਾਏ ਹੁੰਦੇ ਹਨ ਕਿ ਸੂਈ ਜਿਨਾਂ ਵੀ ਰਸਤਾ ਨਹੀਂ ਹੁੰਦਾ ਤੇ ਹੇਠਲਾ ਲਾਲ ਕੱਪੜਾ ਦਿਖਾਈ ਨਹੀਂ ਦਿੰਦਾ। ਇਹ ਕਢਾਈ ਪੁੱਠੇ ਪਾਸੇ ਤੋਂ ਕੀਤੀ ਜਾਂਦੀ ਹੈ ਤੇ ਕਾਫ਼ੀ ਔਖੀ ਹੁੰਦੀ ਹੈ। ਇਸ ਕਰਕੇ ਹੀ ਇਸ ਨੂੰ ਫੁੱਲਾਂ ਦਾ ਬਾਗ਼ ਕਹਿੰਦੇ ਹਨ। ਫੁਲਕਾਰੀ 'ਚ ਬਾਗ਼ ਵਾਂਗੂ ਸੰਘਣੀ ਕਢਾਈ ਨਹੀਂ ਹੁੰਦੀ ਸਗੋਂ ਵਿਰਲੀ ਕਢਾਈ ਹੁੰਦੀ ਹੈ।

ਸਾਲੂ 'ਚ ਸਿਰਫ਼ ਕਿਨਾਰਿਆਂ ਤੇ ਵਿਚਾਲੇ ਜਿਹੇ ਹੀ ਕਢਾਈ ਕੀਤੀ ਜਾਂਦੀ ਹੈ। ਸਾਲੂ, ਫੁੱਲਕਾਰੀ ਤੇ ਬਾਗ਼ 'ਚ ਲਾਲ ਰੰਗ ਦੇ ਖੱਦਰ ਦੇ ਕੱਪੜੇ 'ਤੇ ਸੁਨਹਿਰੀ, ਹਰੇ ਤੇ ਹੋਰ ਰੰਗਾਂ ਦੇ ਰੇਸ਼ਮੀ ਧਾਗਿਆਂ ਨਾਲ ਕਢਾਈ ਕੀਤੀ ਹੁੰਦੀ ਹੈ। ਫੁਲਕਾਰੀ ਦੀ ਕਢਾਈ ਥੋੜ੍ਹੀ ਜਿਹੀ ਵਿਰਲੀ ਹੁੰਦੀ ਹੈ ਤੇ ਹੇਠਲਾ ਲਾਲ ਕੱਪੜਾ ਵੀ ਫੁੱਲਾਂ 'ਚੋਂ ਝਲਕਾਰੇ ਮਾਰਦਾ ਹੈ। ਇਕ ਬਾਗ਼ ਬਨਾਉਣ 'ਚ ਇਕ ਸਾਲ ਜਾਂ ਉਸ ਤੋਂ ਵੱਧ ਸਮਾਂ ਲੱਗਦਾ ਹੈ ਪਰ ਫੁਲਕਾਰੀ ਬਨਾਉਣ ਵਿਚ 7-8 ਮਹੀਨੇ ਹੀ ਲੱਗਦੇ ਹਨ ਪਰ ਸਾਲੂ ਇਸ ਤੋਂ ਵੀ ਘੱਟ ਸਮੇਂ 'ਚ ਤਿਆਰ ਹੋ ਜਾਂਦਾ ਹੈ। ਸਾਲੂ, ਫੁਲਕਾਰੀ ਤੇ ਬਾਗ਼ 'ਤੇ ਰੇਸ਼ਮੀ ਧਾਗਿਆਂ ਨਾਲ ਕਢਾਈ ਕੀਤੀ ਜਾਂਦੀ ਹੈ। ਇਹ ਧਾਗੇ ਚੀਨ ਤੇ ਅਫ਼ਗਾਨਿਸਤਾਨ ਦੇ ਬਣੇ ਹੁੰਦੇ ਹਨ। ਪੁਰਾਣੇ ਸਮੇਂ 'ਚ ਵਪਾਰੀ ਇਨ੍ਹਾਂ ਧਾਗਿਆਂ ਨੂੰ ਵੇਚਣ ਲਈ ਪਿੰਡਾਂ 'ਚ ਜਾਂਦੇ ਸਨ। ਜਿਨ੍ਹਾਂ ਤੋਂ ਔਰਤਾਂ ਇਹ ਧਾਗੇ ਖ਼ਰੀਦ ਦੀਆਂ ਸਨ।

ਸਾਲੂ ਦੀ ਲੰਬਾਈ-ਚੌੜਾਈ ਨਿਸ਼ਚਿਤ ਨਹੀਂ ਹੁੰਦੀ ਪਰ ਕਈ ਵਾਰ ਸਾਲੂ ਦੀ ਲੰਬਾਈ ਦੋ ਤੋਂ ਢਾਈ ਗਜ਼ ਤੇ ਚੌੜਾਈ ਡੇਢ ਗਜ਼ ਵੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਛੋਟੇ ਆਕਾਰ ਦੇ ਸਾਲੂ ਵੀ ਵਧੇਰੇ ਪ੍ਰਚਲਿਤ ਹਨ ਕਿਉਂਕਿ ਇਨ੍ਹਾਂ ਨੂੰ ਸੰਭਾਲਨਾ ਆਸਾਨ ਹੁੰਦਾ ਹੈ।

ਪਹਿਲਾਂ ਮੋਟਾ ਖੱਦਰ ਤੇ ਵਧੀਆਂ ਖੱਦਰ ਤੇ ਹਲਵਾਨ ਨਾਮ ਦੇ ਕੱਪੜਿਆਂ 'ਤੇ ਕਢਾਈ ਕੀਤੀ ਜਾਂਦੀ ਸੀ ਪਰ ਹੁਣ ਖੱਦਰ ਦੇ ਨਾਲ ਹੀ ਵਾਇਲ, ਮਲਮਲ, ਰੁਬੀਆ ਤੇ ਵਧੀਆ ਸਿਲਕ 'ਤੇ ਵੀ ਕਢਾਈ ਕੀਤੀ ਜਾਂਦੀ ਹੈ। ਪੁਰਾਣੇ ਸਮੇਂ 'ਚ ਕੁੜੀਆਂ ਤ੍ਰਿਝਣ 'ਚ ਬੈਠਕੇ ਜਾਂ ਛੱਤ 'ਤੇ ਮੰਜਿਆਂ 'ਤੇ ਬੈਠ ਕੇ ਸਾਲੂ ਤੇ ਫੁਲਕਾਰੀ ਕੱਢਦੀਆਂ ਸਨ। ਛੱਤ 'ਤੇ ਮੰਜੇ ਵੀ ਤਰਕੀਬ ਨਾਲ ਜੋੜੇ ਜਾਂਦੇ ਸਨ ਵਿਚਕਾਰ ਮੰਜਾ ਡਾਹ ਕੇ ਆਸੇ ਪਾਸੇ ਮੰਜੇ ਖੜੇ ਕਰ ਦਿੱਤੇ ਜਾਂਦੇ ਸਨ ਇਸ ਨੂੰ ਕਈ ਇਲਾਕਿਆਂ 'ਚ ਬੰਗਲਾ ਪਾਉਣਾ ਵੀ ਕਹਿੰਦੇ ਸਨ। ਉਸ ਸਮੇਂ ਹਰ ਮੁਟਿਆਰ ਦੇ ਦਾਜ 'ਚ ਘੱਗਰਾ ਤੇ ਸਾਲੂ ਜਾਂ ਫੁਲਕਾਰੀ/ਬਾਗ਼ ਜ਼ਰੂਰ ਹੁੰਦੇ ਸਨ।

ਅੱਜ-ਕਲ੍ਹ ਵਿਆਹ ਮੌਕੇ ਮੁਟਿਆਰਾਂ ਵਲੋਂ ਲਹਿੰਗਾ ਪਾਉਣ ਦਾ ਰਿਵਾਜ ਸ਼ੁਰੂ ਹੋ ਗਿਆ ਹੈ। ਤੇੜ ਲਹਿਗਾ ਤੇ ਸਿਰ 'ਤੇ ਲਿਆ ਸਾਲੂ ਨਵੀਂ ਵਿਆਹੀ ਦੇ ਰੂਪ ਨੂੰ ਚਾਰ ਚੰਨ ਲਗਾ ਦਿੰਦੇ ਹਨ। ਜਦੋਂ ਸਾਲੂ ਦੀ ਬੁੱਕਲ ਜਾਂ ਘੁੰਡ 'ਚੋਂ ਗੋਰਾ ਮੁੱਖੜਾ ਦਿਖਾਈ ਦਿੰਦਾ ਹੈ ਤਾਂ ਉਸ ਗੋਰੇ ਮੁੱਖੜੇ 'ਤੇ ਸਾਲੂ ਦੀ ਹਲਕੀ ਲੀਲੱਤਣ ਵੀ ਦਿਖਾਈ ਦਿੰਦੀ ਹੈ, ਜਿਸ ਨੂੰ ਮੂੰਹ 'ਤੇ ਲਾਲੀ ਝਗੜਨੀ ਵੀ ਕਿਹਾ ਜਾਂਦਾ ਹੈ।

ਸਾਲੂ/ਫੁਲਕਾਰੀ ਦੀ ਵਰਤੋਂ ਵਿਆਹ, ਤਿਉਹਾਰਾਂ ਤੇ ਸ਼ਗਨਾਂ ਦੇ ਮੌਕੇ ਕੀਤੀ ਜਾਂਦੀ ਹੈ। ਭਾਵੇਂ ਅੱਜ-ਕਲ੍ਹ ਕਿਸੇ ਕੋਲ ਸਾਲੂ/ਫੁਲਕਾਰੀ, ਬਾਗ਼ ਕੱਢਣ ਦਾ ਸਮਾਂ ਨਹੀਂ ਤੇ ਇਹ ਅਜਾਇਬ ਘਰਾਂ ਦੀ ਸ਼ਾਨ ਬਣਕੇ ਰਹਿ ਗਏ ਹਨ ਪਰ ਕਈ ਘਰਾਂ 'ਚ ਅੱਜ ਵੀ ਸਾਲੂ/ਫੁਲਕਾਰੀ ਤੇ ਬਾਗ਼ ਦੀ ਵਰਤੋਂ ਹੁੰਦੀ ਹੈ। ਸਰਦੀਆਂ 'ਚ ਇਸ ਫੁਲਕਾਰੀ ਦੀ ਬੁੱਕਲ ਵੀ ਮਾਰ ਲਈ ਜਾਂਦੀ ਹੈ। ਅੱਜ-ਕਲ੍ਹ ਹਰ ਸੋਹਣੀ ਮੁਟਿਆਰ ਦੇ ਹੀ ਕਾਲਾ ਸੂਟ ਤੇ ਕਾਲਾ ਸਾਲੂ ਲਿਆ ਹੋ ਇਆ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਕਾਲੇ ਸਾਲੂ ਤੇ ਫੁਲਕਾਰੀ ਦਾ ਮੁੜ ਰਿਵਾਜ ਆ ਗਿਆ ਹੈ। ਸਾਲੂ / ਫੁਲਕਾਰੀ ਤੇ ਬਾਗ਼ ਵਰਗੀ ਵਿਰਾਸਤੀ ਕਲਾ ਨੂੰ ਸੰਭਾਲਣ ਦੀ ਲੋੜ ਸੀ ਜੋ ਇਨ੍ਹਾਂ ਦੇ ਮੁੜ ਰਿਵਾਜ 'ਚ ਆਉਣ ਨਾਲ ਪੂਰੀ ਹੁੰਦੀ ਲੱਗਦੀ ਹੈ। ਸਾਲੂ ਤੇ ਫੁਲਕਾਰੀ ਦਾ ਮੁੜ ਰਿਵਾਜ 'ਚ ਆਉਣਾ ਸਾਡੇ ਸੱਭਿਆਚਾਰ ਲਈ ਸ਼ੁਭ ਸੰਕੇਤ ਹੈ। •



**ਮੋਬਾਇਲ** : 9463819174

# 12 ਫਰਵਰੀ ਨੂੰ ਖ਼ਾਲਸਾ ਕਾਲਜ 'ਚ ਲੱਗੇਗਾ ਮਿਲਟਰੀ ਲਿਟਰੇਚਰ ਮੇਲਾ, ਏ.ਡੀ.ਸੀ. ਡਾ. ਇਸਮਤ ਵਿਜੇ ਸਿੰਘ ਵੱਲੋਂ ਤਿਆਰੀਆਂ ਦਾ ਜਾਇਜ਼ਾ

## ਜੋਸ਼, ਜਜ਼ਬੇ ਤੇ ਬਹਾਦਰੀ ਦਾ ਵਰਨਣ, ਬੈਂਡ ਡਿਸਪਲੇ, ਫ਼ੌਜੀ ਟੈਂਕਾਂ ਤੇ ਜੰਗੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ, ਦਾਖਲਾ ਫ਼੍ਰੀ ਹੋਵੇਗਾ: ਏ.ਡੀ.ਸੀ.



ਪਟਿਆਲਾ ਦੇ ਖ਼ਾਲਸਾ ਕਾਲਜ ਵਿਖੇ ਹੋਣ ਵਾਲੇ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਏ.ਡੀ.ਸੀ. ਡਾ. ਇਸਮਤ ਵਿਜੇ ਸਿੰਘ। ਉਨ੍ਹਾਂ ਦੇ ਨਾਲ ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 9 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ ਨੇ ਪਟਿਆਲਾ ਹੈਰੀਟੇਜ ਫੈਸਟੀਵਲ-2026 ਤਹਿਤ 12-13 ਫਰਵਰੀ ਨੂੰ ਪਟਿਆਲਾ ਦੇ ਖ਼ਾਲਸਾ ਕਾਲਜ ਵਿਖੇ ਕਰਵਾਏ ਜਾਣ ਵਾਲੇ ਚੌਥੇ ਮਿਲਟਰੀ ਲਿਟਰੇਚਰ ਫੈਸਟੀਵਲ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਬੈਠਕ ਮੌਕੇ ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਸਮੇਤ ਖ਼ਾਲਸਾ ਕਾਲਜ ਦੇ ਪ੍ਰੋਫੈਸਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਏ.ਡੀ.ਸੀ. ਡਾ. ਇਸਮਤ ਵਿਜੇ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਮਿਲਟਰੀ ਲਿਟਰੇਚਰ ਫੈਸਟੀਵਲ ਮੌਕੇ 12 ਫਰਵਰੀ ਨੂੰ ਸਵੇਰੇ 9 ਵਜੇ ਵਾਈ.ਪੀ.ਐਸ. ਚੌਂਕ ਸਥਿਤ ਮਿਲਟਰੀ ਸ਼ਹੀਦਾਂ ਦੀ ਯਾਦਗਾਰ ਸੇਨੋਟਾਫ਼ ਵਿਖੇ ਫੁੱਲ ਮਾਲਾ ਅਰਪਣ ਅਤੇ ਪੋਲੋ ਗਰਾਊਂਡ ਤੋਂ ਬ੍ਰੇਵ-ਹਾਰਟ ਮੋਟਰਸਾਈਕਲ ਰੈਲੀ ਹੋਵੇਗੀ। ਉਨ੍ਹਾਂ ਦੱਸਿਆ ਕਿ ਇਹ ਮਿਲਟਰੀ ਲਿਟਰੇਚਰ ਮੇਲਾ, ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ, ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਮੇਜਰ ਜਨਰਲ ਏ.ਪੀ. ਸਿੰਘ ਅਤੇ ਬ੍ਰਿਗੇਡੀਅਰ ਅਜਵਿੰਦਰਪਾਲ ਮਦਾਨ ਆਦਿ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਏ.ਡੀ.ਸੀ. ਨੇ ਅੱਗੇ ਦੱਸਿਆ ਕਿ ਖ਼ਾਲਸਾ ਕਾਲਜ ਵਿਖੇ ਜੋਸ਼, ਜਜ਼ਬੇ ਅਤੇ ਬਹਾਦਰੀ ਦਾ ਵਰਨਣ, ਫ਼ੌਜੀ ਟੈਂਕਾਂ ਤੇ ਜੰਗੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ, ਬੈਂਡ ਡਿਸਪਲੇ, ਵਾਈ.ਪੀ. ਐਸ. ਸਕੂਲੀ ਵਿਦਿਆਰਥੀਆਂ ਦਾ ਘੋੜਸਵਾਰੀ ਸ਼ੋਅ, ਗਤਕਾ, ਪੁਰਾਤਨ ਵਸਤਾਂ ਤੇ ਦੁਰਲੱਭ ਡਾਕ ਟਿਕਟਾਂ ਦੀ ਪ੍ਰਦਰਸ਼ਨੀ ਸਮੇਤ ਫ਼ੌਜ, ਆਈ.ਟੀ.ਬੀ.ਪੀ ਅਤੇ ਪੁਲਿਸ ਭਰਤੀ ਬਾਰੇ ਕਾਉਂਸਲਿੰਗ ਅਤੇ ਫ਼ੂਡ ਕੋਰਟ ਵੀ ਸਥਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਫ਼ੌਜੀ ਟੈਂਕਾਂ ਤੇ ਜੰਗੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ ਇਸ ਤੋਂ ਅਗਲੇ ਦਿਨ 13 ਫਰਵਰੀ ਨੂੰ ਵੀ ਖ਼ਾਲਸਾ ਕਾਲਜ ਵਿਖੇ ਜਾਰੀ ਰਹੇਗੀ।

ਡਾ. ਇਸਮਤ ਵਿਜੇ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਅਰੰਭੇ ਯਤਨਾਂ ਤਹਿਤ ਪੰਜਾਬ ਵਾਸੀਆਂ ਤੇ ਖਾਸ ਕਰਕੇ ਨੌਜਵਾਨਾਂ ਨੂੰ ਸਾਡੇ ਅਮੀਰ ਵਿਰਸੇ ਤੇ ਮਿਲਟਰੀ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣ ਲਈ 12 ਫਰਵਰੀ ਨੂੰ ਇਹ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪਟਿਆਲਾ ਵਾਸੀਆਂ ਨੂੰ ਇਸ ਮੇਲੇ ਦੌਰਾਨ ਹੁੰਮ-ਹੁਮਾ ਕੇ ਪੁੱਜਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਇਸ ਫੈਸਟੀਵਲ ਵਿੱਚ ਦਾਖਲਾ ਫ਼੍ਰੀ ਹੈ।

# ਸਿਹਤ ਮੰਤਰੀ ਨੇ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਬਣਾਉਣ ਦੀ ਪ੍ਰਗਤੀ ਦਾ ਲਿਆ ਜਾਇਜ਼ਾ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਸਿਹਤ ਕਾਰਡ ਰਜਿਸਟ੍ਰੇਸ਼ਨ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਵਾਰਡ ਨੰਬਰ 14,16,27,29, ਅਰਬਨ ਅਸਟੇਟ ਫੇਜ਼ -1 , ਪਿੰਡ ਹਰਦਾਸਪੁਰ, ਚਲੈਲਾ ਅਤੇ ਦੰਦਰਾਲਾ ਵਿੱਚ ਚੱਲ ਰਹੇ ਸਿਹਤ ਕਾਰਡ ਰਜਿਸਟ੍ਰੇਸ਼ਨ ਕੈਂਪਾਂ ਦਾ ਨਿਰੀਖਣ ਕੀਤਾ। ਡਾ. ਬਲਬੀਰ ਸਿੰਘ ਨੇ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ, ਮੌਕੇ 'ਤੇ ਤਾਇਨਾਤ ਸਟਾਫ ਦੀ ਕਾਰਗੁਜ਼ਾਰੀ ਅਤੇ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਨਾਗਰਿਕ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਮੇਂ ਸਿਰ ਸਿਹਤ ਕਾਰਡ ਜਾਰੀ ਕੀਤਾ ਜਾਵੇ ਅਤੇ ਕਿਸੇ ਵੀ ਕਿਸਮ ਦੀ ਦਿੱਕਤ ਆਉਣ 'ਤੇ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਸਰਕਾਰ ਦੀ ਇੱਕ ਅਹਿਮ ਅਤੇ ਲੋਕ-ਹਿਤੈਸ਼ੀ ਪਹਿਲ ਹੈ, ਜਿਸਦਾ ਮਕਸਦ ਸੂਬੇ ਦੇ ਹਰ ਵਰਗ ਦੇ ਨਾਗਰਿਕ ਨੂੰ ਮੁਫ਼ਤ ਅਤੇ ਉੱਚ-ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਯੋਜਨਾ ਤਹਿਤ ਸਿਹਤ ਕਾਰਡ ਰਾਹੀਂ ਲਾਭਪਾਤਰੀ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕਰਵਾ ਸਕਦੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਲੋਕਾਂ ਵੱਲੋਂ ਇਸ ਯੋਜਨਾ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਨਾਗਰਿਕ ਸਿਹਤ ਕਾਰਡ ਬਣਵਾਉਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਅਤੇ ਪ੍ਰਸ਼ਾਸਨ ਲਈ ਖੁਸ਼ੀ ਦੀ ਗੱਲ ਹੈ ਕਿ ਆਮ ਲੋਕ ਸਰਕਾਰੀ ਯੋਜਨਾਵਾਂ 'ਤੇ ਭਰੋਸਾ ਜਤਾ ਰਹੇ ਹਨ ਅਤੇ ਉਨ੍ਹਾਂ ਦਾ ਲਾਭ ਲੈ ਰਹੇ ਹਨ।

ਦੌਰੇ ਦੌਰਾਨ ਸਿਹਤ ਮੰਤਰੀ ਨੇ ਮੌਕੇ 'ਤੇ ਮੌਜੂਦ ਲੋਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਤੋਂ ਫੀਡਬੈਕ ਲਿਆ। ਕਈ ਨਾਗਰਿਕਾਂ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਆਸਾਨ ਅਤੇ ਸੁਗਮ ਦੱਸਦਿਆਂ ਸਰਕਾਰ ਦਾ ਧੰਨਵਾਦ ਕੀਤਾ।

ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਸਾਰੇ ਕੈਂਪਾਂ ਵਿੱਚ ਸਾਫ਼-ਸੁਥਰਾ ਮਾਹੌਲ, ਬੈਠਣ ਦੀ ਸਹੂਲਤ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਨੂੰ ਪਹਿਲ ਦੇ ਆਧਾਰ 'ਤੇ ਸੁਧਾਰਨ ਲਈ ਵਚਨਬੱਧ ਹੈ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਇਸ ਦਿਸ਼ਾ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ। ਇਸ ਮੌਕੇ ਉਹਨਾਂ ਦੇ ਨਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਸੁਰੇਸ਼ ਰਾਏ, ਪਿੰਡਾਂ ਦੇ ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

# ਸਿਵਲ ਡਿਫੈਂਸ ਸਿਖਲਾਈ ਅਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਕੈਂਪ ਦੀ ਸ਼ੁਰੂਆਤ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੋਮ ਗਾਰਡਜ ਦੇ ਡੀਜੀਪੀ ਅਤੇ ਸਿਵਲ ਡਿਫੈਂਸ ਪੰਜਾਬ ਦੇ ਡਾਇਰੈਕਟਰ ਸੰਜੀਵ ਕਾਲੜਾ ਦੇ ਨਿਰਦੇਸ਼ਾਂ ਅਨੁਸਾਰ 07 ਰੋਜਾ ਸਿਵਲ ਡਿਫੈਂਸ ਦੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਕੈਂਪ ਦੀ ਸ਼ੁਰੂਆਤ ਪੰਜਾਬੀ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਹੋਈ।ਇਸ ਕੈਂਪ ਦੀ ਸ਼ੁਰੂਆਤ ਜ਼ਿਲ੍ਹਾ ਕਮਾਂਡਰ ਗਗਨਪ੍ਰੀਤ ਸਿੰਘ ਢਿੱਲੋ ਨੇ ਦੀਪ ਜਲਾ ਕੇ ਕੀਤੀ। ਗਗਨਪ੍ਰੀਤ ਸਿੰਘ ਢਿੱਲੋ ਨੇ ਦੱਸਿਆ ਕਿ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ ਨਾਗਰਿਕ ਸੁੱਰਖਿਆ ਦੀਆਂ 12 ਸਰਵਿਸਸ, ਵਾਰਡਨ ਸਰਵਿਸ ਤੇ, ਫਾਇਰ ਸੇਫਟੀ, ਮੁਢਲੀ ਸਹਾਇਤਾ, ਸੀਪੀਆਰ, ਡੁੱਬਦੇ ਨੂੰ ਬਚਾਉਣਾ, ਕੁਦਰਤੀ ਆਫਤਾਂ, ਰੋਡ ਸੈਫਟੀ, ਲਿਫਟਿੰਗ-ਸਿਫਟਿੰਗ, ਸੁਰੱਖਿਆ ਕਰਦੇ ਹੋਏ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਆਦਿ ਬਾਰੇ ਦੱਸਿਆ ਜਾਵੇਗਾ ਤੇ ਅਭਿਆਸ ਕਰਵਾਇਆ ਜਾਵੇਗਾ।

ਇਸ ਮੌਕੇ ਡਾਇਰੈਕਟਰ ਯੂਥ ਸਰਵਿਸਸ ਡਾ ਭੀਮ ਇੰਦਰ ਸਿੰਘ, ਚੀਫ਼ ਵਾਰਡਨ ਸਿਵਲ ਡਿਫੈਂਸ ਪਟਿਆਲਾ ਕਮਰਜੀਤ ਸਿੰਘ ਸੇਖੋਂ ਅਤੇ ਸਿਵਲ ਡਿਫੈਂਸ ਦੇ ਨੋਡਲ ਅਫਸਰ ਕੰਪਨੀ ਕਮਾਂਡਰ ਮੋਹਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਕਮਰਜੀਤ ਸਿੰਘ ਅਤੇ ਪਲਟੂਨ ਕਮਾਂਡਰ ਤਰਵਿੰਦਰ ਸਿੰਘ ਨਾਲ 120 ਵਲੰਟੀਅਰਜ ਹਾਜਰ ਹੋਏ। ਚੀਫ਼ ਵਾਰਡਨ ਸਿਵਲ ਡਿਫੈਂਸ ਪਟਿਆਲਾ ਕਮਰਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਇਨ੍ਹਾਂ ਸਾਰੇ ਵਲੰਟੀਅਰਜ ਨੂੰ ਆਖਿਰ ਵਿੱਚ ਸਰਟੀਫਿਕੇਟ, ਟਰੈਕ ਸੂਟ, ਟੀ-ਸਰਟ, ਸਿਵਲ ਡਿਫੈਂਸ ਦੀਆਂ ਕਿਤਾਬਾਂ ਵੰਡੀਆਂ ਜਾਣਗੀਆਂ।

# ਸਮਾਣਾ ਅਤੇ ਪਾਤੜਾਂ ਦੇ ਵੱਖ-ਵੱਖ ਸਕੂਲਾਂ ਵਿੱਚ ਐਨ ਡੀ ਆਰ ਐੱਫ ਵੱਲੋਂ ਆਫ਼ਤ ਪ੍ਰਬੰਧਨ ਟ੍ਰੇਨਿੰਗ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਅਤੇ ਪਾਤੜਾਂ ਦੇ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਫ਼ਤ ਪ੍ਰਬੰਧਨ ਬਾਰੇ ਜਾਗਰੂਕ ਕਰਨ ਲਈ ਐਨ ਡੀ ਆਰ ਐੱਫ (ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ) ਦੀਆਂ ਟੀਮਾਂ ਵੱਲੋਂ ਵਿਸ਼ੇਸ਼ ਟ੍ਰੇਨਿੰਗ ਕਰਵਾਈ ਗਈ। ਇਹ ਟ੍ਰੇਨਿੰਗ ਇੰਸਪੈਕਟਰ ਅਨੁਰਾਧਾ ਅਤੇ ਸਬ ਇੰਸਪੈਕਟਰ ਆਸ਼ੀਸ਼ ਦੀ ਅਗਵਾਈ ਹੇਠ ਸਫ਼ਲਤਾਪੂਰਵਕ ਸੰਪੰਨ ਹੋਈ। ਟ੍ਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਭੂਚਾਲ, ਅੱਗ, ਹੜਾਂ ਅਤੇ ਹੋਰ ਕੁਦਰਤੀ ਜਾਂ ਮਨੁੱਖੀ ਆਫ਼ਤਾਂ ਸਮੇਂ ਆਪਣੀ ਅਤੇ ਹੋਰਾਂ ਦੀ ਸੁਰੱਖਿਆ ਲਈ ਲਾਜ਼ਮੀ ਕਦਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਐਨ ਡੀ ਆਰ ਐੱਫ ਟੀਮ ਨੇ ਪ੍ਰੈਕਟੀਕਲ ਡੈਮੋਨਸਟ੍ਰੇਸ਼ਨ ਰਾਹੀਂ ਫਸਟ ਏਡ, ਸੁਰੱਖਿਅਤ ਇਵੈਕੁਏਸ਼ਨ ਅਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਦੇ ਤਰੀਕੇ ਵੀ ਸਿਖਾਏ। ਇੰਸਪੈਕਟਰ ਅਨੁਰਾਧਾ ਨੇ ਕਿਹਾ ਕਿ ਅਜਿਹੀ ਟ੍ਰੇਨਿੰਗ ਨਾਲ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ ਅਤੇ ਉਹ ਕਿਸੇ ਵੀ ਆਫ਼ਤ ਸਮੇਂ ਸਹੀ ਫੈਸਲੇ ਲੈ ਸਕਦੇ ਹਨ। ਸਬ ਇੰਸਪੈਕਟਰ ਆਸ਼ੀਸ਼ ਨੇ ਸਕੂਲ ਪ੍ਰਸ਼ਾਸਨ ਦੀ ਸਹਿਯੋਗ ਭਾਵਨਾ ਦੀ ਸ਼ਲਾਘਾ ਕੀਤੀ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਐਨ ਡੀ ਆਰ ਐੱਫ ਟੀਮ ਦਾ ਧੰਨਵਾਦ ਕਰਦਿਆਂ ਅਜਿਹੇ ਪ੍ਰੋਗਰਾਮਾਂ ਨੂੰ ਬਹੁਤ ਲਾਭਕਾਰੀ ਦੱਸਿਆ।

# ਵਰਲਡ ਬੁੱਕ ਆਫ ਰਿਕਾਰਡ ਲੰਡਨ ਦੇ ਉਪ ਪ੍ਰਧਾਨ ਛਿੰਦਾਂ ਵੱਲੋਂ ਕੈਨੇਡੀਅਨ ਮੰਤਰੀ ਰਾਜਨ ਸਾਹਨੀ ਦਾ ਕੀਤਾ ਸਨਮਾਨ



**ਨਾਭਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਲਡ ਬੁੱਕ ਆਫ਼ ਰਿਕਾਰਡਜ਼ ਯੂ ਕੇ ਨੇ ਕੈਨੇਡਾ ਦੇ ਅਲਬਰਟਾ ਸਰਕਾਰ ਵਿੱਚ ਆਦਿ ਵਾਸੀ ਸਬੰਧਾਂ ਦੇ ਮੰਤਰੀ ਅਤੇ ਕੈਲਗਰੀ ਨਾਰਥ-ਵੈਸਟ ਦੇ ਵਿਧਾਇਕ, ਰਾਜਨ ਸਾਹਨੀ ਨੂੰ ਸ਼ਾਸਨ, ਸਮਾਜਿਕ ਭਲਾਈ, ਆਰਥਿਕ ਵਿਕਾਸ ਅਤੇ ਸਮਾਵੇਸ਼ੀ ਨੀਤੀ-ਨਿਰਮਾਣ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਦੇ ਲਈ ਇੱਕ ਉੱਤਮਤਾ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਹੈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਨਾਲ ਅਲਬਰਟਾ, ਕੈਨੇਡਾ ਦੇ ਲੋਕਾਂ ਅਤੇ ਭਾਈਚਾਰਿਆਂ 'ਤੇ ਡੂੰਘਾ ਪ੍ਰਭਾਵ ਪਿਆ ਹੈ।

ਵਰਲਡ ਬੁੱਕ ਆਫ਼ ਰਿਕਾਰਡਜ਼ ਲੰਡਨ ਦੇ ਐਡਜੁਡੀਕੇਟਰ ਅਤੇ ਪੰਜਾਬ ਦੇ ਉਪ-ਪ੍ਰਧਾਨ ਜਸਵੀਰ ਸਿੰਘ ਛਿੰਦਾਂ ਨੇ ਇਹ ਸਨਮਾਨ ਰਾਜਨ ਸਾਹਨੀ ਨੂੰ ਚੰਡੀਗੜ੍ਹ ਵਿਖੇ ਦਿੱਤਾ ਐਲਬਰਟਾ ਸਰਕਾਰ ਦਾ ਪ੍ਰਤੀਨਿਧੀ ਮੰਡਲ ਇਨਾਂ ਦਿਨਾਂ ਵਿੱਚ ਭਾਰਤ ਦੇ ਦੌਰੇ ਆਇਆ ਹੋਇਆ ਜਿਸ ਵਿੱਚ ਉਹ ਵੱਡੀਆਂ ਕੰਪਨੀਆਂ ਨਾਲ ਵਪਾਰਕ ਗੱਲਬਾਤ ਕਰਕੇ ਦੋਨਾਂ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰ ਰਹੇ ਹਨ ਇਸ ਮੌਕੇ ਰਾਜਨ ਸਾਹਨੀ ਵੱਲੋਂ ਇਸ ਸਨਮਾਨ ਦੇ ਲਈ ਵਰਲਡ ਬੁੱਕ ਆਫ ਰਿਕਾਰਡ ਲੰਡਨ ਦੇ ਪ੍ਰਧਾਨ ਸੰਤੋਸ਼ ਸ਼ੁਕਲਾ ਅਤੇ ਪੰਜਾਬ ਉਪ ਪ੍ਰਧਾਨ ਜਸਵੀਰ ਸਿੰਘ ਛਿੰਦਾ ਦਾ ਧੰਨਵਾਦ ਕੀਤਾ ਇਸ ਮੌਕੇ ਉਨਾਂ ਦੇ ਨਾਲ ਜਤਿੰਦਰ ਸਿੰਘ ਤਾਤਲਾ ਅਤੇ ਹੈਪੀ ਮਾਨ ਮੌਜੂਦ ਸਨ।

# ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਪੰਜਾਬ ਵੱਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਦਾ ਦੌਰਾ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਪੰਜਾਬ, ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋ (ਰਿਟਾਇਰਡ) ਵੱਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਦਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ। ਬ੍ਰਿਗੇਡੀਅਰ ਢਿੱਲੋ ਵੱਲੋਂ ਯੋਗ ਲਾਭਪਾਤਰੀ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਾਲੀ ਮਦਦ ਦੇ ਚੈਕ ਵੰਡੇ ਗਏ। ਇਸ ਮੌਕੇ ਉਨ੍ਹਾਂ ਦਫਤਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਸਾਬਕਾ ਸੈਨਿਕਾਂ ਨਾਲ ਸਬੰਧਿਤ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ, ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਆਵੇ।

ਦੌਰੇ ਦੌਰਾਨ ਉਨ੍ਹਾਂ ਦਫਤਰ ਵਿੱਚ ਚੱਲ ਰਹੇ ਸੈਨਿਕ ਵੋਕੇਸ਼ਨਲ ਸੈਂਟਰ ਦਾ ਮੁਆਇਨਾ ਕੀਤਾ, ਜਿੱਥੇ ਕੰਪਿਊਟਰ ਕੋਰਸ ਅਤੇ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਲੈ ਰਹੇ ਯੁਵਕਾਂ ਨਾਲ ਗੱਲਬਾਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਸੈਨਿਕ ਰੈਸਟ ਹਾਊਸ ਦਾ ਵੀ ਦੌਰਾ ਕਰਕੇ ਉਥੋਂ ਦੀਆਂ ਸੁਵਿਧਾਵਾਂ ਦਾ ਜਾਇਜ਼ਾ ਲਿਆ।

ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋ ਨੇ ਦਫਤਰ ਦੀ ਕੁੱਲ ਕਾਰਗੁਜ਼ਾਰੀ ਦੀ ਪ੍ਰਸੰਸਾ ਕਰਦੇ ਹੋਏ ਸਮੂਹ ਸਟਾਫ ਦੀ ਹੌਸਲਾ ਅਫਜ਼ਾਈ ਕੀਤੀ।

# ਮੁੱਖ ਚੋਣ ਅਫ਼ਸਰ ਅਨਿੰਦਿਤਾ ਮਿਤਰਾ ਵੱਲੋਂ ਚੋਣਾਂ ਨਾਲ ਸੰਬਧਤ ਸਾਜੋ-ਸਮਾਨ ਦੇ ਪਟਿਆਲਾ ਸਥਿਤ ਸੂਬਾ ਪੱਧਰੀ ਚੋਣ ਭੰਡਾਰ ਦਾ ਅਚਨਚੇਤ ਨਿਰੀਖਣ

## ਚੋਣ ਕਮਿਸ਼ਨ ਵੱਲੋਂ ਤਬਦੀਲ ਕੀਤੀ ਜਾ ਚੁੱਕੀ ਵਾਧੂ ਚੋਣ ਸਮੱਗਰੀ ਦਾ ਨਿਯਮਾਂ ਮੁਤਾਬਕ ਨਿਪਟਾਰਾ ਕਰਨ ਦੀ ਹਦਾਇਤ



**ਪਟਿਆਲਾ, 9 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਫ਼ਸਰ-ਕਮ-ਪ੍ਰਬੰਧਕੀ ਸਕੱਤਰ ਚੋਣਾਂ ਅਨਿੰਦਿਤਾ ਮਿਤਰਾ ਨੇ ਅੱਜ ਪਟਿਆਲਾ ਦੇ ਬਾਰਾਂਦਰੀ ਬਾਗ ਵਿਖੇ ਚੋਣਾਂ ਨਾਲ ਸਬੰਧਤ ਸਾਜੋ-ਸਮਾਨ ਦੇ ਸੂਬਾ ਪੱਧਰੀ ਚੋਣ ਭੰਡਾਰ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਮੁੱਖ ਚੋਣ ਅਫ਼ਸਰ ਨੇ ਇੱਥੇ ਰੱਖੇ ਗਏ ਚੋਣਾਂ ਨਾਲ ਸਬੰਧਤ ਸਮਾਨ ਤੋਂ ਇਲਾਵਾ ਵੋਟਰ ਸੂਚੀਆਂ ਦੀ ਤਿਆਰੀ, ਸ਼ਨਾਖਤੀ ਕਾਰਡ ਤਿਆਰ ਕਰਨ ਤੇ ਇਨ੍ਹਾਂ ਦੀ ਵੰਡ ਕਰਨ ਤੋਂ ਇਲਾਵਾ ਗੁਰਦੁਆਰਾ ਚੋਣਾਂ ਨਾਲ ਸਬੰਧਤ ਚੋਣ ਸਮੱਗਰੀ ਫਾਰਮ, ਲਿਫਾਫੇ, ਸਟੇਸ਼ਨਰੀ ਵਸਤਾਂ, ਨਾ ਖਪਤ ਹੋਣ ਵਾਲੀ ਚੋਣ ਸਮੱਗਰੀ ਦਾ ਜਾਇਜ਼ਾ ਲਿਆ।

ਮੁੱਖ ਚੋਣ ਅਫ਼ਸਰ ਅਨਿੰਦਿਤਾ ਮਿਤਰਾ ਨੇ ਇੱਥੇ ਰੱਖੇ ਸਮਾਨ ਦੀ ਸਾਂਭ-ਸੰਭਾਲ ਸਮੇਤ ਇਸ ਨੂੰ ਰੱਖਣ ਦੀ ਰਤੀਬ ਤੇ ਸਾਫ-ਸਫ਼ਾਈ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਨੇ ਨਿਰੀਖਣ ਦੌਰਾਨ ਪਾਇਆ ਕਿ ਸਟੋਰ ਵਿੱਚ ਕੁਝ ਵਸਤਾਂ (ਫਾਰਮ, ਕਿਤਾਬਾਂ ਆਦਿ) ਅਜਿਹੀਆਂ ਵੀ ਪਈਆਂ ਹਨ, ਜੋ ਕਿ ਹੁਣ ਚੋਣ ਕਮਿਸ਼ਨ ਵਲੋਂ ਬਦਲ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਦੀ ਭਵਿੱਖ 'ਚ ਹੋਣ ਵਾਲੀਆਂ ਕਿਸੇ ਚੋਣਾਂ ਵਿੱਚ ਵਰਤੋਂ ਨਹੀਂ ਕੀਤੀ ਜਾਣੀ ਹੈ। ਉਨ੍ਹਾਂ ਨੇ ਅਜਿਹੀਆਂ ਵਸਤਾਂ ਦਾ ਹਦਾਇਤਾਂ ਅਨੁਸਾਰ ਨਿਪਟਾਰਾ ਕਰਵਾਉਣ ਦੇ ਹੁਕਮ ਜਾਰੀ ਕੀਤੇ, ਤਾਂ ਜੋ ਆਗਾਮੀ ਚੋਣਾਂ ਵਿੱਚ ਵਰਤਿਆ ਜਾਣ ਵਾਲਾ ਸਮਾਨ ਇਸ ਸਟੋਰ ਵਿੱਚ ਸੁਰੱਖਿਅਤ ਰੱਖਿਆ ਜਾ ਸਕੇ ।

ਮੁੱਖ ਚੋਣ ਅਫ਼ਸਰ ਨੇ ਚੋਣ ਭੰਡਾਰ ਦੀ ਬਹੁਤ ਪੁਰਾਣੀ ਹੋ ਚੁੱਕੀ ਇਮਾਰਤ ਦੀ ਲੋੜੀਂਦੀ ਮੁਰੰਮਤ ਕਰਵਾਉਣ ਦੀ ਵੀ ਹਦਾਇਤ ਕੀਤੀ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਚੋਣ ਅਫ਼ਸਰ ਨੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਤੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਨਾਲ ਬੈਠਕ ਕਰਕੇ ਜ਼ਿਲ੍ਹੇ ਅੰਦਰ ਚੋਣ ਪ੍ਰਬੰਧਾਂ ਤੇ ਚੋਣ ਅਮਲ ਨਾਲ ਸਬੰਧਤ ਹੋਰ ਮੁੱਦਿਆਂ ਸਮੇਤ ਈ.ਵੀ.ਐਮ ਵੇਅਰਹਾਊਸ ਦਾ ਵੀ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਮੁੱਖ ਚੋਣ ਅਫ਼ਸਰ ਦਾ ਪਟਿਆਲਾ ਪੁੱਜਣ 'ਤੇ ਸਵਾਗਤ ਕੀਤਾ ਅਤੇ ਜ਼ਿਲ੍ਹੇ ਦੇ ਈ.ਵੀ.ਐਮ ਵੇਅਰਹਾਊਸ ਤੇ ਹੋਰ ਚੋਣ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਚੋਣ ਤਹਿਸੀਲਦਾਰ ਵਿਜੇ ਚੌਧਰੀ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ, ਚੋਣ ਕਾਨੂੰਗੋ ਪ੍ਰਿਯੰਕਾ ਰਾਣੀ, ਸੀਨੀਅਰ ਸਹਾਇਕ ਪਰਮਜੀਤ ਸਿੰਘ ਸਮੇਤ ਚੋਣ ਵਿਭਾਗ ਦਾ ਹੋਰ ਅਮਲਾ ਵੀ ਮੌਜੂਦ ਰਿਹਾ।

# ਕੇਦਾਰ ਨਾਥ ਜੀ ਦੇ ਬਾਹਰ ਲੱਗਿਆ ਧਰਨਾ ਐਮ.ਐਲ.ਏ. ਅਤੇ ਐਮ.ਸੀ. ਵਲੋਂ ਕਹਿਣ 'ਤੇ ਚੁੱਕਿਆ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵੱਲੋਂ ਮੰਦਿਰ ਸ੍ਰੀ ਕੇਦਾਰ ਨਾਥ ਜੀ ਦੇ ਉਪਰ ਸਰਕਾਰ ਵੱਲੋਂ ਇੱਕ ਸਾਲ ਪਹਿਲਾਂ ਸੁਧਾਰ ਸਭਾ ਦੇ ਲੱਗੇ ਹੋਏ ਬੋਰਡ ਉਤਾਰ ਦਿੱਤੇ ਸਨ ਜਦ ਕਿ ਹੋਰ ਜੋ ਬੋਰਡ ਲੱਗੇ ਹੋਏ ਸਨ ਉਹਨਾਂ ਨੂੰ ਨਹੀਂ ਉਤਾਰਿਆ ਗਿਆ ਇਹ ਕਿਸੀ ਸਾਜਿਸ਼ ਤਹਿਤ ਕੀਤਾ ਗਿਆ ਜਾਪਦਾ ਹੈ। ਇਸ ਦੇ ਰੋਸ ਵਜੋਂ ਸੁਧਾਰ ਸਭਾ ਦੇ ਮੈਂਬਰਾਂ ਅਤੇ ਸ਼ਿਵ ਭਗਤਾਂ (ਜੰਗਮ) ਵੱਲੋਂ ਮੰਦਿਰ ਸ੍ਰੀ ਕੇਦਾਰ ਨਾਥ ਜੀ ਦੇ ਧਰਨਾ ਲਗਾਇਆ ਗਿਆ। ਇਸ ਧਰਨੇ ਮੌਕੇ ਐਮ.ਐਲ.ਏ. ਸ੍ਰ. ਅਜੀਤ ਪਾਲ ਸਿੰਘ ਕੋਹਲੀ ਅਤੇ ਐਮ.ਸੀ. ਵਾਰਡ ਨੰਬਰ 32 ਸ੍ਰ. ਰਣਜੀਤ ਸਿੰਘ ਚੰਡੋਕ ਜੀ ਵਲੋਂ ਸਾਨੂੰ ਮੰਗ ਪੂਰੀ ਹੋਣ ਦਾ ਭਰੋਸਾ ਦਿੱਤਾ ਗਿਆ, ਇਸ ਉਪਰੰਤ ਸਾਡੇ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ। ਇਸ ਮੌਕੇ ਸੁਧਾਰ ਸਭਾ ਦੇ ਸਾਰੇ ਮੈਂਬਰ ਅਤੇ ਸ਼ਿਵ ਭਗਤ (ਜੰਗਮ) ਹਾਜਰ ਸਨ।

# ਕੁਤਾਹੀ ਵਰਤਣ ਵਾਲਿਆਂ ਤੇ ਸਖ਼ਤ ਹੋਈ ਨਗਰ ਕੌਂਸਲ ਮਾਛੀਵਾੜਾ ਮੁਲਾਜ਼ਮ ਕੀਤਾ ਸਸਪੈਂਡ



**ਮਾਛੀਵਾੜਾ ਸਾਹਿਬ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਮਾਛੀਵਾੜਾ ਇਸ ਸਮੇਂ ਵਿਕਾਸ ਕਰਨ ਵਿੱਚ ਕੋਈ ਵੀ ਕਸਰ ਛੱਡ ਨਹੀਂ ਰਹੀ ਹੈ। ਲਗਾਤਾਰ ਸ਼ਹਿਰ ਨੂੰ ਸੁੰਦਰ ਅਤੇ ਸਾਫ ਸੁਥਰਾ ਬਣਾਉਣ ਲਈ ਵੱਡੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਕਈ ਅਹਿਮ ਮਤੇ ਵੀ ਪਾਏ ਗਏ ਹਨ।

ਨਗਰ ਕੌਂਸਲ ਦਾ ਪ੍ਰਧਾਨ ਮੋਹਿਤ ਕੁੰਦਰਾ ਸ਼ਹਿਰ ਦੇ ਵਿਕਾਸ ਕਾਰਜ ਅਤੇ ਹੋਰ ਕੰਮਾਂ ਨੂੰ ਲੈ ਕੇ ਸੁਰਖੀਆਂ ਵਿੱਚ ਚੱਲ ਰਹੇ ਹਨ। ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੇ ਖੁਦ ਜਾ ਕੇ ਇੱਕ ਮੈਰਿਜ ਪੈਲਸ ਜੋ ਕਿ ਸ਼ਹਿਰ ਦੀ ਹਦੂਦ ਤੋਂ ਬਾਹਰ ਪੈਂਦਾ ਹੈ। ਜਿਸ ਬਾਰੇ ਸਾਨੂੰ ਇੱਕ ਖੁਫੀਆ ਜਾਣਕਾਰੀ ਮਿਲੀ ਸੀ ਕਿ ਨਗਰ ਕੌਂਸਲ ਦਾ ਇੱਕ ਮੁਲਾਜ਼ਮ ਪਿਛਲੇ 15 ਸਾਲਾਂ ਤੋਂ ਉਸ ਮੈਰਿਜ ਪੈਲੇਸ ਵਿੱਚ ਕਿਸੇ ਵੀ ਸਮਾਗਮ ਤੋਂ ਬਾਅਦ ਜਦੋਂ ਕੂੜੇ ਦਾ ਢੇਰ ਲੱਗ ਜਾਂਦਾ ਸੀ ਤਾਂ ਉਹ ਪੈਸੇ ਲੈ ਕੇ ਨਗਰ ਕੌਂਸਲ ਦੀ ਮਸ਼ੀਨਰੀ ਵਰਤ ਕੇ ਉਸ ਕੂੜੇ ਨੂੰ ਚੁੱਕ ਰਿਹਾ ਸੀ। ਉਸ ਨੂੰ ਮੌਕੇ ਤੇ ਜਾ ਕੇ ਦਬੋਚਿਆ ਤਾਂ ਇਹ ਸਾਰੀ ਕਹਾਣੀ ਪਤਾ ਲੱਗੀ। ਉਹਨਾਂ ਨੇ ਕਿਹਾ ਕਿ ਅਸੀਂ ਉਸ ਮੁਲਾਜ਼ਮ ਨੂੰ ਸਸਪੈਂਡ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਉਸ ਮੈਰਿਜ ਪੈਲਸ ਨੂੰ ਵੀ ਇੱਕ ਚਿੱਠੀ ਜਾਰੀ ਕੀਤੀ ਹੈ ਕਿ ਸਾਨੂੰ ਦੱਸਿਆ ਜਾਵੇ ਕਿ ਕਿਸ ਆਧਾਰ ਤੇ ਤੁਸੀਂ ਨਗਰ ਕੌਂਸਲ ਦੇ ਮੁਲਾਜ਼ਮ ਕੋਲੋਂ ਇਹ ਕੂੜਾ ਚੁਕਵਾ ਰਹੇ ਸੀ। ਉਹਨਾਂ ਨੇ ਕਿਹਾ ਕਿ ਜੇਕਰ ਸਾਨੂੰ ਲੱਗਦਾ ਹੋਇਆ ਤਾਂ ਅਸੀਂ ਉਸ ਪੈਲਸ ਖਿਲਾਫ ਵੀ ਬਣਦੀ ਕਾਰਵਾਈ ਕਰਾਂਗੇ। ਇਸ ਤੋਂ ਇਲਾਵਾ ਉਨਾਂ ਨੇ ਅਪੀਲ ਕੀਤੀ ਕਿ ਜੋ ਵੀ ਸ਼ਹਿਰ ਦੀ ਹਦੂਦ ਤੋਂ ਬਾਹਰ ਮੈਰਿਜ ਪੈਲਸ ਜਾਂ ਕੁਝ ਇਹੋ ਜਿਹੀਆਂ ਥਾਵਾਂ ਹਨ । ਜਿੱਥੇ ਕੂੜੇ ਦੀ ਸਮੱਸਿਆ ਆਉਂਦੀ ਹੈ ਉਹ ਨਗਰ ਕੌਂਸਲ ਨੂੰ ਇੱਕ ਚਿੱਠੀ ਲਿਖਣ ਤਾਂ ਕਿ ਅਸੀਂ ਉਸਨੂੰ ਹਾਊਸ ਵਿੱਚ ਮੱਤਾ ਪਾ ਕੇ ਉਹਨਾਂ ਦਾ ਇਹ ਮਸਲਾ ਹੱਲ ਕਰ ਸਕੀਏ। ਪਰ ਕੋਈ ਵੀ ਇਹੋ ਜਿਹੀ ਹਰਕਤ ਨਾ ਕਰੇ ਜਿਸ ਨਾਲ ਨਗਰ ਕੌਂਸਲ ਨੂੰ ਨੁਕਸਾਨ ਹੋਵੇ ਅਤੇ ਕਿਸੇ ਹੋਰ ਨੂੰ ਵੀ ਹਰਜਾਨਾ ਭੁਗਤਣਾ ਨਾ ਪਵੇ।

# ਵਿਦਿਆਰਥੀਆ ਨੂੰ ਨਸ਼ਿਆ ਤੋਂ ਦੂਰ ਰਹਿਣ ਦਾ ਸੱਦਾ : ਉਪਕਾਰ ਸਿੰਘ




**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ( ਰਜਿ)ਪਟਿਆਲਾ ਵੱਲੋ ਪਿਛਲੇ ਕਾਫੀ ਸਮੇਂ ਤੋ ਨਸ਼ਿਆ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਹੋਈ ਹੈ।ਇਸ ਮੁਹਿੰਮ ਤਹਿਤ ਅੱਜ ਸਰਕਾਰੀ ਮਿਡਲ ਸਕੂਲ ਚੋਂਹਠ ਸਮਾਣਾ ਵਿੱਚ ਉਪਕਾਰ ਸਿੰਘ ਦੀ ਪ੍ਰਧਾਨਗੀ ਹੇਠ ਨਸ਼ਿਆ ਵਿਰੁੱਧ ਪ੍ਰੋਗਰਾਮ ਅਯੋਜਨ ਕੀਤਾ ਮੁੱਖ ਮਹਿਮਾਨ ਡਾ ਹਰਨੇਕ ਸਿੰਘ ਢੋਟ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਸਨ।ਇਸ ਦੀ ਵਿਸੇਸ਼ ਮਹਿਮਾਨ ਗੁਰਿੰਦਰ ਸਿੰਘ ਸੰਧੂ ਸਨ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਅਧਿਆਪਕਾ ਜੁਗਰੀਤ ਕੌਰ ਨੇ ਸੁਸਾਇਟੀ ਮੈਬਰਾਨ ਨੂੰ ਜੀ ਆਈਆਂ ਨੂੰ ਕਹਿ ਕੇ ਅਰੰਬਤਾ ਕੀਤੀ ਇਸ ਮੌਕੇ ਉਪਕਾਰ ਸਿੰਘ ਨੇ ਕਿਹਾ ਨਸ਼ਿਆ ਵਿਰੁੱਧ ਜਾਗਰੂਕਤਾ ਮੁਹਿੰਮ ਅਸੀ ਕਾਫੀ ਸਮੇਂ ਤੋ ਵੱਖੋ-ਵੱਖ ਸਕੂਲਾ,ਪਿੰਡਾ,ਮਹੱਲੀਆਂ ਵਿੱਚ ਚਲਾਈ ਹੋਈ ਹੈ।ਇਸ ਮੁਹਿੰਮ ਤਹਿਤ ਸਰਕਾਰੀ ਮਿਡਲ ਸਕੂਲ ਚੋਂਹਠ,ਸਮਾਣਾ ਦੇ ਵਿਦਿਆਰਥੀਆ ਨਸ਼ਿਆ ਤੋ ਮਾੜੇ ਪ੍ਰਭਾਵਾਂ ਤੋ ਜਾਗਰੂਕ ਕਰਨਾ ਹੈ।

ਇਸ ਸਮੇ ਜੋ ਪਹਿਲਾ ਹੀ ਨਸ਼ਿਆ ਦੀ ਦਲਦਲ ਵਿੱਚ ਫਸ ਚੁਕੇ ਹਨ।ਇਨਾ ਨੂੰ ਨਸ਼ਾ ਛੁਡਾਉ ਮੁੜ ਵਸੇਬਾ ਸੈਂਟਰ ਵਿੱਚ ਭਰਤੀ ਕਰਵਾਕੇ ਨਸ਼ਾ ਛੁਡਵਾਇਆ ਜਾ ਸਕਦਾ ਹੈ।ਸਰਕਾਰ ਵੱਲੋ ਇਸ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ।ਸਰਕਾਰ ਨੂੰ ਚਾਹੀਦਾ ਹੈ।ਪਿੰਡਾ ਵਿੱਚ ਜੋ ਆਗਣਵਾੜੀ ਵਰਕਰਾਂ ਨੂੰ ਪਿੰਡਾ ਦੇ ਪਹਿਰੇਦਾਰ ਵਜੋਂ ਅੱਗੇ ਲਿਆਉਣਾ ਚਾਹੀਦਾ ਹੈ।ਨੌਜਵਾਨਾ ਦੇ ਕਲੱਬ ਬਣਾਉਣੇ ਚਾਹੀਦੇ ਹਨ।ਤਾਂ ਜੋ ਨਵੀ ਪੀੜੀ ਖੇਡਾ ਵਿੱਚ ਰੁਚੀ ਰੱਖੇ।ਹਰਨੇਕ ਸਿੰਘ ਢੋਟ ਨੇ ਨਸ਼ਿਆ ਤੋ ਖਤਰਨਾਕ ਨਤੀਜਿਆ ਬਾਰੇ ਜਾਣੂ ਕਰਵਾਇਆ। 'ਨਸ਼ਾ ਛੱਡੋ ਜੀਵਨ ਬਚਾਓ' ਸਿਹਤਮੰਦ ਪਰਿਵਾਰ ਹੋਣਾ ਚਾਹੀਦਾ।ਗੁਰਿੰਦਰ ਸਿੰਘ ਸੰਧੂ ਨੇ ਦੱਸਿਆ ਕੀ ਸਾਡੀ ਸੁਸਾਇਟੀ ਦਾ ਮੁੱਖ ਮਕਸਦ ਨਸ਼ਿਆ ਤੋ ਵੱਧ ਰਹੇ ਪ੍ਰਕੋਪ ਪ੍ਰਤੀ ਆਮ ਲੋਕਾਂ ਨੂੰ ਸੁਚੇਤ ਕਰਨਾਂ ਨਸ਼ਿਆ ਨਾਲ ਹੋਣ ਵਾਲੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਪਿੰਡਾ, ਮਹੱਲੀਆਂ 'ਚ ਨਸ਼ਿਆ ਵਿਰੋਧੀ ਮਹੌਲ ਤਿਆਰ ਕਰਨਾ ਹੈ।ਇਸ ਰੈਲੀ ਵਿੱਚ ਸਮੂਹ ਸਟਾਫ ਤੇ ਵਿਦਿਆਰਥੀਆ ਨੇ ਭਾਗ ਲਿਆ।

# ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦਾ ਵਫ਼ਦ ਪੀ.ਆਰ.ਟੀ.ਸੀ. ਦੇ ਚੇਅਰਮੈਨ ਨੂੰ ਮਿਲਿਆ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਪਟਿਆਲਾ ਡਿਪੂ ਪੈਨਸ਼ਨਰਜ਼ ਐਸੋਸੀਏਸ਼ਨ ਦਾ ਵਫਦ ਸ੍ਰੀ ਜ਼ੋਗਿੰਦਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਨਵ ਨਿਯੁਕਤ ਚੇਅਰਮੈਨ ਸ੍ਰੀ ਹਰਪਾਲ ਸਿੰਘ ਜੁਨੇਜਾ ਜੀ ਨੂੰ ਮਿਲਿਆ ਅਤੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਨੂੰ ਸਮੇਂ ਸਿਰ ਪੈਨਸ਼ਨ ਨਾ ਮਿਲਣ ਕਰਕੇ ਜਾਣੂ ਕਰਵਾਇਆ ਗਿਆ ਅਤੇ ਮਾਨਯੋਗ ਚੇਅਰਮੈਨ ਸਾਹਿਬ ਨੇ ਭਰੋਸਾ ਦਿਵਾਇਆ ਕਿ ਬਹੁਤ ਜਲਦ ਹੀ ਪੀ.ਆਰ.ਟੀ.ਸੀ. ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਤਨਖਾਹ ਅਤੇ ਪੈਨਸ਼ਨਰਾਂ ਨੂੰ ਪੈਨਸ਼ਨ ਸਮੇਂ ਸਿਰ ਪਾਉਣਾ ਪਹਿਲ ਆਧਾਰ ਤੇ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਦੇ ਰਿਜਲਟ ਕੁੱਝ ਦੇਰ ਬਾਅਦ ਆਪ ਸਭ ਨੂੰ ਪਤਾ ਚੱਲ ਜਾਣਗੇ। ਇਹ ਵੀ ਕਿਹਾ ਤੁਹਾਡੇ ਰਾਹੀਂ ਜੇਕਰ ਅੱਗੇ ਤੋਂ ਕੋਈ ਪੈਨਸ਼ਨ ਤਨਖਾਹ ਲੇਟ ਹੁੰਦੀ ਹੈ ਤਾਂ ਤੁਸੀਂ ਇਸ ਸਬੰਧ ਵਿੱਚ ਆ ਕੇ ਮੈਨੂੰ ਮਿਲ ਸਕਦੇ ਹੋ।

ਮੀਟਿੰਗ ਵਿੱਚ ਸਰਵ ਸ੍ਰੀ ਜ਼ੋਗਿੰਦਰ ਸਿੰਘ ਪ੍ਰਧਾਨ, ਸ਼ਿਵ ਕੁਮਾਰ ਸ਼ਰਮਾ ਸਕੱਤਰ ਜਨਰਲ, ਸੁਖਦੇਵ ਸਿੰਘ ਭੁੱਪਾ ਅਤੇ ਨਿਰਪਾਲ ਸਿੰਘ ਸ਼ਾਮਲ ਸਨ। ਮੀਟਿੰਗ ਉਪਰੰਤ ਸ੍ਰੀ ਹਰਪਾਲ ਸਿੰਘ ਜੁਨੇਜਾ ਚੇਅਰਮੈਨ ਜੀ ਨੂੰ ਬੁੱਕਾ ਦੇ ਕੇ ਸਨਮਾਨਿਤ ਕੀਤਾ ਗਿਆ।

# ਹਰਪਾਲ ਜਨੇਜਾ ਨੂੰ ਚੇਅਰਮੈਨ ਪੀਆਰਟੀਸੀ ਲੱਗਣ 'ਤੇ ਦਿੱਤੀਆਂ ਮੁਬਾਰਕਾਂ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੇਅਰਮੈਨ ਮਾਰਕੀਟ ਕਮੇਟੀ ਪਟਿਆਲਾ ਅਸ਼ੋਕ ਸਿਰਸਵਾਲ ਨੇ ਹਰਪਾਲ ਜਨੇਜਾ ਨੂੰ ਚੇਅਰਮੈਨ ਪੀਆਰਟੀਸੀ ਲੱਗਣ ਤੇ ਮੁਬਾਰਕਾਂ ਦਿੱਤੀਆਂ ਇਸ ਮੌਕੇ ਅਸ਼ੋਕ ਸਿਰਸਵਾਲ ਨੇ ਕਿਹਾ ਕਿ ਜਨੇਜਾ ਪਰਿਵਾਰ ਇੱਕ ਉੱਗੇ ਸਮਾਜ ਸੇਵਕ ਹਨ ਪਾਰਟੀ ਵੱਲੋਂ ਉਨ ?ਾਂ ਨੂੰ ਦਿੱਤੀ ਗਈ ਜਿੰਮੇਵਾਰੀ ਦਾ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਦਾ ਦਿਲੋਂ ਧੰਨਵਾਦ ਕਰਦਾ ਹਾਂ ਹਰਪਾਲ ਜਨੇਜਾ ਪੀ.ਆਰ.ਟੀ.ਸੀ ਦੀ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਨਗੇ ਜਿਥੇ ਚੈਰਮੇਮਨ ਅਸ਼ੋਕ ਸਿਰਸਵਾਲ ਨੇ ਹਰਪਾਲ ਜਨੇਜਾ ਜੀ ਨੂੰ ਚੇਅਰਮੈਨ ਪੀ.ਆਰ.ਟੀ.ਸੀ ਲਗਾਉਂਣ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ,ਸ੍ਰੀ ਅਰਵਿੰਦ ਕੇਜਰੀਵਾਲ ਸਪਰਿਮੋ ਆਮ ਆਦਮੀ ਪਾਰਟੀ ,ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਜੀ ਦਾ ਧਨਬਾਦ ਕੀਤਾ ਉਥੇ ਹੀ ਮੈਂਬਰ ਬ੍ਰਾਹਮਣ ਭਲਾਈ ਬੋਰਡ ਪੰਜਾਬ ਸ਼ਵਿੰਦਰ ਧਨੰਜੇ ਨੇ ਭੀ ਜਨੇਜਾ ਪਰੀਵਾਰ ਨੂੰ ਮਾਰਬਰਕਬਾਦ ਦਿੱਤੀ ਅਤੇ ਪਾਰਟੀ ਹਾਈ ਕਮਾਨ ਦਾ ਧਨਬਾਦ ਕੀਤਾ ਤੇ ਕਿਹਾ ਮਹਿਨਤ ਕਸ ਵਰਕਰਾਂ ਨੂੰ ਮਾਨ ਸਨਮਾਨ ਮਿਲਦਾ ਰਿਹਾ ਅਤੇ ਮਿਲਦਾ ਰਹੇ ਗਾ ਇਸ ਮੌਕੇ 'ਤੇ ਸ ਬਲਵਿੰਦਰ ਸਿੰਘ ਅਤੇ ਅਜੇ ਕੁਮਾਰ ,ਰਾਹੁਲ ਧੀਮਾਨ ,ਸਤਿੰਦਰ ਭਾਰਦਵਾਜ ਭੀ ਮਜੂਦ ਰਹੇ।

ਕੌਮੀ ਪੱਤ੍ਰਿਕਾ

# ਖ਼ਤਰਨਾਕ ਹਨ ਅਲਸਰ



ਅਲਸਰਾਂ ਕਾਰਨ ਕਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੇਂ ’ਤੇ ਦਵਾਈ ਨਾ ਲੈਣ ’ਤੇ ਇਹ ਅਲਸਰ ਜ਼ਖ਼ਮ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਸ ਕਰਕੇ ਮਰੀਜ਼ਾਂ ਨੂੰ ਇਸ ਦੇ ਨਾਲ ਹੋਰ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਆ ਜਾਂਦੀਆਂ ਹਨ। ਪੇਪਟਿਕ ਅਲਸਰ ਜਾਂ ਗੈਸਿਟ੍ਰਕ ਅਲਸਰ ਛੋਟੀ ਅੰਤੜੀ ਦੇ ਉੱਪਰਲੇ ਹਿੱਸੇ ’ਚ ਹੁੰਦੇ ਹਨ। ਅਲਸਰ ਉਸ ਸਮੇਂ ਬਣਦੇ ਹਨ ਜਦੋਂ ਪਾਚਨ ਪ੍ਰਣਾਲੀ ਜਾਂ ਅੰਤੜੀ ਦੀ ਦੀਵਾਰ ਨੂੰ ਨੁਕਸਾਨ ਪਹੁੰਚਦੇ ਹਨ ਤੇ ਕੁੱਝ ਸਮੇਂ ਬਾਅਦ ਇਹ ਫੱਟ ਵੀ ਜਾਂਦੇ ਹਨ।

### ਕਾਰਨ

- ਖਾਣ-ਪੀਣ ਦੀਆਂ ਗ਼ਲਤ ਆਦਤਾਂ ਤੇ ਉਸ ਦੇ ਕਾਰਨ ਬਣਨ ਵਾਲਾ ਐਸਿਡ ਇਸ ਬਿਮਾਰੀ ਨੂੰ ਹੋਰ ਜ਼ਿਆਦਾ ਵਧਾ ਦਿੰਦਾ ਹੈ।
- ਕਈ ਵਾਰ ਦਵਾਈਆਂ ਦੀ ਵਜ੍ਹਾ ਕਰਕੇ ਵੀ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਇਲਾਵਾ ਤਣਾਅ ਵੀ ਅਲਸਰ ਦਾ ਮੁੱਖ ਕਾਰਨ ਹੈ ਕਿਉਂਕਿ ਇਸ ਨਾਲ ਐਸਿਡ ਜ਼ਿਆਦਾ ਬਣਦਾ ਹੈ।
- ਸਿਰਫ਼ ਖਾਣ-ਪੀਣ ਜਾਂ ਪੇਟ ’ਚ ਐਸਿਡ ਨਾਲ ਹੀ ਅਲਸਰ ਨਹੀਂ ਬਣਦੇ ਜਦਕਿ ਹੇਲੀਕੋਬੈਕਟਰ ਪਾਇਲੋਰੀ ਬੈਕਟੀਰੀਆ ਵੀ ਇਸ ਦਾ ਕਾਰਨ ਹੈ।
- ਜਦੋਂ ਪੇਟ ’ਚ ਅਲਸਰ ਹੁੰਦੇ ਹਨ ਤਾਂ ਖਾਣਾ-ਖਾਣ ਤੋਂ ਬਾਅਦ ਬਹੁਤ ਜ਼ਿਆਦਾ ਦਰਦ ਹੁੰਦੀ ਹੈ।

### ਲੱਛਣ

- ਪੇਟ ਦੇ ਉਪੱਰਲੇ ਹਿੱਸੇ ’ਚ ਦਰਦ ਹੋਣਾ ਅਲਸਰ ਦਾ ਪਹਿਲਾ ਲੱਛਣ ਹੋ ਸਕਦਾ ਹੈ। ਖਾਣਾ-ਖਾਣ ਤੋਂ ਬਾਅਦ ਪੇਟ ’ਚ ਦਰਦ ਹੁੰਦੀ ਹੈ।
- ਇਸ ਦੇ ਇਲਾਵਾ ਪੇਟ ’ਚ ਦਰਦ, ਉਲਟੀਆਂ ਤੇ ਖ਼ੂਨ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ। ਅਲਸਰਾਂ ਦੇ ਪੱਕਣ ਨਾਲ ਮਲ ਕਾਲੇ ਰੰਗ ਦਾ ਹੋ ਜਾਂਦਾ ਹੈ।

### ਇਲਾਜ

ਅਲਸਰਾਂ ’ਚ ਐਸਿਡ ਨੂੰ ਘੱਟ ਕਰਨ ਵਾਲੀ ਦਵਾਈ ਦਿੱਤੀ ਜਾਂਦੀ ਹੈ ਤੇ ਡਾਕਟਰ ਦੁਆਰਾ ਦੱਸਿਆ ਗਿਆ ਪਰਹੇਜ਼ ਬਹੁਤ ਹੀ ਜ਼ਰੂਰੀ ਹੈ।

- ਅਲਸਰ ਦੀ ਪਰੇਸ਼ਾਨੀ ਜ਼ਿਆਦਾ ਵਧਣ ’ਤੇ ਅਪਰੇਸ਼ਨ ਵੀ ਹੋ ਸਕਦਾ ਹੈ ਕਿਉਂਕਿ ਇਨ੍ਹਾਂ ਅਲਸਰਾਂ ਨਾਲ ਕੈਂਸਰ ਵੀ ਹੋ ਸਕਦਾ ਹੈ। ਇਸ ਲਈ ਅਲਸਰਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।
- ਇਸ ਦੌਰਾਨ ਮਿਰਚ ਤੇ ਮਸਾਲੇਦਾਰ ਚੀਜ਼ਾਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਅਲਸਰ ਹੋਣ ਤੋਂ ਬਾਅਦ ਚਾਹ, ਕੌਫੀ, ਕੋਲਡਰਿੰਗ, ਜੰਕ ਫੂਡ ਆਦਿ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਪਨੀਰ ਸਿਹਤ ਲਈ ਗੁਣਕਾਰੀ



ਕਈ ਲੋਕ ਦੁੱਧ ਤੋਂ ਬਣੀਆਂ ਚੀਜ਼ਾਂ ਤੋਂ ਬਹੁਤ ਜ਼ਿਆਦਾ ਪਰਹੇਜ਼ ਕਰਦੇ ਹਨ ਕਿ ਜੇ ਅਸੀਂ ਇਸ ਦਾ ਸੇਵਨ ਕਰ ਲਿਆ ਤਾਂ ਫੈਟ ਦਾ ਸਾਹਮਣਾ ਕਰਨਾ ਪਵੇਗਾ ਇਹ ਗ਼ਲਤ ਸੋਚ ਹੈ ਜੋ ਲੋਕ ਦੁੱਧ, ਦਹੀਂ, ਪਨੀਰ, ਮੱਖਣ ਆਦਿ ਦਾ ਸੇਵਨ ਨਹੀਂ ਕਰਦੇ ਜ਼ਿਆਦਤਰ ਉਨ੍ਹਾਂ ’ਚ ਹੀ ਕਮਜ਼ੋਰੀ ਪਾਈ ਜਾਂਦੀ ਹੈ। ਇਸ ਕਰਕੇ ਇਨ੍ਹਾਂ ਚੀਜ਼ਾਂ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ।

**ਮੈਟਾਬਾਲਿਜ਼ਮ** - ਪਾਚਨ ਦੇ ਲਈ ਮੈਟਾਬਾਲਿਜ਼ਮ ਦਾ ਰੋਲ ਬਹੁਤ ਮਹੱਤਵਪੂਰਨ ਹੈ। ਪਨੀਰ ’ਚ ਕਾਫ਼ੀ ਮਾਤਰਾ ’ਚ ਫਾਇਬਰ ਪਾਇਆ ਜਾਂਦਾ ਹੈ ਜੋ ਭੋਜਨ ਨੂੰ ਪਚਾਉਣ ’ਚ ਮਦਦਗਾਰ ਹੈ।

**ਦੰਦ ਤੇ ਹੱਡੀਆਂ**
ਪਨੀਰ ਦਾ ਸਭ ਤੋਂ ਬੇਹਤਰੀਨ ਲਾਭ ਇਹ ਹੈ ਕਿ ਦੰਦਾਂ ਤੇ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ ਤੇ ਨਾਲ ਹੀ ਕੈਲਸ਼ੀਅਮ ਤੇ ਫਾਸਫੇਰਸ ਦਾ ਵਧੀਆ ਸਰੋਤ ਵੀ ਹੈ। ਰੋਜ਼ ਪਨੀਰ ਦਾ ਸੇਵਨ ਹੱਡੀਆਂ ਦੀ ਸਮੱਸਿਆ, ਜੋੜਾਂ ਦੇ ਦਰਦ ਤੇ ਦੰਦਾਂ ਦੇ ਰੋਗ ਤੋਂ ਬਚਾਉਣ ਲਈ ਮਦਦਗਾਰ ਹੈ।

**ਕੈਂਸਰ** - ਪਨੀਰ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਕੈਂਸਰ ਦੇ ਖ਼ਤਰਿਆਂ ਤੋਂ ਬਚਾਉਂਦਾ ਹੈ। ਪੇਟ ਦਾ ਕੈਂਸਰ, ਬਰੈਸਟ ਕੈਂਸਰ ਦੇ ਇਲਾਜ ਲਈ ਬਹੁਤ ਲਾਭਦਾਇਕ ਹੈ।

**ਐਨਰਜੀ** - ਪਨੀਰ ਖਾਣ ਨਾਲ ਕਾਫ਼ੀ ਐਨਰਜੀ ਪ੍ਰਾਪਤ ਹੁੰਦੀ ਹੈ। ਜੋ ਵਿਅਕਤੀ ਜਿੰਮ ਲਗਾਉਂਦਾ ਹੈ ਜਾਂ ਕਸਰਤ ਕਰਦਾ ਹੈ ਉਸ ਦੇ ਲਈ ਪਨੀਰ ਬਹੁਤ ਹੀ ਵਧੀਆ ਹੈ।

***ਡਾਇਬਟੀਜ਼*** *- ਓਮੇਗਾ 3 ਨਾਲ ਭਰਪੂਰ ਪਨੀਰ ਡਾਇਬਟੀਜ਼ ਨਾਲ ਲੜਨ ਦੀ ਸ਼ਕਤੀ ਦਿੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਡਾਇਬਟੀਜ਼ ਦੇ ਰੋਗੀਆਂ ਨੂੰ ਆਪਣੇ ਖਾਣੇ ’ਚ ਪਨੀਰ ਸ਼ਾਮਿਲ ਕਰਨਾ ਚਾਹੀਦਾ ਹੈ।*

# ਦਮੇ ਨੂੰ ਕਰੋ ਜੜ੍ਹ ਤੋਂ ਖ਼ਤਮ

ਸਾਹ ਲੈਣ ’ਚ ਪਰੇਸ਼ਾਨੀ ਹੋਣ ਨੂੰ ਦਮਾ ਕਿਹਾ ਜਾਂਦਾ ਹੈ। ਕਿਸੇ ਚੀਜ਼ ਤੋਂ ਐਲਰਜੀ ਜਾਂ ਪ੍ਰਦੂਸ਼ਣ ਦੇ ਕਾਰਨ ਲੋਕਾਂ ’ਚ ਇਹ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ। ਦਮੇ ਕਾਰਨ ਖਾਂਸੀ, ਸਾਹ ਲੈਣ ’ਚ ਤਕਲੀਫ਼ ਤੇ ਨੱਕ ’ਚੋਂ ਆਵਾਜ ਆਉਣੀ ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੈਸੇ ਤਾਂ ਲੋਕ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਹੋਮਿਉਪੈਥਿਕ ਵਰਗੀਆਂ ਦਵਾਈਆਂ ਦਾ ਸੇਵਨ ਕਰਦੇ ਹਨ ਪਰ ਕੁੱਝ ਘਰੇਲੂ ਉਪਾਅ ਦੁਆਰਾ ਵੀ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



**ਵੱਡੀ ਇਲਾਚੀ** - ਵੱਡੀ ਇਲਾਚੀ ਖਜੂਰ ਤੇ ਅੰਗੂਰ ਨੂੰ ਸਾਮਾਨ ਮਾਤਰਾ ’ਚ ਪੀਸ ਕੇ ਸ਼ਹਿਦ ਦੇ ਨਾਲ ਖਾਓ ਇਸ ਦਾ ਸੇਵਨ ਸਿਹਤ ਲਈ ਲਾਭਕਾਰੀ ਹੈ।

**ਪਿੱਪਲ ਦੇ ਪੱਤੇ** - ਪਿੱਪਲ ਦੇ ਪੱਤਿਆਂ ਨੂੰ ਸੁੱਕਾ ਕੇ ਚੰਗੀ ਤਰ੍ਹਾਂ ਸਾੜ ਲਓ ਇਸ ’ਚ ਸ਼ਹਿਦ ਮਿਲਾਓ। ਦਿਨ ’ਚ ਤਿੰਨ ਵਾਰ ਖਾਣ ਨਾਲ ਵੀ ਕਾਫ਼ੀ ਫ਼ਰਕ ਪੈਂਦਾ ਹੈ।

**ਮੋਠ** - ਨਮਕ, ਜ਼ੀਰਾ, ਭੁੰਨੀ ਹੋਈ ਹਿੰਗ ਤੇ ਤੁਲਸੀ ਦੇ ਪੱਤਿਆਂ ਨੂੰ ਪੀਸ ਕੇ 00 ਮਿ. ਲੀਟਰ ਪਾਣੀ ਵਿਚ ਚੰਗੀ ਤਰ੍ਹਾਂ ਉਬਾਲ ਲਓ। ਇਸ ਪਾਣੀ ਨਾਲ ਦਮੇ ਦੀ ਪਰੇਸ਼ਾਨੀ ਨੂੰ ਦੂਰ ਕੀਤਾ ਜਾ ਸਕਦਾ ਹੈ।



## ਮੇਥੀ ਦੇ ਦਾਣੇ

ਮੇਥੀ ਨੂੰ ਪਾਣੀ ’ਚ ਉਬਾਲ ਕੇ ਇਸ ’ਚ ਸ਼ਹਿਦ ਤੇ ਅਦਰਕ ਦਾ ਰਸ ਮਿਲਾ ਕੇ ਰੋਜ਼ ਪੀਣ ਨਾਲ ਦਮੇ ਦੇ ਰੋਗ ਤੋਂ ਰਾਹਤ ਪਾਈ ਜਾ ਸਕਦੀ ਹੈ।

## ਆਂਵਲਾ ਪਾਊਡਰ



2 ਟੀਸਪੂਨ ਆਂਵਲਾ ਪਾਊਡਰ ’ਚ 1 ਟੀਸਪੂਨ ਸ਼ਹਿਦ ਮਿਲਾ ਕੇ ਸਵੇਰੇ ਖ਼ਾਲੀ ਪੇਟ ਸੇਵਨ ਕਰੋ ਇਸ ਨਾਲ ਇਹ ਸਮੱਸਿਆ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

## ਪਾਲਕ ਤੇ ਗਾਜਰ

ਪਾਲਕ ਤੇ ਗਾਜਰ ਦੇ ਰਸ ਨੂੰ ਮਿਲਾ ਕੇ ਰੋਜ਼ਾਨਾ ਪੀਣ ਨਾਲ ਦਮੇ ਦੀ ਸਮੱਸਿਆ ਦੂਰ ਹੁੰਦੀ ਹੈ।

*ਕੁਦਰਤੀ ਇਲਾਜ ਪ੍ਰਣਾਲੀ ਵਿਚ ਆਕਾਸ਼, ਹਵਾ, ਅਗਨੀ, ਜਲ, ਪ੍ਰਿਥਵੀ, ਯੋਗਾ, ਮਸਾਜ ਅਤੇ ਧਿਆਨ(ਮੈਡੀਟੇਸ਼ਨ)ਰਾਹੀਂ ਸਰੀਰ, ਮਨ ਅਤੇ ਆਤਮਾ ਨੂੰ ਨਿਰੋਗ ਕੀਤਾ ਜਾਂਦਾ ਹੈ...*

# ਤੰਦਰੁਸਤੀ ਦਾ ਆਧਾਰ ਕੁਦਰਤੀ ਚਕਿਤਸਾ





ਡਾ. ਜਗਮੇਲ ਸਿੰਘ ਭਾਠੂਆਂ

ਪੁਰਾਤਨ ਸਮੇਂ ਭਾਰਤ ਵਿਚ ਸਾਡੇ ਬਜ਼ੁਰਗ, ਰਿਸ਼ੀ-ਮੁਨੀ, ਕੁਦਰਤੀ ਚਕਿਤਸਾ ਅਤੇ ਆਯੁਰਵੇਦ ਦਾ ਅਲੱਗ-ਅਲੱਗ ਨਹੀਂ, ਸਗੋਂ ਦੋਵਾਂ ਨੂੰ ਇਕੋ ਰੂਪ ਜਾਣ ਕੇ ਪ੍ਰਯੋਗ ਕਰਦੇ ਸਨ। ਕੁਦਰਤੀ ਨਿਯਮਾਂ ਉਪਰ ਆਧਾਰਿਤ ਇਲਾਜ ਪ੍ਰਣਾਲੀ ਤੇ ਜੀਵਨ ਸ਼ੈਲੀ ‘ਕੁਦਰਤੀ ਚਕਿਤਸਾ ਜਾਂ ਨੈਚਰੋਪੈਥੀ’ ਉਨ੍ਹੀ ਪੁਰਾਣੀ ਹੈ ਜਿਨ੍ਹੀ ਪੁਰਾਣੀ ਪ੍ਰਕਿਰਤੀ। ਸੰਸਾਰ ਦੇ ਆਦਿ ਗ੍ਰੰਥ ਵੇਦਾਂ ਵਿਚ ਇਸਦੇ ਮੋਟੇ-ਮੋਟੇ ਅੰਸ਼ ਜਲ ਚਕਿਤਸਾ, ਉਪਵਾਸ(ਵਰਤ)ਚਕਿਤਸਾ ਅਤੇ ਸੂਰਜ ਚਕਿਤਸਾ ਬਾਰੇ ਜਾਣਕਾਰੀ ਮਿਲਦੀ ਹੈ। ਜਿਥੋਂ ਤਕ ਇਸਦੇ ਮੂਲ ਸਿਧਾਂਤਾਂ ਦਾ ਸੁਆਲ ਹੈ ਆਯੁਰਵੇਦ ਦੇ ਮੂਲ ਸਿਧਾਂਤਾਂ ਵਾਤ, ਪਿਤ, ਕਫ ਅਤੇ ਪੰਚ ਕ੍ਰਮ ਨਾਲ ਇਸਦਾ ਗਹਿਰਾ ਸੰਬੰਧ ਹੈ। ਇਸਦਾ ਮੂਲ ਸਿਧਾਂਤ ਹੈ ਕਿ ਪੂਰੇ ਬ੍ਰਹਿਮੰਡ ਅਤੇ ਸਾਡੇ ਸਰੀਰ ਦਾ ਨਿਰਮਾਣ ਪੰਜ ਤੱਤਾਂ ਆਕਾਸ਼, ਹਵਾ, ਅਗਨੀ, ਜਲ ਅਤੇ ਪ੍ਰਿਥਵੀ ਤੋਂ ਹੋਇਆ ਅਤੇ ਤੰਦਰੁਸਤੀ ਦਾ ਆਧਾਰ ਵੀ ਇਹ ਪੰਜ ਤੱਤ ਹਨ।

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਦੇ ਜ਼ਿਆਦਾ ਸਰੀਰਕ ਅਤੇ ਮਾਨਸਿਕ ਰੂਪ ਵਿਚ ਰੋਗੀ ਹੋਣ ਲਈ ਨਵੀਂ ਜੀਵਨ ਸ਼ੈਲੀ ਜ਼ੁੰਮੇਵਾਰ ਹੈ। ਇਕ ਗੱਲ ਲਈ ਐਲੋਪੈਥੀ, ਆਯੁਰਵੇਦ, ਹੋਮਿਓਪੈਥੀ ਆਦਿ ਸਭ ਪੈਥੀਆਂ ਦੇ ਵਿਦਵਾਨ ਸਹਿਮਤ ਹਨ ਕਿ ਸਾਦਾ ਜੀਵਨ ਦੇ ਧਾਰਣੀ ਬਣਕੇ ਅਤੇ ਪ੍ਰਕਿਰਤਿਕ ਨਿਯਮਾਂ ਉਪਰ ਚਲਕੇ ਅਨੇਕਾਂ ਰੋਗਾਂ ਤੋਂ ਬਚਿਆ ਜਾ ਸਕਦਾ ਹੈ ਕਿਉਂਕਿ ਜੀਵਨ ਸ਼ੈਲੀ ਨਾਲ ਸੰਬੰਧਿਤ ਅਨੇਕਾਂ ਰੋਗ ਬਲੱਡ ਪ੍ਰੈਸਰ, ਦਮਾ, ਅਨਿੰਦਰਾ, ਦਿਲ ਦੇ ਰੋਗ, ਸ਼ੂਗਰ, ਮਾਨਸਿਕ ਤਣਾਓ ਆਦਿ ਲਈ ਇਹ ਚਕਿਤਸਾ ਰਾਮਬਾਣ ਸਾਬਿਤ ਹੋਈ ਹੈ। ਕੁਦਰਤੀ ਚਕਿਤਸਾ ਅਨੁਸਾਰ, ਸਰੀਰ ਅੰਦਰ ਜ਼ਹਿਰੀਲੇ ਤੱਤਾਂ ਦੇ ਵਧਣ ਨਾਲ ਸਾਡੇ ਸਰੀਰ ਦੇ ਮੁੱਖ ਆਧਾਰ ‘ਖ਼ੂਨ’ ਅਤੇ ‘ਰਸ’ ਦੂਸ਼ਿਤ ਹੋ ਜਾਂਦੇ ਹਨ ਅਤੇ ਨਰਵਸ ਸਿਸਟਮ ਦੇ ਕਮਜ਼ੋਰ ਪੈਣ ਕਾਰਨ ਹਰ ਅੰਗ ਸਹੀ ਰੂਪ ਵਿਚ ਆਪਣਾ ਕੰਮ ਨਹੀਂ ਕਰਦਾ। ਦਰਅਸਲ ਸਰੀਰ ਅੰਦਰ ਜ਼ਹਿਰੀਲਾ ਮਾਦਾ ਵਧਣ ਕਾਰਨ ਤੰਦਰੁਸਤੀ ਲਈ ਸਰੀਰ ਅੰਦਰ ਲੋੜੀਂਦੀਆਂ ਜ਼ਰੂਰੀ ਕੁਦਰਤੀ ਕਿਰਿਆਵਾਂ ‘ਪੋਸ਼ਣ ਅਤੇ ਨਿਸਕਾਸਣ’ ਦੋਵੇਂ ਮੱਧਮ ਪੈ ਜਾਂਦੀਆਂ ਹਨ।

### ਚਾਰ ਪਰਮਾਣੂ ਤੱਤ

ਪ੍ਰਿਥਵੀ, ਜਲ, ਪ੍ਰਕਾਸ਼ ਅਤੇ ਵਾਯੂ ਅਤੇ ਸਾਰਾ ਦ੍ਰਵ ਇਨ੍ਹਾਂ ਤੋ ਬਣਿਆ ਹੈ। ਕੁਦਰਤੀ ਚਕਿਤਸਾ ਵਿਗਿਆਨੀਆਂ ਅਨੁਸਾਰ ਸਰੀਰ ਵਿਚ ਜਦ ਇਨ੍ਹਾਂ ਤੱਤਾਂ ਦਾ ਅਸੰਤੁਲਨ ਵੱਧ ਜਾਂਦਾ ਹੈ ਤਾਂ ਸਰੀਰ ਰੋਗੀ ਹੋ ਜਾਂਦਾ ਹੈ। ਰੋਗਾਂ ਦੇ ਭਾਵੇਂ ਅਨੇਕ ਨਾਮ ਹਨ ਪਰ ਰੋਗਾਂ ਦਾ ਮੂਲ ਕਾਰਨ ਪੰਜ ਤੱਤਾਂ ਦੇ ਅਸੰਤੁਲਨ ਕਾਰਨ ਸਰੀਰ ਅੰਦਰ ਗੰਦਗੀ ਦਾ ਜਮ੍ਹਾਂ ਹੋ ਜਾਣਾ ਹੈ। ਸਰੀਰ ਅੰਦਰ ਜ਼ਹਿਰੀਲੇ ਪਦਾਰਥ ਠੋਸ ਅਤੇ ਗੈਸ ਕਿਸੇ ਵੀ ਰੂਪ ਵਿਚ ਇਕੱਠੇ ਹੁੰਦੇ ਰਹਿੰਦੇ ਹਨ।

ਬੇਸ਼ਕ ਸਰੀਰ ਆਪਣੇ ਕੁਦਰਤੀ ਨਿਯਮ ਅਨੁਸਾਰ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਨੂੰ ਮਲ-ਮੂਤਰ, ਪਸੀਨੇ ਅਤੇ ਸਵਾਸ ਦੇ ਰੂਪ ਵਿਚ ਬਾਹਰ ਕੱਢਦਾ ਹੈ ਪਰ ਜਦੋਂ ਇਹ ਕਿਰਿਆਵਾਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਸਰੀਰ ਵਿਚ ਗੰਦਗੀ ਅਤੇ ਜ਼ਹਿਰੀਲੇ ਪਦਾਰਥ ਜਮ੍ਹਾਂ ਹੋ ਜਾਂਦੇ ਹਨ ਤਾਂ ਸਰੀਰ ਦੇ ਅੰਦਰਲੇ ਅੰਗ ਜਿਗਰ, ਮਿਹਦਾ, ਅੰਤੜੀਆਂ ਆਦਿ ਕਮਜ਼ੋਰ ਹੋਣ ਕਾਰਨ ਅਨੇਕਾਂ ਰੋਗ ਲੱਗ ਜਾਂਦੇ ਹਨ।

ਕੁਦਰਤੀ ਚਕਿਤਸਾ ਜਾਂ ਨੈਚਰੋਪੈਥੀ ਦੀ ਇਲਾਜ ਪ੍ਰਕਿਰਿਆ ਵੀ ਵਿਲੱਖਣ ਹੈ। ਇਸ ਵਿਚ ਰੋਗਾਂ ਦਾ ਕਾਰਨ ਕੀਟਾਣੂਆਂ ਨੂੰ ਨਹੀਂ, ਸਗੋਂ ਕੀਟਾਣੂਆਂ ਨੂੰ ਪ੍ਰਫੁਲਤ ਕਰਨ ਵਾਲੇ ਵਾਤਾਵਰਣ ਨੂੰ ਮੰਨਿਆ ਜਾਂਦਾ ਹੈ।

ਕੁਦਰਤੀ ਇਲਾਜ ਪ੍ਰਣਾਲੀ ਵਿਚ ਆਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ, ਯੋਗਾ, ਮਸਾਜ ਅਤੇ ਧਿਆਨ(ਮੈਡੀਟੇਸ਼ਨ)ਰਾਹੀ ਸਰੀਰ, ਮਨ ਅਤੇ ਆਤਮਾ ਨੂੰ ਨਿਰੋਗ ਕੀਤਾ ਜਾਂਦਾ ਹੈ ਕਿਉਂਕਿ ਇਸ ਅਨੁਸਾਰ ਸਰੀਰਕ, ਮਾਨਸਿਕ ਅਤੇ ਆਤਮਿਕ ਤਿੰਨੋਂ ਪੱਧਰਾਂ ’ਤੇ ਨਿਰੋਗ ਹੋਣਾ ਅਸਲ ਨਿਰੋਗਤਾ ਹੈ।

ਤੰਦਰੁਸਤੀ ਲਈ ਜ਼ਰੂਰਤ ਅਨੁਸਾਰ ਉਪਵਾਸ , ਵਰਤ ਰੱਖਣਾ ਆਕਾਸ਼ ਤੱਤਵ ਦੀ ਵਰਤੋਂ ਹੈ। ਪੇਟ ਦੇ ਸਾਰੇ ਰੋਗ, ਮੋਟਾਪਾ, ਸਵਾਸ ਰੋਗ, ਜੋੜਾਂ ਦੇ ਦਰਦ ਲਈ ਆਕਾਸ਼ ਤੱਤਵ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਫ ਸ਼ਨਾਨ ਅਗਨੀ ਤੱਤਵ ਅਤੇ ਕੁਦਰਤੀ ਚਕਿਤਸਾ ਦੇ ਅਨਿੱਖੜ ਅੰਗ ਯੋਗ ਵਿਚ ਪ੍ਰਾਣਾਯਾਮ ਦੁਆਰਾ ਸਰੀਰ ਲਈ ਵਾਯੂ ਤੱਤਵ ਦੀ ਵਰਤੋਂ ਹੈ।

ਕਮਰ ਸ਼ਨਾਨ, ਮੇਹਨ ਸ਼ਨਾਨ , ਨੇਤੀ, ਅਤੇ ਸੈਂਕੜੇ ਰੋਗਾਂ ਦਾ ਇਕ ਇਲਾਜ ਅਨੀਮਾ-ਕੁੰਜਲ (ਸਰੀਰ ਦੇ ਅੰਦਰੂਨੀ ਸ਼ਨਾਨ) ਆਦਿ ਸਰੀਰਕ ਸ਼ੋਧਨ ਅਤੇ ਸ਼ੰਵੇਦਨਾਵਾਂ ਵਧਾਉਣ ਲਈ ਜਲ ਤੱਤਵ ਦੀ ਵਰਤੋਂ ਹੈ। ਪ੍ਰਿਥਵੀ ਤੱਤ ਪ੍ਰਧਾਨ ਮਿੱਟੀ ਚਕਿਤਸਾ ਅਨੁਸਾਰ ਸਰੀਰ ਵਿਚਲੇ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ਲਈ ਮਿੱਟੀ ਨੂੰ ਸ਼੍ਰੇਸਟ ਕੀਟਾਣੂ ਨਾਸਕ ਔਸ਼ਧੀ ਦੇ ਰੂਪ ਵਿਚ ਕਈ ਪ੍ਰਕਾਰ ਨਾਲ ਪ੍ਰਯੋਗ ਕੀਤਾ ਜਾਂਦਾ ਹੈ।

ਸਰੀਰਕ ਅਤੇ ਮਾਨਸਿਕ ਮਜ਼ਬੂਤੀ ਲਈ ਰਕਤ ਸੰਚਾਰ, ਨਰਵਸ ਸਿਸਟਮ ਅਤੇ ਮਾਸ-ਪਸ਼ੀਆਂ ਦੀ ਮਜ਼ਬੂਤੀ ਲਈ ਮਸਾਜ ਜਾਂ ਮਾਲਿਸ਼ ਵੀ ਕੁਦਰਤੀ ਚਕਿਤਸਾ ਦਾ ਇਕ ਜ਼ਰੂਰੀ ਅੰਗ ਹੈ। ਸਰੀਰ ਦੇ ਕੁੱਝ ਖ਼ਾਸ ਕੇਂਦਰਾਂ ਰਿਸਪਾਂਸ ਸੈਂਟਰਜ਼ ਉਪਰ ਦਬਾਓ ਪਾਉਣਾ ਅਰਥਾਤ ਐਕਯੂਪ੍ਰੈਸਰ ਵੀ ਇਕ ਪ੍ਰਕਾਰ ਦੀ ਮਸਾਜ ਹੀ ਹੈ ਜਿਸਦਾ ਸੰਬੰਧ ਇਲਾਜ ਤੋ ਇਲਾਵਾ ਸਰੀਰ ਨੂੰ ਸੁੰਦਰ , ਲਚਕਦਾਰ ਅਤੇ ਫੁਰਤੀਲਾ ਬਣਾਉਣ ਨਾਲ ਵੀ ਹੈ। ਰੋਗੀ ਦੀ ਦਸ਼ਾ ਅਨੁਸਾਰ ਮਸਾਜ ਦੇ ਤਰੀਕੇ ਅਨੇਕ ਹਨ।

ਭਾਰਤੀ ਖਟ ਸ਼ਾਸਤਰਾਂ ਵਿਚੋਂ ਪਾਤੰਜਲੀ ਦੇ ਯੋਗ ਦਰਸ਼ਨ ਅਨੁਸਾਰ ‘ਸੱਚਾ ਦਾਰਸ਼ਨਿਕ ਆਤਮਾਂ ਦਾ ਵੈਦ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਦੇ ਬੰਧਨਾਂ ਤੋਂ ਛੁਟਕਾਰੇ ਵਿਚ ਸਹਾਇਤਾ ਕਰਦਾ ਹੈ’ ਦਰਅਸਲ ਤ੍ਰਿਸ਼ਨਾਵਾਂ ਵੀ ਇਕ ਪ੍ਰਕਾਰ ਦੇ ਆਤਮਿਕ ਰੋਗ ਹਨ ਜਿਨ੍ਹਾਂ ਦਾ ਇਲਾਜ ਕੁਦਰਤੀ ਚਕਿਤਸਾ ਅਨੁਸਾਰ ਧਿਆਨ ਸੰਜਮ ਅਤੇ ਸ਼ੁੱਧ ਆਚਰਣ ਹੈ। ਕੁਦਰਤੀ ਚਕਿਤਸਾ ਸਿਰਫ਼ ਇਕ ਇਲਾਜ ਪ੍ਰਣਾਲੀ ਨਹੀਂ ਸਗੋ ਇਕ ਸੰਪੂਰਨ ਜੀਵਨ ਸ਼ੈਲੀ ਵੀ ਹੈ।

ਇਸ ਵਿਚ ਖਾਣ-ਪੀਣ, ਰਹਿਣ-ਸਹਿਣ, ਸੰਜਮ, ਆਚਰਣ ਦੀ ਸ਼ੁੱਧਤਾ ਆਦਿ ਸ਼ੁੱਭ ਗੁਣਾਂ ਉੱਪਰ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪੁੰਗਰਿਤ ਅੰਨ ਨੂੰ ਸਿਹਤ ਲਈ ਸਭ ਤੋਂ ਉੱਤਮ ਆਹਾਰ ਮੰਨਿਆ ਗਿਆ ਹੈ। ਇਸ ਨਾਲ ਰੋਗਾਂ ਦੀ ਜੜ੍ਹ ਮੋਟਾਪਾ ਘਟਦਾ ਹੈ ਅਤੇ ਸਰੀਰ ਨੂੰ ਲੋੜੀਦੇ ਤੱਤ ਮਿਲਣ ਕਾਰਨ ਜੀਵਨੀ ਸ਼ਕਤੀ (ਰੋਗਾਂ ਨਾਲ ਲੜਨ ਦੀ ਸ਼ਕਤੀ )ਵੱਧਦੀ ਹੈ। ਨਿੰਬੂ, ਆਂਵਲਾ, ਗਾਜਰ, ਸ਼ਹਿਦ, ਖੰਜੂਰ, ਦਹੀਂ, ਲਸਣ, ਪਿਆਜ਼, ਅਨੇਕਾਂ ਫਲ, ਸਬਜ਼ੀਆਂ ਦੇ ਰਸ ਆਦਿ ਦੀ ਵਰਤੋਂ ਰੋਗਾਂ ਅਨੁਸਾਰ ਆਹਾਰ ਵਿਚ ਵਿਸ਼ੇਸ਼ ਰੂਪ ਵਿਚ ਸ਼ਾਮਿਲ ਅਤੇ ਚੀਨੀ, ਨਮਕ, ਮੈਦਾ ਨੂੰ ਤਿੰਨ ਚਿੱਟੇ ਜ਼ਹਿਰ ਮੰਨ ਕੇ ਆਹਾਰ ਵਿਚ ਪਰਹੇਜ਼ ਕੀਤਾ ਜਾਂਦਾ ਹੈ।

ਸੂਰਜ ਦੇ ਪ੍ਰਕਾਸ਼ ਦੇ ਸੱਤ ਰੰਗਾਂ ਦੁਆਰਾ ਨਿਰੋਗ ਕਰਨਾ ਵੀ ਕੁਦਰਤੀ ਇਲਾਜ ਵਿਚ ਸ਼ਾਮਿਲ ਹੈ। ਸੂਰਜ ਦੀਆਂ ਕਿਰਨਾਂ ਬੇਸ਼ੱਕ ਇਕ ਰੰਗ ਦੀਆਂ ਜਾਪਦੀਆਂ ਹਨ ਪਰ ਵਾਸਤਵ ਵਿਚ ਇਹ ਸੱਤ ਰੰਗਾਂ ਦਾ ਸਮੂਹ ਹੈ ਜਿਨ੍ਹਾਂ ਦਾ ਚਕਿਤਸਾ ਦੇ ਖੇਤਰ ਵਿਚ ਅਲੱਗ-ਅਲੱਗ ਮਹੱਤਵ ਹੈ। ਲਾਲ, ਪੀਲੀ, ਹਰੀ, ਜਾਮਨੀ ਆਦਿ ਰੰਗਾਂ ਦੀਆਂ ਬੋਤਲਾਂ ਵਿਚ ਇਕ ਵਿਸ਼ੇਸ਼ ਵਿਧੀ ਦੁਆਰਾ ਕੁੱਝ ਘੰਟੇ ਧੁੱਪ ਵਿਚ ਰੱਖ ਕੇ ਚਾਰਜਿਤ ਕੀਤੇ ਪਾਣੀ ਜਾਂ ਤੇਲ ਵਿਚ, ਬੋਤਲਾਂ ਦੇ ਰੰਗਾਂ ਮੁਤਾਬਿਕ ਕੁਦਰਤੀ ਅਲੱਗ-ਅਲੱਗ ਗੁਣ ਪੈਦਾ ਹੋ ਜਾਂਦੇ ਹਨ। ਜਿਸਦੀ ਵਰਤੋਂ ਰੋਗੀ ਦੀ ਦਸ਼ਾ ਅਨੁਸਾਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਵੱਖ-ਵੱਖ ਰੰਗਾਂ ਦੇ ਸ਼ੀਸ਼ਿਆਂ ਵਿਚੋਂ ਗੁਜਰਦੀਆਂ ਸੂਰਜ ਦੀਆਂ ਕਿਰਨਾਂ ਰੋਗੀ ਸਰੀਰ ਉੱਪਰ ਪਾ ਕੇ ਵੀ ਅਨੇਕਾਂ ਰੋਗਾਂ ਤੋਂ ਮੁਕਤੀ ਦਵਾਈ ਜਾਂਦੀ ਹੈ। ਇਨ੍ਹਾਂ ਰੰਗਾਂ ਦਾ ਸਾਡੇ ਸਰੀਰ ਵਿਚਲੀਆਂ ਰਸ ਗ੍ਰੰਥੀਆਂ ਥਾਇਰਾਈਡ, ਜਿਗਰ, ਪਿਚੂਟਰੀ, ਪੀਨੀਅਲ , ਓਵਰੀ ਆਦਿ ’ਤੇ ਗਹਿਰਾ ਅਸਰ ਪੈਂਦਾ ਹੈ। ਕੁੱਝ ਵਿਦਵਾਨਾਂ ਨੇ ਲਾਲ, ਨੀਲੇ ਅਤੇ ਹਰੇ ਰੰਗ ਨੂੰ ਹੀ ਮਹੱਤਵਪੂਰਣ ਮੰਨ ਕੇ ਇਨ੍ਹਾਂ ਰੰਗਾਂ ਦੇ ਗਰਮ ਠੰਡੇ ਗੁਣਾਂ ਅਨੁਸਾਰ ਇਲਾਜ ਕਰਨ ਨੂੰ ਪਹਿਲ ਦਿੱਤੀ ਹੈ।

**ਮੋਬਾਈਲ**-88470-47554

# ਪੇਟ ਦੇ ਕੀੜਿਆਂ ਪ੍ਰਤੀ ਰਹੋ ਸਾਵਧਾਨ

ਮਾਂ-ਬਾਪ ਦੀ ਇਕ ਹੀ ਸ਼ਿਕਾਇਤ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਠੀਕ ਤਰ੍ਹਾਂ ਖਾਂਦਾ-ਪੀਂਦਾ ਨਹੀਂ , ਵਜ਼ਨ ਵੱਧ ਰਿਹਾ ਹੈ ਜਾਂ ਉਸ ਦੀ ਲੰਬਾਈ ਨਹੀਂ ਵੱਧ ਰਹੀ ਹੈ। ਇਹ ਸ਼ਿਕਾਇਤਾਂ ਸੁਣਨ ’ਚ ਬਹੁਤ ਆਮ ਜਿਹੀਆਂ ਲੱਗਦੀਆਂ ਹਨ ਪਰ ਹਕੀਕਤ ਇਹ ਹੈ ਕਿ ਇਹ ਸਾਰੀਆਂ ਪਰੇਸ਼ਾਨੀਆਂ ਆਮ ਕਰਕੇ ਬੱਚਿਆਂ ਦੀਆਂ ਆਂਤੜੀਆਂ ’ਚ ਕੀੜੇ ਹੋਣ ਕਰਕੇ ਸਾਹਮਣੇ ਆਉਂਦੀਆਂ ਹਨ। ਆਮ ਤੌਰ ’ਤੇ ਮਾਤਾ-ਪਿਤਾ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਭਾਰਤ ’ਚ 14 ਸਾਲ ਦੀ ਉਮਰ ਦੇ 24.1 ਕਰੋੜ ਬੱਚੇ ਆਂਤੜੀਆਂ ’ਚ ਕੀੜੇ ਦੀ ਇਨਫੈਕਸ਼ਨ ਨਾਲ ਗ੍ਰਸਤ ਹਨ। ਕੀੜਿਆਂ ਤੋਂ ਲਗਾਤਾਰ ਪੀੜਤ ਬੱਚੇ ਵੱਡੇ ਹੋ ਕੇ ਕਮਜ਼ੋਰ ਸਾਬਤ ਹੁੰਦੇ ਹਨ। ਕੀੜੇ ਬੱਚਿਆਂ ਦੀ ਜ਼ਿਆਦਾਤਰ ਖ਼ੁਰਾਕ ਖ਼ੁਦ ਹੜੱਪ ਜਾਂਦੇ ਹਨ ਜਿਸ ਕਰਕੇ ਬੱਚਿਆਂ ’ਚ ਖ਼ੂਨ ਦੀ ਘਾਟ, ਕੁਪੋਸ਼ਣ ਤੇ ਸਰੀਰਕ, ਮਾਨਸਿਕ ਵਿਕਾਸ ’ਚ ਘਾਟ ਵਜੋਂ ਸਾਹਮਣੇ ਆਉਂਦਾ ਹੈ। ਇਸ ’ਚ ਬੱਚੇ ਨੂੰ ਭੁੱਖ ਨਾ ਲੱਗਣਾ ਜਾਂ ਬਹੁਤ ਜ਼ਿਆਦਾ ਲੱਗਣਾ ਪਰ ਉਸ ਦੇ ਅਨੁਪਾਤ ’ਚ ਉਨ੍ਹਾਂ ਦਾ ਵਜ਼ਨ ਨਾ ਵਧਣਾ, ਬੱਚਿਆਂ ਦਾ ਪੇਟ ਵਧਣਾ ਤੇ ਬੱਚੇ ’ਚ ਖ਼ੂਨ ਦੀ ਘਾਟ ਕਾਰਨ ਥਕਾਵਟ ਹੋਣੀ, ਮਲ-ਮੂਤਰ ਤੇ ਖਾਰਿਸ਼ ਆਉਣਾ ਆਦਿ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਦੁਰਲਭ ਕੇਸਾਂ ’ਚ ਦਿਮਾਗ਼ ’ਚ ਵੀ ਕੀੜਿਆਂ ਦੇ ਅੰਡੇ ਪਹੁੰਚਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਜਿਸ ਨਾਲ ਬੱਚਿਆਂ ਨੂੰ ਦੌਰੇ ਪੈਣ ਲੱਗਦੇ ਹਨ। ਬੱਚੇ ਪਾਰਕਾਂ ’ਚ ਅਕਸਰ ਨੰਗੇ ਪੈਰ ਵੀ ਖੇਡਦੇ ਹਨ ਤੇ ਖੇਡਣ ਪਿੱਛੋਂ ਬਿਨਾਂ ਹੱਥ-ਮੂੰਹ ਧੋਤੇ ਕੁੱਝ ਵੀ ਖਾ ਲੈਂਦੇ ਹਨ ਕਿਉਂਕਿ ਇਹ ਕਿਰਮੀ ਪੈਰ ਦੀ ਚਮੜੀ, ਮਲ ਮਾਰਗ ਤੇ ਮੂੰਹ ਕਿਧਰੋਂ ਵੀ ਸਰੀਰ ’ਚ ਦਾਖ਼ਲ ਹੋ ਸਕਦੇ ਹਨ। ਇਸ ਲਈ ਇਸ ਉਮਰ ਦੇ ਬੱਚੇ ਇਨ੍ਹਾਂ ਦਾ ਆਸਾਨੀ ਨਾਲ ਸ਼ਿਕਾਰ ਹੁੰਦੇ ਹਨ। ਇਸ ਬਿਮਾਰੀ ਦਾ ਇਲਾਜ ਬੇਹੱਦ ਸੌਖਾ ਹੈ। ਸਾਲ ’ਚ ਦੋ ਵਾਰੀ ਕੀੜਿਆਂ ਦੀ ਦਵਾਈ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।



# ਭੁੱਲਣ ਦੀ ਬਿਮਾਰੀ ਤੋਂ ਪਾਓ ਨਿਜਾਤ

ਅੱਜਕੱਲ੍ਹ ਦੀ ਵਿਅਸਤ ਜੀਵਨ ਸ਼ੈਲੀ ’ਚ ਗੱਲ-ਗੱਲ ’ਤੇ ਭੁੱਲਣ ਦੀ ਬਿਮਾਰੀ ਆਮ ਹੋ ਗਈ ਹੈ। ਜੇ ਅਸੀਂ ਪਹਿਲਾਂ ਦੀ ਗੱਲ ਕਰੀਏ ਤਾਂ ਲੋਕਾਂ ਦੀ ਬਹੁਤ ਜ਼ਿਆਦਾ ਉਮਰ ਹੋ ਜਾਂਦੀ ਸੀ ਤਾਂ ਲੋਕੀ ਇਸ ਪਰੇਸ਼ਾਨੀ ਦਾ ਸਾਹਮਣਾ ਕਰਦੇ ਸੀ ਪਰ ਜੇਕਰ ਅੱਜ ਦੀ ਗੱਲ ਕੀਤੀ ਜਾਵੇ ਤਾਂ ਇਹ ਬਿਮਾਰੀ ਬੱਚਿਆਂ ’ਚ ਵੀ ਆਮ ਹੀ ਪਾਈ ਗਈ ਹੈ। ਕਈ ਵਾਰ ਅਸੀਂ ਛੋਟੀਆਂ- ਛੋਟੀਆਂ ਗੱਲਾਂ ਨੂੰ ਭੁੱਲ ਜਾਂਦੇ ਹਾਂ। ਇਹ ਅਲਜਾਇਮਰ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਇਸ ਦੇ ਸ਼ੁਰੂਆਤੀ ਲੱਛਣ ਗੱਲ-ਗੱਲ ’ਤੇ ਭੁੱਲ ਜਾਣਾ, ਗੱਲ ਕਰਦੇ ਸਮੇਂ ਸ਼ਬਦਾਂ ਦਾ ਸਹੀ ਉਚਾਰਨ ਨਾ ਕਰਨਾ, ਕਿਸੇ ਦਾ ਨਾਂ ਭੁੱਲ ਜਾਣਾ, ਸਾਧਾਰਨ ਚੀਜ਼ਾਂ ਨੂੰ ਨਾ ਪਛਾਨਣਾ ਆਦਿ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।



**ਪੌਸ਼ਟਿਕ ਭੋਜਨ**- ਸ਼ੌਟ ਟਰਮ ਘੱਟ ਮੈਮਰੀ ਦੀ ਸਮੱਸਿਆ ਤੋਂ ਬਚਣ ਲਈ ਤੁਹਾਡੀ ਡਾਇਟ ’ਚ ਅੰਡਾ, ਸੁੱਕੇ ਮੇਵੇ, ਹਰੀ ਸਬਜ਼ੀਆਂ, ਮੂੰਗਫਲੀ, ਮੱਛੀ, ਚੁਕੰਦਰ, ਸੇਬ, ਕੌਫੀ, ਬਾਦਾਮ, ਘਿਓ ਤੇ ਦਾਲਾਂ ਨੂੰ ਸ਼ਾਮਿਲ ਕਰੋ।

**ਕਸਰਤ**- ਵੈਸੇ ਤਾਂ ਹਰ ਕਿਸੇ ਦੇ ਲਈ ਕਸਰਤ ਕਰਨਾ ਬਹੁਤ ਹੀ ਫ਼ਾਇਦੇਮੰਦ ਹੈ ਰੋਜ਼ ਕਸਰਤ ਕਰਨ ਨਾਲ ਯਾਦਦਾਸ਼ਤ ਵਧਣ ਦੇ ਨਾਲ-ਨਾਲ ਸਰੀਰ ਨੂੰ ਹੋਰ ਵੀ ਫ਼ਾਇਦੇ ਮਿਲਦੇ ਹਨ। ਇਸ ਲਈ ਹਰ ਰੋਜ਼ ਸਮਾਂ ਕੱਢ ਕੇ 10 ਤੋਂ 20 ਮਿੰਟ ਤਕ ਏਰੋਬੀਕ ਕਿਰਿਆ ਜ਼ਰੂਰ ਕਰੋ।

**ਭਰਪੂਰ ਨੀਂਦ**- ਵਧੀਆ ਤੇ ਭਰਪੂਰ ਨੀਂਦ ਨਾਲ ਤੁਸੀਂ ਭੁੱਲਣ ਦੇ ਨਾਲ-ਨਾਲ ਕਈ ਬਿਮਾਰੀਆਂ ਤੋਂ ਦੂਰ ਰਹਿੰਦੇ ਹੋ। ਹਰ ਉਮਰ ਦੇ ਲੋਕਾਂ ਲਈ ਘੱਟ ਤੋਂ ਘੱਟ 10 ਘੰਟੇ ਦੀ ਨੀਂਦ ਜ਼ਰੂਰੀ ਹੈ। ਇਸ ’ਚ 8 ਘੰਟੇ ਦੀ ਨੀਂਦ ਤੁਹਾਨੂੰ ਇਸ ਪਰੇਸ਼ਾਨੀ ਤੋਂ ਦੂਰ ਕਰਦੀ ਹੈ।



**ਮਾਨਸਿਕ ਰੂਪ ਤੋਂ ਮਜ਼ਬੂਤ**- ਸਰੀਰ ਦੇ ਨਾਲ-ਨਾਲ ਦਿਮਾਗ਼ ਨੂੰ ਵੀ ਮਜ਼ਬੂਤ ਕਰਦੀਆਂ ਹਨ ਇਹ ਚੀਜ਼ਾਂ ਦਿਮਾਗ਼ੀ ਖੇਡਾਂ ਖੇਡਣਾ, ਸੰਗੀਤ ਸੁਣਨਾ ਤੇ ਗਾਉਣਾ ਇਸ ਤਰ੍ਹਾਂ ਰੋਜ਼ਾਨਾ ਕਰਨ ਨਾਲ ਦਿਮਾਗ਼ ਤੇਜ਼ ਹੁੰਦਾ ਹੈ ਤੇ ਚੀਜ਼ਾਂ ਜਲਦੀ ਨਹੀਂ ਭੁੱਲਦੀਆਂ।

**ਪਿਸਤੇ ਦਾ ਸੇਵਨ**
*- ਯਾਦਦਾਸ਼ਤ ਨੂੰ ਤੇਜ਼ ਬਣਾਉਣ ਲਈ ਪਿਸਤਾ ਬਹੁਤ ਹੀ ਫ਼ਾਇਦੇਮੰਦ ਹੈ। ਇਸ ਲਈ ਆਪਣੀ ਡਾਇਟ ’ਚ ਇਸ ਨੂੰ ਸ਼ਾਮਿਲ ਕਰੋ। ਇਸ ’ਚ 0.54 ਮਿਲੀ ਗ੍ਰਾਮ ਥਾਈਮੀਨ ਪਾਇਆ ਜਾਂਦਾ ਹੈ ਜੋ ਦਿਮਾਗ਼ ਨੂੰ ਤੇਜ਼ ਕਰਦਾ ਹੈ।*

# ਹਫ਼ਤੇ ’ਚ ਦੂਰ ਕਰੋ ਕਮਰ ਦਰਦ

ਅੱਜ ਦੀ ਜੀਵਨ ਸ਼ੈਲੀ ’ਚ ਲੋਕ ਕਿਸੇ ਨਾ ਕਿਸੇ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਜ਼ਿਆਦਾਤਰ ਲੋਕਾਂ ਨੂੰ ਬੌਡੀ ਪੇਨ ਦੀ ਸ਼ਿਕਾਇਤ ਰਹਿੰਦੀ ਹੈ। ਜਿਸ ’ਚ ਕਮਰ ਦਰਦ ਦੀ ਜ਼ਿਆਦਾ ਸ਼ਿਕਾਇਤ ਆ ਰਹੀ ਹੈ। ਪਹਿਲਾਂ ਇਹ ਸਮੱਸਿਆ ਬਜ਼ੁਰਗ ਲੋਕਾਂ ਨੂੰ ਹੁੰਦੀ ਸੀ ਪਰ ਅੱਜ ਤਾਂ ਆਮ ਜਿਹੀ ਹੋ ਗਈ ਹੈ। ਬੱਚੇ, ਨੌਜਵਾਨ, ਬਜ਼ੁਰਗ ਹਰ ਕੋਈ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਿਹਾ ਹੈ। ਜ਼ਿਆਦਾ ਸਮੇਂ ਤਕ ਕੰਪਿਊਟਰ ’ਤੇ ਬੈਠਣਾ, ਦੇਰ ਤਕ ਬੈਠ ਕੇ ਟੀਵੀ ਦੇਖਣਾ, ਇਕ ਹੀ ਸਥਿਤੀ ’ਚ ਜ਼ਿਆਦਾ ਦੇਰ ਤਕ ਬੈਠਣਾ ਜਾਂ ਖੜ੍ਹੇ ਰਹਿਣ ਨਾਲ ਮਾਸ-ਪੇਸ਼ੀਆਂ ’ਚ ਖਿਚਾਅ ਤੇ ਅੜਚਨ ਆ ਜਾਂਦੀ ਹੈ। ਕਮਰ ਦਰਦ ਨਾਲ ਨਾ ਤਾਂ ਖੜ੍ਹੇ ਹੋਇਆ ਜਾਂਦਾ ਹੈ ਤੇ ਨਾ ਹੀ ਬੈਠ ਹੁੰਦਾ ਹੈ ਨਾ ਜ਼ਿਆਦਾ ਚੱਲਿਆ ਜਾਂਦਾ ਹੈ। ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਲੋਕ ਬਹੁਤ ਸਾਰੀਆਂ ਦਵਾਈਆਂ ਦਾ ਸੇਵਨ ਕਰਦੇ ਹਨ ਪਰ ਉਸ ਦਾ ਅਸਰ ਕੁੱਝ ਦੇਰ ਲਈ ਹੁੰਦਾ ਹੈ ਥੋੜ੍ਹੀ ਦੇਰ ਬਾਅਦ ਫਿਰ ਵਿਅਕਤੀ ਦਰਦ ਨਾਲ ਜੂਝਦਾ ਹੈ। ਜੇ ਤੁਸੀ ਬਿਨਾਂ ਦਵਾਈਆਂ ਦੇ ਕਮਰ ਦਰਦ ਤੋਂ ਨਿਜਾਤ ਪਾਉਣਾ ਚਾਹੁੰਦੇ ਹੋ ਤਾਂ ਘਰੇਲੂ ਨੁਸਖ਼ਿਆਂ ਦਾ ਇਸਤੇਮਾਲ ਕਰੋ।

**ਅਜਵਾਇਣ**

ਕਮਰ ਦਰਦ ਨੂੰ ਦੂਰ ਕਰਨ ਲਈ ਅਜਵਾਇਣ ਦਾ ਇਸਤੇਮਾਲ ਕਰਨਾ ਸਿਹਤ ਲਈ ਫ਼ਾਇਦੇਮੰਦ ਹੈ। ਅਜਵਾਇਣ ਨੂੰ ਤਵੇ ’ਤੇ ਰੱਖ ਕੇ 2-3 ਮਿੰਟ ਲਈ ਗਰਮ ਕਰੋ। ਇਸ ਦੇ ਬਾਅਦ ਇਸ ਨੂੰ ਚਬਾ-ਚਬਾ ਕੇ ਖਾਓ। ਰੋਜ਼ਾਨਾ ਇਸ ਦਾ ਸੇਵਨ ਕਰਨ ਨਾਲ 7 ਦਿਨਾਂ ਦੇ ਅੰਦਰ ਹੀ ਕਾਫ਼ੀ ਫ਼ਰਕ ਪੈ ਸਕਦਾ ਹੈ।

**ਨਮਕ**

ਦਰਦ ਵਾਲੀ ਜਗ੍ਹਾ ’ਤੇ ਸੇਕ ਦੇਣ ਨਾਲ ਰਾਹਤ ਮਿਲਦੀ ਹੈ। ਇਸ ਲਈ ਨਮਕ ਨੂੰ ਗਰਮ ਕਰੋ ਗਰਮ ਕਰਨ ਤੋਂ ਬਾਅਦ ਉਸ ਨੂੰ ਇਕ ਕਪੜੇ ’ਚ ਬੰਨ ਲਓ। ਸੌਣ ਤੋਂ ਪਹਿਲਾਂ ਇਸ ਕਪੜੇ ਨੂੰ ਦਰਦ ਵਾਲੇ ਹਿੱਸੇ ’ਤੇ ਰੱਖੋ ਕੁੱਝ ਕੁ ਦਿਨ ਇਸ ਤਰ੍ਹਾਂ ਕਰਨ ਨਾਲ ਕਮਰ ਦਰਦ ਗਾਇਬ ਹੋ ਸਕਦੀ ਹੈ।



## ਨਾਰੀਅਲ ਤੇ ਸਰ੍ਹੋਂ ਦਾ ਤੇਲ

ਨਾਰੀਅਲ ਤੇ ਸਰ੍ਹੋਂ ਦਾ ਤੇਲ ਲਓ। ਇਸ ’ਚ ਲਸਣ ਪਾਓ ਜਦੋਂ ਤਕ ਲਸਣ ਦੀਆਂ ਤੁਰੀਆਂ ਕਾਲੀਆਂ ਨਾ ਹੋ ਜਾਂਦੀਆਂ ਉਦੋਂ ਤਕ ਗਰਮ ਕਰਦੇ ਰਹੋ। ਠੰਢਾ ਹੋਣ ’ਤੇ ਇਸ ਤੇਲ ਨੂੰ ਕਮਰ ’ਤੇ ਲਗਾ ਲਓ।

## ਗਰਮ ਪਾਣੀ ਨਾਲ ਨਹਾਉਣਾ

ਨਹਾਉਣ ਵਾਲੇ ਪਾਣੀ ’ਚ ਨਮਕ ਪਾ ਕੇ ਨਹਾਓ। ਨਮਕ ਵਾਲੇ ਪਾਣੀ ਨਾਲ ਨਹਾਉਣ ’ਤੇ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ ਤੇ ਦਰਦ ਤੋਂ ਵੀ ਰਾਹਤ ਪਾਈ ਜਾ ਸਕਦੀ ਹੈ। ਜਦੋਂ ਵੀ ਕਮਰ ਦਰਦ ਹੁੰਦੀ ਹੈ ਉਸ ਸਮੇਂ ਨਮਕ ਵਾਲੇ ਪਾਣੀ ਨਾਲ ਨਹਾਓ ਚਾਹੀਦੀ ਹੈ।

# ਅਨੇਕਾਂ ਰੋਗਾਂ ’ਚ ਫ਼ਾਇਦੇਮੰਦ ਆਂਵਲਾ

ਸੁਖਮੰਦਰ ਸਿੰਘ ਤੂਰ

ਆਂਵਲਾ ਸਰਦ ਰੁੱਤ ਵਿਚ ਮਿਲਣ ਵਾਲਾ ਅਤਿ ਗੁਣਕਾਰੀ ਫਲ ਹੈ। ਸਾਡੀ ਸੰਸਕ੍ਰਿਤੀ ਵਿਚ ਇਹ ਫਲ ਵਜੋਂ ਜਾਣਿਆ ਜਾਂਦਾ ਹੈ, ਜਿਸ ਦਾ ਅਰਥ ਹੈ ਮਨੁੱਖ ਦਾ ਦਾਈ ਦੀ ਤਰ੍ਹਾਂ ਪਾਲਣ ਕਰਨ ਵਾਲਾ। ਆਯੁਰਵੈਦਿਕ ਦਵਾਈਆਂ ਲਈ ਇਹ ਖ਼ਾਸ ਮਹੱਤਤਾ ਰੱਖਦਾ ਹੈ। ਇਸ ਵਿਚ ਵਿਟਾਮਿਨ ‘ਸੀ’ ਦੀ ਮਾਤਰਾ ਵਧੇਰੇ ਹੋਣ ਕਾਰਨ ਇਹ ਜ਼ਿਆਦਾ ਦੇਰ ਤਕ ਗਰਮ ਕਰਨ ’ਤੇ ਛੇਤੀ ਨਸ਼ਟ ਨਹੀਂ ਕੀਤਾ ਜਾ ਸਕਦਾ ਭਾਵ ਇਸ ਵਿਚਲੇ ਤੱਤ ਪਹਿਲਾਂ ਦੀ ਤਰ੍ਹਾਂ ਕਾਇਮ ਰਹਿੰਦੇ ਹਨ। ਆਂਵਲੇ ਨੂੰ ਤ੍ਰਿਫਲਾ ਅਤੇ ਹਰੜ ਵਿਚ ਮਿਲਾ ਕੇ ਬਹੁਤ ਸਾਰੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਹਾਲ ਹੀ ਵਿਚ ਹੋਈ ਖੋਜ ਵਿਚ ਪਤਾ ਲੱਗਾ ਹੈ ਕਿ ਆਂਵਲਾ ਸਰੀਰ ਦੀ ਰੋਗ ਪ੍ਰਤੀਰੋਧੀ ਸ਼ਕਤੀ ਵਿਚ ਵਾਧਾ ਕਰਦਾ ਹੈ। ਜਿਸ ਨਾਲ ਸਰੀਰ ਜ਼ਿਆਦਾ ਪ੍ਰਭਾਵੀ ਢੰਗ ਨਾਲ ਕੈਂਸਰ ਵਰਗੇ ਖ਼ਤਰਨਾਕ ਰੋਗਾਂ ਤੋਂ ਆਪਣਾ ਬਚਾਅ ਕਰ ਸਕਦਾ ਹੈ।

### ਵਿਸ਼ੇਸ਼ਤਾ

ਆਂਵਲਾ ਇਕ ਚੰਗਾ ਪਾਚਕ ਹੈ ਗੈਸ ਅਤੇ ਕਬਜ਼ ਲਈ ਬਹੁਤ ਗੁਣਕਾਰੀ ਹੈ। ਬੁਖ਼ਾਰ ਹੋਵੇ ਤਾਂ ਇਹ ਪਸੀਨਾ ਲਿਆ ਕੇ ਬੁਖ਼ਾਰ ਨੂੰ ਘੱਟ ਕਰਦਾ ਹੈ। ਇਹ ਅੱਖਾਂ ਦੀ ਰੋਸ਼ਨੀ ਨੂੰ ਤੇਜ਼ ਕਰਨ ਵਿਚ ਵੀ ਸਹਾਈ ਹੁੰਦਾ ਹੈ ਅਤੇ ਦੰਦ ਅਤੇ ਮਸੂੜਿਆਂ ਨੂੰ ਮਜ਼ਬੂਤ ਕਰਕੇ ਇਨ੍ਹਾਂ ਨੂੰ ਨਵਾਂਪਨ ਬਖ਼ਸ਼ਦਾ ਹੈ। ਸਿਰ ਦੇ ਵਾਲ਼ਾਂ ਨੂੰ ਸਫ਼ੈਦ ਹੋਣ ਤੋਂ ਰੋਕਦਾ ਤੇ ਇਨ੍ਹਾਂ ਨੂੰ ਮੁਲਾਇਮ, ਚਮਕਦਾਰ ਅਤੇ ਖ਼ੂਬਸੂਰਤ ਬਣਾਉਂਦਾ ਹੈ। ਆਂਵਲੇ ਦਾ ਚੂਰਨ ਤੇ ਹਰੜ ਨਾਲ ਕਾਫ਼ੀ ਪੁਰਾਣੀ ਕਬਜ਼ ਦੂਰ ਹੋ ਜਾਂਦੀ ਹੈ।



### ਪ੍ਰਯੋਗ

- **ਪਿਸ਼ਾਬ ਦੀ ਜਲਣ**- ਹਰੇ ਆਂਵਲੇ ਦਾ ਰਸ 5 ਤੋਲੇ ਅਤੇ ਸ਼ਹਿਦ ਦੋ ਤੋਲੇ, ਇਨ੍ਹਾਂ ਨੂੰ ਆਪਸ ਵਿਚ ਮਿਲਾ ਕੇ ਦਿਨ ਵਿਚ ਦੋ ਵਾਰ ਖਾਣ ਨਾਲ ਪਿਸ਼ਾਬ ਖੁੱਲ੍ਹ ਕੇ ਆਵੇਗਾ ਅਤੇ ਜਲਣ ਵੀ ਠੀਕ ਹੋਵੇਗੀ।
- **ਖ਼ੂਨੀ ਬਵਾਸੀਰ** - ਸੁੱਕੇ ਆਂਵਲੇ ਬਾਰੀਕ ਕਰਕੇ 6 ਮਾਸੇ ਸਵੇਰੇ ਅਤੇ 6 ਮਾਸੇ ਸ਼ਾਮ ਨੂੰ ਦੁੱਧ ਨਾਲ ਖਾਣ ’ਤੇ ਖ਼ੂਨੀ ਬਵਾਸੀਰ ਠੀਕ ਹੁੰਦੀ ਹੈ ਅਤੇ ਪੇਟ ਗੈਸ ਤੋਂ ਵੀ ਲਾਭ ਮਿਲਦਾ ਹੈ।
- **ਕਬਜ਼ ਤੋਂ ਰਾਹਤ**- ਆਂਵਲਾ ਅਤੇ ਹਰੜ ਬਰਾਬਰ ਮਾਤਰਾ ਵਿਚ ਮਿਲਾ ਕੇ ਦੁੱਧ ਨਾਲ ਇਸਤੇਮਾਲ ਕਰਨ ਨਾਲ ਕਬਜ਼ ਦੂਰ ਹੁੰਦੀ ਅਤੇ ਪੇਟ ਹਲਕਾ ਹੋ ਜਾਂਦਾ ਹੈ।
- **ਬੁਢਾਪੇ ’ਚ ਸਹੀ** - ਆਂਵਲੇ ਨੂੰ ਦੇਸੀ ਘਿਓ ਅਤੇ ਮਿਸ਼ਰੀ ਵਿਚ ਮਿਲਾ ਕੇ ਲਗਾਤਾਰ ਲੈਣ ਨਾਲ ਬੁਢਾਪੇ ਨੂੰ ਲੰਬੇ ਸਮੇਂ ਤਕ ਟਾਲਿਆ ਜਾ ਸਕਦਾ ਹੈ ਅਤੇ ਚਿਹਰਾ ਵੀ ਝੁਰੜੀਆਂ ਰਹਿਤ ਰਹਿੰਦਾ ਹੈ।
- **ਅੱਖਾਂ ਦੀ ਰੋਸ਼ਨੀ**- ਸੁਕਾ ਆਂਵਲਾ ਅਤੇ ਬਦਾਮ ਨੂੰ ਪੀਸ ਕੇ ਰੋਜ਼ਾਨਾ ਸ਼ਹਿਦ ਅਤੇ ਦੁੱਧ ਨਾਲ ਉਪਯੋਗ ਕਰਨ ’ਤੇ ਅੱਖਾਂ ਦੀ ਰੋਸ਼ਨੀ ਤੇਜ਼ ਹੁੰਦੀ ਹੈ। ਇਸ ਨਾਲ ਚਿੱਟੇ ਅਤੇ ਕਾਲੇ ਮੋਤੀਏ ਤੋਂ ਬਚਿਆ ਜਾ ਸਕਦਾ ਹੈ।
- **ਹੱਡੀਆਂ ਦੀ ਮਜ਼ਬੂਤੀ** - ਆਂਵਲੇ ਵਿਚ ਵਿਟਾਮਿਨ ‘ਸੀ’ ਦੀ ਬਹੁਤਾਤ ਹੋਣ ਕਾਰਨ ਇਹ ਹੱਡੀਆਂ ਦੀ ਮਜ਼ਬੂਤੀ ਲਈ ਬਹੁਤ ਉਪਯੋਗੀ ਹੈ।
- **ਜ਼ਹਿਰੀਲੇ ਕੀੜੇ ਦਾ ਕੱਟਿਆ**- ਜੇ ਕਿਸੇ ਸਮੇਂ ਕੋਈ ਜ਼ਹਿਰੀਲਾ ਕੀੜਾ ਕੱਟ ਜਾਵੇ ਤਾਂ ਆਂਵਲੇ ਅਤੇ ਨਿੰਮ ਦੇ ਪੱਤਿਆਂ ਦਾ ਰਸ ਬਰਾਬਰ ਮਾਤਰਾ ਵਿਚ ਮਿਲਾ ਕੇ ਜ਼ਖ਼ਮ ’ਤੇ ਲਾਉਣ ਨਾਲ ਜ਼ਹਿਰ ਦਾ ਅਸਰ ਘੱਟ ਜਾਂਦਾ ਹੈ।

# ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ ਪਟਿਆਲਾ ਨੇ ਸਕਾਲਰਸ਼ਿਪ ਵੰਡ ਸਮਾਰੋਹ ਦਾ ਕੀਤਾ ਆਯੋਜਨ

## ਸਾਰੇ ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਗਾਤਾਰ ਜਾਰੀ ਰਹੇਗੀ: ਭੈਣ ਨੀਲਮ ਦੱਤ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ, ਜੋਕਿ ਧਾਰਮਿਕ ਕੰਮਾਂ ਦੇ ਨਾਲ ਨਾਲ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਆਪਣਾ ਯੋਗਦਾਨ ਦੇ ਰਹੀ ਹੈ, ਨੇ ਸਮਾਜ ਦੀਆਂ ਵੱਖ ਵੱਖ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਬਾਕੀ ਦੇ ਸਮਾਜਸੇਵੀ ਕੰਮਾਂ ਦੇ ਨਾਲ ਨਾਲ ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਗਾਤਾਰ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇੱਕ ਵੀ ਵਿਦਿਆਰਥੀ ਵਸੀਲਿਆਂ ਦੀ ਕਮੀ ਕਾਰਨ ਆਪਣੀ ਪੜ੍ਹਾਈ ਛੱਡਣ ਲਈ ਮਜਬੂਰ ਨਾ ਹੋ ਜਾਵੇ। ਇਸ ਲਈ ਸਾਰੀ ਸਮਾਜਸੇਵੀ ਸੰਸਥਾਵਾਂ ਨੂੰ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਕੰਮ ਕਰਨਾ ਚਾਹੀਦਾ ਹੈ, ਇਹ ਸ਼ਬਦ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਸਮਾਜ ਸੇਵਾ ਮੁਹਿੰਮ ਤਹਿਤ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਇੱਕ ਸਕਾਲਰਸ਼ਿਪ ਵੰਡ ਸਮਾਗਮ ਦੇ ਦੌਰਾਨ ਭੈਣ ਨੀਲਮ ਦੱਤ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੇ। ਸਮਾਗਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਸ੍ਰੀਮਤੀ ਨੀਲਮ ਦੱਤ ਨੇ ਅਦਾ ਕੀਤੀ, ਜੋ ਕਿ ਇੱਕ ਕ੍ਰਾਂਤੀਕਾਰੀ ਸਨਾਤਨ ਧਰਮੀ ਅਤੇ ਨਿਰਸਵਾਰਥ ਸਮਾਜ ਸੇਵਿਕਾ ਹਨ ਅਤੇ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿਸਟਰਡ) ਪਟਿਆਲਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਦੀ ਪਤਨੀ ਹਨ। ਸਮਾਗਮ ਦੀ ਪ੍ਰਧਾਨਗੀ ਸਨਾਤਨ ਧਰਮ ਸੰਸਕ੍ਰਿਤ ਇੰਗਲਿਸ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕੀਤੀ। ਇਸ ਸ਼ੁਭ ਮੌਕੇ 'ਤੇ ਮੌਜੂਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੰਦੇ ਹੋਏ ਸ੍ਰੀਮਤੀ ਨੀਲਮ ਦੱਤ ਨੇ ਕਿਹਾ ਕਿ ਸਿੱਖਿਆ ਅਤੇ ਚੰਗੇ ਸੰਸਕਾਰਾਂ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੁੰਦਾ ਹੈ। ਇਸ ਲਈ, ਸਾਰੇ ਵਿਦਿਆਰਥੀਆਂ ਨੂੰ ਵਿੱਦਿਆ ਰੂਪੀ ਗਿਆਨ ਦੇ ਭੰਡਾਰ ਨੂੰ ਪ੍ਰਾਪਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿੱਖਿਆ ਇੱਕ ਅਜਿਹਾ ਧਨ ਹੈ ਜਿਸਨੂੰ ਕੋਈ ਚੋਰ ਕਦੇ ਵੀ ਚੋਰੀ ਨਹੀਂ ਕਰ ਸਕਦਾ। ਇਹ ਧਨ, ਮਨੁੱਖ ਦੇ ਦਿਮਾਗ ਅਤੇ ਦਿਲ ਦੇ ਖਜ਼ਾਨੇ ਵਿੱਚ ਸੁਰੱਖਿਅਤ ਰਹਿੰਦਾ ਹੈ ਅਤੇ ਇਸਦੀ ਮਦਦ ਨਾਲ ਮਨੁੱਖ ਆਪਣੇ ਜੀਵਨ ਵਿੱਚ ਹਰ ਤਰ੍ਹਾਂ ਦੀ ਸਫਲਤਾ ਪ੍ਰਾਪਤ ਕਰ ਸਕਦਾ ਹੈ।

ਇਸ ਨਾਲ ਸਾਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੀ ਉਚਾਈਆਂ ਨੂੰ ਛੂਹਣ ਦੀ ਤਾਕਤ ਮਿਲਦੀ ਹੈ। ਸਮਾਗਮ ਵਿੱਚ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਦੀ ਮਾਤ ਸੰਸਥਾ ਸ਼੍ਰੀ ਸਨਾਤਨ ਧਰਮ ਸਭਾ (ਰਜਿ:)ਪਟਿਆਲਾ ਦੇ ਪ੍ਰਧਾਨ ਲਾਲ ਚੰਦ ਜਿੰਦਲ, ਸੀਨੀਅਰ ਉਪ-ਪ੍ਰਧਾਨ ਸ਼੍ਰੀ ਵਿਜੇ ਮੋਹਨ ਗੁਪਤਾ, ਉਪ-ਪ੍ਰਧਾਨ ਸ਼੍ਰੀ ਐਨ.ਕੇ. ਜੈਨ, ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਅਤੇ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਦੀ ਯੋਗ ਅਗਵਾਈ ਵਿੱਚ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਟਿਆਲਾ ਜ਼ਿਲ੍ਹੇ ਦੇ ਹਜ਼ਾਰਾਂ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ, ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਅਤੇ ਸਨਾਤਨ ਧਰਮ ਦੀਆਂ ਪਵਿੱਤਰ ਕਦਰਾਂ-ਕੀਮਤਾਂ ਪ੍ਰਦਾਨ ਕੀਤੀ ਜਾ ਰਹੀਆਂ ਹਨ, ਜੋ ਕਿ ਸਾਡੇ ਸਾਰਿਆਂ ਲਈ ਬਹੁਤ ਮਾਣ ਦੀ ਗੱਲ ਹੈ। ਅੱਜ ਦੇ ਸਮਾਰੋਹ ਵਿੱਚ ਆਲ ਇੰਡੀਆ ਸ਼੍ਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਲਈ 15,000 ਰੁਪਏ ਦੇ ਵਜ਼ੀਫੇ ਦਾ ਤੀਸਰਾ ਚੈੱਕ ਪ੍ਰਾਪਤ ਕਰਦੇ ਹੋਏ, ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਸੰਸਥਾ ਦੇ ਸਾਰੇ ਸਤਿਕਾਰਯੋਗ ਪਦ ਅਧਿਕਾਰੀਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਵਿੱਚ ਐੱਸ.ਐੱਸ. ਮਾਸਟਰ ਦੇ ਰੂਪ ਵਿੱਚ 25 ਸਾਲਾਂ ਤਕ ਆਪਣੀਆਂ ਸੇਵਾਵਾਂ ਦੇ ਕੇ ਰਿਟਾਇਰ ਹੋਏ ਅਧਿਆਪਕ ਅਨਿਲ ਕੁਮਾਰ ਭਾਰਤੀ ਦੀ ਵੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਦੇ ਯਤਨਾਂ ਸਦਕਾ ਸਕੂਲ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਦਾ ਇਹ ਸ਼ੁਭ ਕਾਰਜ ਲਗਾਤਾਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਤੇ ਸਕੂਲ ਦੇ ਸੀਨੀਅਰ ਅਧਿਆਪਕ ਰਮਨ ਕੁਮਾਰ ਵੀ ਮੌਜੂਦ ਰਹੇ।ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਅਤੇ ਉਹਨਾਂ ਦੇ ਸਪੁੱਤਰ ਸਵਰਗੀ ਨਿਖਿਲ ਦੱਤ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

# ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਲੜੀਵਾਰ 339ਵੇਂ ਖ਼ੂਨਦਾਨ ਕੈਂਪ ਵਿਚ 22 ਯੂਨਿਟ ਕੀਤਾ ਖ਼ੂਨ ਦਾਨ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਮਰੀਜ਼ਾਂ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਦੇ ਜਨਮ ਦਿਨ ਨੂੰ ਸਮਰਪਿਤ 339ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਦਾ ਰਸਮੀ ਉਦਘਾਟਨ ਯੂਥ ਆਗੂ ਹਰਮਿੰਦਰ ਬੱਤਾ ਅਤੇ ਜਸਵਿੰਦਰ ਸਿੰਘ ਲੱਡੂ ਸਨੌਰ ਨੇ ਇਕੱਠਿਆਂ ਖੂਨਦਾਨ ਕਰਕੇ ਕੀਤਾ। ਇਸ ਮੌਕੇ ਸੁਨਿੰਦਰ ਸਿੰਘ ਸੂਲਰ ਨੇ ਆਪਣੇ ਜਨਮ ਦਿਨ ਮੌਕੇ 47 ਵੀਂ ਵਾਰ, ਐਡਵੋਕੇਟ ਦਲਜੀਤ ਸਿੰਘ ਦੋਦੜਾ ਨੇ 25 ਵੀਂ ਵਾਰ, ਮਨਵਿੰਦਰ ਸਿੰਘ ਮਨੀ ਟੋਹੜਾ ਨੇ 23 ਵੀਂ ਵਾਰ, ਏ. ਐਸ. ਆਈ. ਅਮਰਜੀਤ ਸਿੰਘ ਪੰਜੋਲਾ, ਗੁਰਮੀਤ ਸਿੰਘ, ਧਰਮਪ੍ਰੀਤ ਘੱਗਾ, ਪਾਲੀ ਸਨੌਰ ਭੰਗੜਾ ਕੋਚ, ਅਮਰੀਤ ਟਿਵਾਣਾ, ਮਨਵੀਰ ਪੁਰੀ ਨਾਭਾ, ਹਰਮਨ ਸਿੰਘ, ਗੁਰਜੀਤ ਸਿਉਣਾ, ਗਗਨਦੀਪ ਸਿੰਘ ਪਟਿਆਲਾ ਤੇ ਮੇਜਰ ਗਾਜੀਪੁਰ ਸਮੇਤ 22 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਦੀ ਹੌਂਸਲਾ ਅਫਜਾਈ ਕਰਨ ਲਈ ਤੇਜਿੰਦਰ ਮਹਿਤਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਬਤੌਰ ਮੁੱਖ ਮਹਿਮਾਨ ਤੇ ਹਰਦੀਪ ਕੁਮਾਰ ਬਿਰੜਵਾਲ ਜੇ. ਈ. ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਜਿਨ੍ਹਾਂ ਨੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕਰਦਿਆਂ ਕਿਹਾ ਕਿ ਲੋੜਵੰਦ ਮਰੀਜ਼ਾਂ ਲਈ ਖ਼ੂਨਦਾਨ ਕਰਨਾ ਬਹੁਤ ਵੱਡਾ ਪੁੰਨ ਦਾ ਕੰਮ ਹੈ। ਇਸ ਸੇਵਾ ਵਿਚ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਪਿਛਲੇ 14 ਸਾਲਾਂ ਤੋਂ ਰੈਗੂਲਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ ਜੋ ਕਿ ਆਪਣੇ ਆਪ ਵਿਚ ਹੀ ਇੱਕ ਰਿਕਾਰਡ ਹੈ। ਪਰਉਪਕਾਰ ਦੀ ਸੇਵਾ ਨੂੰ ਲਗਾਤਾਰ ਜਾਰੀ ਰੱਖਣਾ ਇੱਕ ਵੱਡੀ ਚੁਨੌਤੀ ਹੈ, ਜਿਸ ਨੂੰ ਹਰਦੀਪ ਸਿੰਘ ਸਨੌਰ ਦੀ ਟੀਮ ਬਾਖੂਬੀ ਸਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਬਲੱਡ ਸੈਂਟਰ ਵਿਚ ਖ਼ੂਨਦਾਨ ਕਰਨਾ ਸਹੀ ਥਾਂ *ਤੇ ਕੀਤਾ ਖ਼ੂਨਦਾਨ ਹੈ, ਕਿਉਂਕਿ ਸਰਕਾਰੀ ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਨੂੰ ਬਿਨ੍ਹਾਂ ਕਿਸੇ ਫੀਸ ਤੋਂ ਖ਼ੂਨ ਮਿਲਦਾ ਹੈ। ਇਸ ਮੌਕੇ ਕੇਕ ਕੱਟਿਆ ਗਿਆ ਤੇ ਚੇਅਰਮੈਨ ਤੇਜਿੰਦਰ ਮਹਿਤਾ ਨੂੰ ਕੁੱਲੂ ਪੱਟੀ ਮਫਲਰ ਨਾਲ ਸਨਮਾਨਤ ਵੀ ਕੀਤਾ ਗਿਆ। ਕੈਂਪ ਵਿਚ ਪ੍ਰਧਾਨ ਨਰਿੰਦਰ ਸਿੰਘ ਕਾਠਗੜ੍ਹ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਅੰਤਰ-ਰਾਸ਼ਟਰੀ ਲੇਖ਼ਕ ਅਤੇ ਸਿੱਖਿਆ ਸ਼ਾਸ਼ਤਰੀ ਅਨਿਲ ਭਾਰਤੀ, ਜਥੇਦਾਰ ਕਰਨ ਸਿੰਘ ਜੌਲੀ, ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਚਾਚਾ ਜਗਰਾਜ ਸਿੰਘ ਚਹਿਲ, ਅਮਰਜੀਤ ਸਿੰਘ ਰਾਮਗੜ੍ਹੀਆ, ਅਵਤਾਰ ਸਿੰਘ ਬਲਬੇੜਾ, ਭਾਈ ਰਵਿੰਦਰ ਸਿੰਘ ਭਾਂਖਰ, ਭਾਈ ਜਰਨੈਲ ਸਿੰਘ ਝੰਡੀ, ਗੁਰਬਚਨ ਸਿੰਘ ਠੇਕੇਦਾਰ, ਜਗਰਾਜ ਸਿੰਘ ਆਸਟ੍ਰੇਲੀਆ, ਗੁਰਧਿਆਨ ਸਿੰਘ ਝੰਡੀ, ਰਣਜੀਤ ਸਿੰਘ, ਮੁਖਵਿੰਦਰ ਗਰੇਵਾਲ, ਸੁੱਖੀ ਖੋਖਰ ਖਾਕਟਾਂ ਕਲਾਂ, ਹਰਿੰਦਰ ਬਲਬੇੜਾ ਤੇ ਕਿਰਪਾਲ ਸਿੰਘ ਪੰਜੋਲਾ ਵੀ ਹਾਜ਼ਰ ਸਨ।

# ਛੇ ਤੋਂ ਦਸ ਹਜ਼ਾਰ ਕਰੋੜ ਤੱਕ ਦੇ ਝੋਨੇ ਦੀ ਬੋਗਸ ਖ਼ਰੀਦ:ਕੇਂਦਰ ਨੇ ਪੰਜਾਬ ਸਰਕਾਰ ਨੂੰ ਜਾਂਚ ਕਰਨ ਲਈ ਕਿਹਾ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਸਾਲ 2025-26 ਦੌਰਾਨ ਝੋਨੇ ਦੀ ਛੇ ਹਜ਼ਾਰ ਕਰੋੜ ਤੋਂ 10 ਹਜ਼ਾਰ ਕਰੋੜ ਤੱਕ ਦੀ ਬੋਗਸ ਖ਼ਰੀਦ ਹੋਣ ਦੇ ਘਪਲੇ ਦਾ ਧੂੰਆਂ ਉੱਠਿਆ ਹੈ। ਕੇਂਦਰ ਨੇ ਪੰਜਾਬ ਨੂੰ ਇਸ ਕਥਿਤ ਬੋਗਸ ਖ਼ਰੀਦ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੰਗਰੂਰ ਦੇ ਆੜ੍ਹਤੀਏ ਵੱਲੋਂ ਭੇਜੀਆਂ ਸ਼ਿਕਾਇਤਾਂ ਮਗਰੋਂ ਕੇਂਦਰ ਸਰਕਾਰ ਹਰਕਤ ਵਿੱਚ ਆਈ ਹੈ। ਕੇਂਦਰੀ ਵਿੱਤ ਮੰਤਰਾਲੇ ਅਤੇ ਮਾਲ ਵਿਭਾਗ ਵੱਲੋਂ ਇਸ ਸਬੰਧੀ ਮੁੱਖ ਸਕੱਤਰ ਪੰਜਾਬ ਨੂੰ ਨਿਰਦੇਸ਼ ਦਿੱਤੇ ਗਏ ਹਨ। ਕੇਂਦਰੀ ਨਿਰਦੇਸ਼ਾਂ ਦੀ ਪਾਲਣਾ ਹਿੱਤ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰਾਂ ਨੂੰ ਆਪੋ-ਆਪਣੇ ਜ਼ਿਲ੍ਹੇ ਦੀ ਅਲਾਟਮੈਂਟ ਕਮੇਟੀ ਦੀ ਮੀਟਿੰਗ ਸੱਦਣ ਲਈ ਕਿਹਾ ਹੈ ਅਤੇ ਜਾਂਚ ਮਗਰੋਂ 13 ਫਰਵਰੀ ਤੱਕ ਰਿਪੋਰਟ ਦੇਣ ਦੀ ਹਦਾਇਤ ਕੀਤੀ ਹੈ। ਪਤਾ ਲੱਗਿਆ ਹੈ ਕਿ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰਾਂ ਨੇ ਮੀਟਿੰਗਾਂ ਵੀ ਸੱਦ ਲਈਆਂ ਹਨ।



ਚੇਤੇ ਰਹੇ ਕਿ ਉਸ ਵੇਲੇ ਵੀ ਸ਼ੰਕੇ ਖੜ੍ਹੇ ਹੋ ਗਏ ਸਨ, ਜਦੋਂ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਫ਼ਸਲੀ ਨੁਕਸਾਨ ਦੇ ਬਾਵਜੂਦ ਖ਼ਰੀਦ ਕੇਂਦਰਾਂ 'ਚ ਪਿਛਲੇ ਸਾਲ ਜਿੰਨੀ ਹੀ ਫ਼ਸਲ ਦੀ ਆਮਦ ਹੋਈ ਸੀ, ਜਦੋਂ ਕਿ ਝੋਨੇ ਦੀ ਫ਼ਸਲ ਦਾ ਝਾੜ ਘਟਿਆ ਵੀ ਸੀ। ਉਸ ਵਕਤ ਸੂਬਾ ਸਰਕਾਰ ਨੇ ਕੁੱਝ ਸਰਹੱਦੀ ਜ਼ਿਲ੍ਹਿਆਂ 'ਚ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ। ਪੰਜਾਬ ਸਰਕਾਰ ਨੇ ਦੂਸਰੇ ਸੂਬਿਆਂ 'ਚੋਂ ਆਏ ਝੋਨੇ ਦੇ ਮਾਮਲੇ 'ਚ ਕਈ ਪੁਲੀਸ ਕੇਸ ਵੀ ਦਰਜ ਕਰਵਾਏ ਸਨ। ਸੰਗਰੂਰ ਦੇ ਕਮਿਸ਼ਨ ਏਜੰਟ ਨੇ ਕੇਂਦਰ ਸਰਕਾਰ ਨੂੰ ਜਿਹੜੀ ਸ਼ਿਕਾਇਤ ਭੇਜੀ ਹੈ, ਉਸ 'ਚ ਇਹ ਦੋਸ਼ ਲਗਾਏ ਹਨ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਆੜ੍ਹਤੀਆਂ ਨੇ ਕਿਸਾਨਾਂ ਦੇ ਨਾਮ 'ਤੇ ਜਾਅਲੀ 'ਜੇ' ਫਾਰਮ ਜਾਰੀ ਕੀਤੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਖਾਤਿਆਂ 'ਚ ਭੁਗਤਾਨ ਵੀ ਪ੍ਰਾਪਤ ਹੋਇਆ ਹੈ। ਫਿਰ ਇਹੋ ਪੈਸੇ ਕਿਸਾਨ, ਕਮਿਸ਼ਨ ਏਜੰਟ, ਚੌਲ ਮਿੱਲਰਾਂ ਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੇ ਆਪਸ ਵਿੱਚ ਵੰਡ ਲਏ। ਬਾਅਦ ਵਿੱਚ ਝੋਨਾ ਦੂਸਰੇ ਸੂਬਿਆਂ 'ਚੋਂ 600 ਰੁਪਏ ਪ੍ਰਤੀ ਕੁਇੰਟਲ ਤੋਂ ਘੱਟ ਭਾਅ 'ਤੇ ਖ਼ਰੀਦਿਆ ਗਿਆ ਅਤੇ ਸੂਬੇ 'ਚ ਐੱਮ ਐੱਸ ਪੀ 'ਤੇ ਖ਼ਰੀਦਿਆ ਦਿਖਾਇਆ ਗਿਆ। ਕੇਂਦਰ ਨੂੰ ਭੇਜੀ ਸ਼ਿਕਾਇਤ ਵਿੱਚ ਬੋਗਸ ਖ਼ਰੀਦ ਦੇ ਧੰਦੇ ਤੇ ਇਸ 'ਚ ਸ਼ਾਮਲ ਧਿਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਚੌਲ ਮਿੱਲਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੱਤ ਵੱਖ-ਵੱਖ ਕੇਂਦਰੀ ਮੰਤਰਾਲਿਆਂ ਅਤੇ ਜਾਂਚ ਏਜੰਸੀਆਂ ਕੋਲ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਅਧਿਕਾਰੀ ਦਾ ਕਹਿਣਾ ਹੈ ਕਿ ਇਹ ਸ਼ਿਕਾਇਤਾਂ ਬੇਬੁਨਿਆਦ ਹਨ ਅਤੇ ਸਰਕਾਰ ਦੀ ਸਖ਼ਤੀ ਕਰ ਕੇ ਸੂਬੇ ਵਿੱਚ ਝੋਨੇ ਦੀ ਬੋਗਸ ਖ਼ਰੀਦ ਦੀ ਕੋਈ ਸੰਭਾਵਨਾ ਨਹੀਂ। ਫ਼ਸਲੀ ਖ਼ਰੀਦ ਦੀ ਪੁਸ਼ਟੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਵਿਸਥਾਰਤ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ। ਹਾਲਾਂਕਿ, ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਸ ਮਾਮਲੇ ਬਾਰੇ ਅਗਿਆਨਤਾ ਪ੍ਰਗਟਾਈ ਹੈ।

# ਗੈਂਗਸਟਰਾਂ 'ਤੇ ਵਾਰ' ਦਾ 18ਵਾਂ ਦਿਨ: ਪੰਜਾਬ ਪੁਲਿਸ ਨੇ 601ਥਾਵਾਂ 'ਤੇ ਕੀਤੀ ਛਾਪੇਮਾਰੀ; 208 ਕਾਬੂ

**➢ ਪੁਲਿਸ ਟੀਮਾਂ ਨੇ 121 ਵਿਅਕਤੀਆਂ ਵਿਰੁੱਧ ਕੀਤੀ ਰੋਕਥਾਮ ਕਾਰਵਾਈ, 284 ਨੂੰ ਤਸਦੀਕ ਉਪਰੰਤ ਕੀਤਾ ਰਿਹਾਅ ➢ਲੋਕ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਗੈਂਗਸਟਰਾਂ ਨਾਲ ਸਬੰਧਤ ਜਾਣਕਾਰੀ ਦੇ ਸਕਦੇ ਹਨ**

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 18ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 601 ਛਾਪੇਮਾਰੀਆਂ ਕੀਤੀਆਂ।

ਜਾਣਕਾਰੀ ਅਨੁਸਾਰ, ਗੈਂਗਸਟਰਾਂ 'ਤੇ ਵਾਰ - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦੇ 18ਵੇਂ ਦਿਨ, ਪੁਲਿਸ ਟੀਮਾਂ ਨੇ 208 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ 10 ਜ਼ਿੰਦਾ ਕਾਰਤੂਸਾਂ ਸਮੇਤ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 5,110 ਹੋ ਗਈਆਂ। ਇਸ ਤੋਂ ਇਲਾਵਾ 121 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 284 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 7 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ 342ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 97 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.6 ਕਿਲੋ ਹੈਰੋਇਨ, 510 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 4 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 342 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਡਰੱਗ ਤਸਕਰਾਂ ਦੀ ਗਿਣਤੀ 47,954 ਹੋ ਗਈ ਹੈ। 'ਡੀ-ਅਡਿਕਸ਼ਨ' ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 24 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਰਾਜ਼ੀ ਕੀਤਾ ਹੈ।

# ਹਰਪਾਲ ਸਿੰਘ ਚੀਮਾ ਵੱਲੋਂ ਓ.ਟੀ.ਐਸ-2025 ਦੀ ਸਫਲਤਾ ਦੀ ਸ਼ਲਾਘਾ

**➢ ਪੰਜਾਬ ਨੇ 110 ਕਰੋੜ ਰੁਪਏ ਵਸੂਲੇ ਅਤੇ ਅੰਤਿਮ ਮਿਤੀ ਵਿੱਚ ਕੀਤਾ ਵਾਧਾ ➢ 38,477 ਕਰੋੜ ਰੁਪਏ ਦੀ ਛੋਟ ਨਾਲ ਪੰਜਾਬ ਦੇ ਕਰ ਵਿਭਾਗ ਵੱਲੋਂ ਕਰਦਾਤਾਵਾਂ ਨੂੰ ਦਿੱਤੀ ਗਈ ਬੇਮਿਸਾਲ ਰਾਹਤ**

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ 'ਯਕਮੁਸ਼ਤ ਨਿਬੇੜਾ ਸਕੀਮ, 2025'(ਓ.ਟੀ.ਐਸ-2025) ਦੀ ਵੱਡੀ ਸਫਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸਕੀਮ ਰਾਹੀਂ ਹੁਣ ਤੱਕ ਜਿੱਥੇ ਸੂਬਾ ਸਰਕਾਰ ਨੂੰ 110 ਕਰੋੜ ਰੁਪਏ ਪ੍ਰਾਪਤ ਹੋ ਚੁੱਕੇ ਹਨ ਉਥੇ ਸੂਬੇ ਦੇ ਵਪਾਰੀ ਵਰਗ ਨੂੰ ਵੱਡੀ ਵਿੱਤੀ ਰਾਹਤ ਮਿਲੀ ਹੈ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਪੰਜਾਬ ਦੇ ਵਿੱਤ ਅਤੇ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ 1 ਅਕਤੂਬਰ 2025 ਨੂੰ ਓ.ਟੀ.ਐਸ.-2025 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕਰ ਵਿਭਾਗ ਨੂੰ 7,654 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਸ ਦੇ ਨਤੀਜੇ ਵਜੋਂ 38,477 ਕਰੋੜ ਰੁਪਏ ਦੀ ਬੇਮਿਸਾਲ ਛੋਟ ਦਿੱਤੀ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਸਕੀਮ ਨੂੰ ਮਿਲਿਆ ਭਰਵਾਂ ਹੁੰਗਾਰਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਸ ਨੀਤੀ ਦੀ ਸਫਲਤਾ ਨੂੰ ਦਰਸਾਉਂਦਾ ਹੈ, ਜੋ ਲੰਬੀ ਮੁਕੱਦਮੇਬਾਜ਼ੀ ਨਾਲੋਂ ਸਵੈ-ਇੱਛੁਕ ਕਰਪਾਲਣਾ ਨੂੰ ਤਰਜੀਹ ਦਿੰਦੀ ਹੈ।



ਸਬੰਧਤ ਉਦਯੋਗਿਕ ਜਥੇਬੰਦੀਆਂ ਦੇ ਸੁਝਾਵਾਂ ਪ੍ਰਤੀ ਸਰਕਾਰ ਦੇ ਹੁੰਗਾਰੇ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਦੀ ਆਖਰੀ ਮਿਤੀ 31 ਦਸੰਬਰ 2025 ਤੋਂ ਵਧਾ ਕੇ 31 ਮਾਰਚ 2026 ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮਾਂ ਸੀਮਾਂ ਵਿੱਚ ਇਹ ਵਾਧਾ ਸਕੀਮ ਦੀ ਸਕਾਰਾਤਮਕ ਗਤੀ ਅਤੇ ਉਦਯੋਗਿਕ ਜਥੇਬੰਦੀਆਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਵਾਧੂ ਸਮਾਂ ਯੋਗ ਕਰਦਾਤਾਵਾਂ ਨੂੰ ਆਪਣੀਆਂ ਦੇਣਦਾਰੀਆਂ ਦਾ ਮੁਲਾਂਕਣ ਕਰਨ ਅਤੇ ਪਾਰਦਰਸ਼ੀ ਤੇ ਸਰਲ ਤਰੀਕੇ ਨਾਲ ਨਿਬੇੜਾ ਕਰਨ ਦਾ ਪੂਰਾ ਮੌਕਾ ਪ੍ਰਦਾਨ ਕਰੇਗਾ। ਕਾਰੋਬਾਰ ਕਰਨ ਦੀ ਸੌਖ ਅਤੇ ਵਪਾਰ ਪੱਖੀ ਕਰ ਮਾਹੌਲ ਸਿਰਜਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਓ.ਟੀ.ਐਸ.-2025 ਸਾਰੀਆਂ ਸ਼੍ਰੇਣੀਆਂ ਵਿੱਚ ਵਿਆਜ ਅਤੇ ਜੁਰਮਾਨੇ ਦੀ 100 ਫੀਸਦੀ ਛੋਟ ਦਿੰਦਿਆਂ ਕਾਰੋਬਾਰਾਂ ਦੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਸਕੀਮ ਮੂਲ ਟੈਕਸ ਵਿੱਚ ਵੀ ਸਲੈਬ ਅਨੁਸਾਰ ਵੱਡੀ ਛੋਟ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ 1 ਕਰੋੜ ਰੁਪਏ ਤੱਕ ਦੇ ਬਕਾਏ ਲਈ 50 ਫੀਸਦੀ ਛੋਟ, 1 ਕਰੋੜ ਤੋਂ 25 ਕਰੋੜ ਰੁਪਏ ਤੱਕ ਦੇ ਬਕਾਏ ਲਈ 25 ਫੀਸਦੀ ਛੋਟ, ਅਤੇ 25 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਲਈ 10 ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜਨਰਲ ਸੇਲਜ਼ ਟੈਕਸ ਐਕਟ 1948 ਦੀ ਧਾਰਾ 14-ਬੀ ਅਤੇ ਪੰਜਾਬ ਵੈਟ ਐਕਟ 2005 ਦੀ ਧਾਰਾ 51 ਤਹਿਤ ਵੀ ਇਸੇ ਤਰ੍ਹਾਂ ਦੀ ਰਾਹਤ ਮੁਹੱਈਆ ਕੀਤੀ ਗਈ ਹੈ।

# ਪੰਜਾਬ ਸਰਕਾਰ ਵਲੋਂ ਪੰਜਾਬ ਕੇਸਰੀ ਸਮੂਹ ਤਥਾ ਮੀਡੀਆ ਦੀ ਅਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਬੰਦ ਕਰੇ : ਪ੍ਰੋ. ਬਡੂੰਗਰ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ, ਵਲੋਂ ਪੰਜਾਬ ਕੇਸਰੀ ਸਮੂਹ ਤਥਾ ਮੀਡੀਆ ਦੀ ਅਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ ਤੇ ਅਦਾਲਤ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਲੋਕਤੰਤਰ ਦਾ ਅਤੀ ਮਹੱਤਵਪੂਰਨ ਅੰਗ ਹੁੰਦਾ ਹੈ ਤੇ ਨਿਸਚੇ ਹੀ ਮੀਡੀਆ ਲੋਕਾਂ ਦੀ ਅਵਾਜ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਸ ਦੇਸ ਵਿਚ ਜਿਤਨਾ ਮੀਡੀਆ ਸੁਤੰਤਰ (ਅਜ਼ਾਦ) ਹੋਵੇਗਾ ਉਸ ਦੇਸ ਨੂੰ ਉਤਨਾ ਹੀ ਵਿਕਸਿਤ ਅਤੇ ਸਭਿਅਕ ਦੇਸ ਜਾਣਿਆ ਜਾਂਦਾ ਹੈ। ਉਨ੍ਹਾਂ ਪੰਜਾਬ ਸਰਕਾਰ, ਤੇ ਨਿਸ਼ਾਨਾ ਸਾਧਦਿਆ ਕਿਹਾ ਕਿ ਪੰਜਾਬ ਕੇਸਰੀ ਸਮੂਹ ਤਥਾ ਮੀਡੀਆ ਦੀ ਅਵਾਜ਼ ਨੂੰ ਦਬਾਉਣ ਦੀ ਥਾਂ ਅਦਾਲਤ ਦੇ ਹੁਕਮ ਦੀ ਪਾਲਣਾ ਕਰੇ। ਉਨ੍ਹਾਂ ਕਿਹਾ ਕਿ ਦਮਨਕਾਰੀ ਨੀਤੀ ਤਾਂ 1975 ਈ. ਵਿਚ ਤੱਤਕਾਲੀ ਕਾਂਗਰਸ ਸਰਕਾਰ ਵੱਲੋਂ ਲਗਾਈ ਐਮਰਜੇਂਸੀ ਦੀ ਯਾਦ ਨੂੰ ਤਾਜਾ ਕਰਾਉਂਦਾ ਹੈ ਤੇ ਹੁਣ ਵੀ ਮੌਜੂਦਾ ਸਰਕਾਰ ਨੂੰ ਅਜਿਹੇ ਲੋਕ ਵਿਰੋਧੀ ਵਰਤਾਰੇ ਤੋਂ ਗੁਰੇਜ ਹੀ ਕਰਨਾ ਚਾਹੀਦਾ ਹੈ।

# ਜ਼ਿਲ੍ਹਾ ਮੈਜਿਸਟ੍ਰੇਟ ਨੇ ਪ੍ਰੈਗਾਬਲਿਨ 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਲਗਾਈ ਪਾਬੰਦੀ

**ਮਾਨਸਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਪ੍ਰੈਗਾਬਲਿਨ 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਕਿਹਾ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸਿਵਲ ਸਰਜਨ ਮਾਨਸਾ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਪ੍ਰੈਗਾਬਲਿਨ 300 ਐਮ.ਜੀ. ਕੈਪਸੂਲ ਦੀ ਆਮ ਲੋਕਾਂ ਵੱਲੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ ਅਤੇ ਕਈ ਲੋਕਾਂ ਵੱਲੋਂ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ (ਸਿਗਨੇਚਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ)। ਉਨ੍ਹਾਂ ਵੱਲੋਂ ਜ਼ਿਲ੍ਹਾ ਮਾਨਸਾ ਵਿੱਚ ਇਸ ਦੀ ਵਿਕਰੀ 'ਤੇ ਬੈਨ ਲਗਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਆਮ ਤੌਰ 'ਤੇ ਮਰੀਜ਼ ਨੂੰ ਉਸ ਦੀ ਕਲੀਨਿਕਲ ਕੰਡੀਸ਼ਨ ਦੇ ਅਧਾਰ 'ਤੇ ਪ੍ਰੈਗਾਬਲਿਨ ਦੀ ਡੋਜ਼ 25-150 ਐਮ.ਜੀ./ ਰੋਜ਼ਾਨਾ ਪ੍ਰੀਸਕਰਾਇਬ ਕੀਤੀ ਜਾ ਸਕਦੀ ਹੈ।

ਇਹ ਹੁਕਮ 31 ਜਨਵਰੀ 2026 ਤੱਕ ਲਾਗੂ ਰਹੇਗਾ।

# ਪਟਿਆਲਾ ਮਿੰਨੀ ਸਕੱਤਰੇਤ ਵਿੱਚ ਡੀ ਸੀ ਦਫ਼ਤਰ ਕਰਮਚਾਰੀਆਂ ਵੱਲੋਂ ਸਰਕਾਰ ਵਿਰੋਧੀ ਰੋਸ ਪ੍ਰਦਰਸ਼ਨ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮਿੰਨੀ ਸਕੱਤਰੇਤ ਵਿਖੇ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਦੇ ਕਰਮਚਾਰੀਆਂ ਵੱਲੋਂ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਡੀ ਸੀ ਦਫ਼ਤਰ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ ਅਤੇ ਜਨਰਲ ਸਕੱਤਰ ਨਿਸ਼ਾਂਤ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ।




ਰੋਸ ਪ੍ਰਦਰਸ਼ਨ ਦੌਰਾਨ ਕਰਮਚਾਰੀਆਂ ਨੇ ਸਰਕਾਰ ਖ਼ਿਲਾਫ਼ ਤਿੱਖੀ ਨਾਰੇਬਾਜ਼ੀ ਕਰਦੇ ਹੋਏ ਆਪਣੀਆਂ ਮੰਗਾਂ ਨੂੰ ਤੁਰੰਤ ਮਨਜ਼ੂਰ ਕਰਨ ਦੀ ਮੰਗ ਕੀਤੀ। ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਰਮਚਾਰੀਆਂ ਦੇ ਮਸਲਿਆਂ ਨੂੰ ਲੰਮੇ ਸਮੇਂ ਤੋਂ ਅਣਡਿੱਠਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਹੈ। ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਜਲਦ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਡੀ ਸੀ ਦਫ਼ਤਰ ਦੇ ਕਰਮਚਾਰੀ ਹਾਜ਼ਰ ਸਨ।

ਇਸ ਮੌਕੇ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ, ਜਨਰਲ ਸਕੱਤਰ ਨਿਸ਼ਾਂਤ ਕੁਮਾਰ, ਸ੍ਰੀ ਰਘੁਵੀਰ, ਹਰਜੀਤ ਸਿੰਘ, ਰੁਪਿੰਦਰ ਸਿੰਘ, ਕਾਕਾ ਸਿੰਘ, ਸੁਰਿੰਦਰ ਸਿੰਘ, ਸੁਨੀਤਾ ਰਾਣੀ, ਸ਼ਬਨਮ, ਤੇਜਿੰਦਰ ਸਿੰਘ, ਪ੍ਰੈਸ ਸਕੱਤਰ ਗੁਰਪ੍ਰਤਾਪ ਸਿੰਘ, ਮੁਕੇਸ਼ ਕੁਮਾਰ ਅਤੇ ਹੋਰ ਸਾਥੀ ਹਜ਼ਾਰ ਸਨ।

# ਦਰਸ਼ਨ ਸਿੰਘ ਬਣੇ ਡੀ.ਸੀ. ਦਫਤਰ ਕਰਮਚਾਰੀ ਯੂਨੀਅਨ, ਜ਼ਿਲ੍ਹਾ ਪਟਿਆਲਾ ਦੇ ਨਵੇਂ ਪ੍ਰਧਾਨ; ਡਿਪਟੀ ਕਮਿਸ਼ਨਰ ਨਾਲ ਕੀਤੀ ਮੁਲਾਕਾਤ




**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮਿਨੀ ਸਕੱਤਰੇਤ ਵਿਖੇ ਸਥਿਤ ਡੀ.ਸੀ ਦਫਤਰ ਪਟਿਆਲਾ ਦੇ ਸਮੂਹ ਕਰਮਚਾਰੀਆਂ ਵੱਲੋਂ ਸਰਬ-ਸਹਿਮਤੀ ਨਾਲ ਦਰਸ਼ਨ ਸਿੰਘ ਨੂੰ ਡੀ.ਸੀ. ਦਫਤਰ ਕਰਮਚਾਰੀ ਯੂਨੀਅਨ, ਜ਼ਿਲ੍ਹਾ ਪਟਿਆਲਾ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਸਮੂਹ ਸਾਥੀਆਂ ਨੇ ਦਰਸ਼ਨ ਸਿੰਘ ਨੂੰ ਪ੍ਰਧਾਨ ਅਤੇ ਨਿਸ਼ਾਂਤ ਕੁਮਾਰ ਨੂੰ ਜਨਰਲ ਸਕੱਤਰ ਬਣਨ ਉਤੇ ਵਧਾਈ ਦਿੱਤੀ। ਇਸ ਮੌਕੇ ਸ੍ਰੀ ਰਘੁਵੀਰ, ਹਰਜੀਤ ਸਿੰਘ, ਰੁਪਿੰਦਰ ਸਿੰਘ, ਕਾਕਾ ਸਿੰਘ, ਸੁਰਿੰਦਰ ਸਿੰਘ, ਸੁਨੀਤਾ ਰਾਣੀ, ਤੇਜਿੰਦਰ ਸਿੰਘ, ਪ੍ਰੈਸ ਸਕੱਤਰ ਗੁਰਪ੍ਰਤਾਪ ਸਿੰਘ, ਮੁਕੇਸ਼ ਕੁਮਾਰ ਅਤੇ ਹੋਰਾਂ ਨੇ ਨਵੀਂ ਟੀਮ ਨੂੰ ਇਕਜੁੱਟ ਰਹਿ ਕੇ ਯੂਨੀਅਨ ਲਈ ਤਰੱਕੀ ਅਤੇ ਲੋਕਾਂ ਦੀ ਸੇਵਾ ਕਰਨ ਦਾ ਭਰੋਸਾ ਦਿੱਤਾ। ਇਸ ਉਪਰੰਤ ਨਵੇਂ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ, ਜਨਰਲ ਸਕੱਤਰ ਨਿਸ਼ਾਂਤ ਕੁਮਾਰ ਅਤੇ ਦਫ਼ਤਰ ਦੇ ਕਰਮਚਾਰੀ ਸਾਥੀਆਂ ਸ੍ਰੀ ਰਘੁਵੀਰ, ਹਰਜੀਤ ਸਿੰਘ ਵੱਲੋਂ ਮਾਣਯੋਗ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਮੁਲਾਕਾਤ ਕਰਦੇ ਹੋਏ ਸਹਿਯੋਗ ਤੇ ਮਾਰਗਦਰਸ਼ਨ ਲਈ ਸਹਿਮਤੀ ਦਿੱਤੀ ਗਈ। ਡਿਪਟੀ ਕਮਿਸ਼ਨਰ ਸ੍ਰੀ ਵਾਰਜੀਤ ਸਿੰਘ ਵਾਲੀਆ ਨੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਪਟਿਆਲਾ ਇੰਡਸਟ੍ਰੀਅਲ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਦਾ ਸਨਮਾਨ, ਉਦਯੋਗ ਅਤੇ ਪ੍ਰਸ਼ਾਸਨ ਵਿਚ ਸਹਿਯੋਗ ਦਾ ਭਰੋਸਾ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਇੰਡਸਟ੍ਰੀਅਲ ਐਸੋਸੀਏਸ਼ਨ (PIA) ਵੱਲੋਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ PIA ਦੇ ਕਈ ਪ੍ਰਮੁੱਖ ਮੈਂਬਰ ਹਾਜ਼ਰ ਰਹੇ। PIA ਦੇ ਪ੍ਰਧਾਨ ਸ੍ਰੀ ਜੇ ਨਾਰਾਇਣ ਗੋਇਲ, ਸਕੱਤਰ ਸ੍ਰੀ ਸੁਨੀਲ ਸੂਦ ਅਤੇ ਵਿੱਤ ਸਕੱਤਰ ਸ੍ਰੀ ਰਾਕੇਸ਼ ਗੋਇਲ ਸਮੇਤ ਪ੍ਰਮੁੱਖ ਮੈਂਬਰਾਂ ਸ੍ਰੀ ਸੰਜੇ ਸਿੰਗਲਾ, ਸ੍ਰੀ ਯਸ਼ ਮੋਹਿੰਦਰ, ਸ੍ਰੀ ਰਾਜੀਵ ਗਰਗ ਅਤੇ ਸ੍ਰੀ ਸੁਭਾਸ਼ ਗੁਪਤਾ ਵੀ ਮੌਜੂਦ ਰਹੇ। ਇਸ ਮੌਕੇ PIA ਨੇ ਮਾਣਯੋਗ ਡਿਪਟੀ ਕਮਿਸ਼ਨਰ ਨੂੰ ਸ਼ਹਿਰ ਦੇ ਵਿਕਾਸ ਅਤੇ ਉਦਯੋਗਾਂ ਦੀ ਭਲਾਈ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਐਸੋਸੀਏਸ਼ਨ ਨੇ ਕਿਹਾ ਕਿ ਉਦਯੋਗ ਅਤੇ ਪ੍ਰਸ਼ਾਸਨ ਦੇ ਆਪਸੀ ਤਾਲਮੇਲ ਨਾਲ ਪਟਿਆਲਾ ਨੂੰ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਉੱਥੇ ਹੀ ਡਿਪਟੀ ਕਮਿਸ਼ਨਰ ਨੇ ਵੀ ਉਦਯੋਗ ਜਗਤ ਨੂੰ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਉਦਯੋਗਿਕ ਵਿਕਾਸ ਨਾਲ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸ਼ਹਿਰ ਦੀ ਤਰੱਕੀ ਨੂੰ ਨਵੀਂ ਦਿਸ਼ਾ ਮਿਲੇਗੀ।

# ਚੋਰਾਂ ਦੇ ਹੌਸਲੇ ਬੁਲੰਦ, ਪਰਿਵਾਰ ਗਿਆ ਸੀ ਘਰੋਂ ਬਾਹਰ ਚੋਰਾਂ ਨੇ ਲੱਖਾਂ ਦੇ ਗਹਿਣਿਆਂ ਤੇ ਕੀਤਾ ਹੱਥ ਸਾਫ਼

**ਮਾਛੀਵਾੜਾ ਸਾਹਿਬ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਪਿੰਡ ਰਹੀਮਾਬਾਦ ਖੁਰਦ ਵਿੱਚ ਰਹਿੰਦੇ ਇੱਕ ਪਰਿਵਾਰ ਦੇ ਘਰ ਲੱਖਾਂ ਦਾ ਸੋਨਾ ਅਤੇ ਨਕਦੀ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰ ਦੇ ਮੈਂਬਰ ਜੋਗਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਪਰਿਵਾਰ ਅਤੇ ਭਰਾ ਸੁਰਿੰਦਰ ਸਿੰਘ ਦੇ ਪਰਿਵਾਰ ਸਮੇਤ ਸ਼ਹਿਰ ਮਾਛੀਵਾੜਾ ਵਿੱਚ ਕੱਲ ਸ਼ਾਮ ਕਰੀਬ 7:30 ਵਜੇ ਆਏ ਸਨ। ਜਦੋਂ ਉਹ ਕਰੀਬ 10:30 ਵਜੇ ਘਰ ਵਾਪਸ ਪਹੁੰਚੇ। ਉਹਨਾਂ ਨੇ ਜਦੋਂ ਆਪਣਾ ਮੇਨ ਗੇਟ ਖੋਲਿਆ ਤਾਂ ਘਰ ਅੰਦਰ ਜਾ ਕੇ ਦੇਖਿਆ ਤਾਂ ਦਰਵਾਜ਼ੇ ਦਾ ਲੌਕ ਟੁੱਟਿਆ ਹੋਇਆ ਸੀ। ਜਦੋਂ ਉਨ੍ਹਾਂ ਨੇ ਆਪਣੇ ਕਮਰੇ ਅੰਦਰ ਜਾ ਕੇ ਦੇਖਿਆ ਤਾਂ ਅਲਮਾਰੀ ਦਾ ਸਾਰਾ ਸਮਾਨ ਖਿਲਰਿਆ ਪਿਆ ਸੀ। ਜਿਸ ਵਿੱਚੋਂ ਕਰੀਬ 10 ਤੋਂ 11 ਤੋਲੇ ਸੋਨਾ



ਜਿਸ ਵਿੱਚ ਨੈਕਲਸ , ਦੋ ਚੂੜੀਆਂ, ਇੱਕ ਕੜਾ, ਦੋ ਮੁੰਦੀਆਂ ਗਾਇਬ ਸਨ। ਇਸੇ ਤਰ੍ਹਾਂ ਜਦੋਂ ਮੇਰੇ ਭਰਾ ਸੁਰਿੰਦਰ ਸਿੰਘ ਨੇ ਆਪਣੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਉਹਨਾਂ ਦਾ ਟਰੰਕ ਵੀ ਖੁੱਲ੍ਹਾ ਦਿਖਾਈ ਦਿੱਤਾ ਅਤੇ ਅਲਮਾਰੀ ਵਿੱਚੋਂ ਕਰੀਬ 20 ਤੋਲੇ ਸੋਨਾ ਗਾਇਬ ਸੀ। ਜਿਸ ਵਿੱਚ ਦੋ ਸੈਟ ਹਾਰ, ਤਿੰਨ ਚੈਨੀਆਂ, ਨੌ ਜੋੜੀਆਂ ਅਤੇ ਲੇਡੀਜ਼ ਮੁੰਦੀਆਂ, ਇੱਕ ਸੋਨੇ ਦਾ ਕੜਾ ਗਾਇਬ ਸੀ। ਇਸ ਤੋਂ ਇਲਾਵਾ ਤੋਂ ਕਰੀਬ 30 ਹਜਾਰ ਦੀ ਨਗਦੀ ਵੀ ਚੋਰੀ ਹੋ ਚੁੱਕੀ ਸੀ। ਇਸ ਬਾਰੇ ਉਹਨਾਂ ਨੇ ਸਥਾਨਕ ਥਾਣਾ ਮਾਛੀਵਾੜਾ ਸਾਹਿਬ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ। ਇਸ ਸਬੰਧੀ ਜਦੋਂ ਖਾਣਾ ਮੁਖੀ ਪਵਿੱਤਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਕੋਲ ਇਹ ਸ਼ਿਕਾਇਤ ਜਰੂਰ ਆਈ ਤੇ ਉਹ ਹਰ ਪਹਿਲੂ ਤੋਂ ਇਸ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ ਅਤੇ ਜਲਦੀ ਇਹ ਚੋਰੀ ਦਾ ਮਾਮਲਾ ਹੱਲ ਕਰ ਲਿਆ ਜਾਵੇਗਾ। ਮੁਢਲੀ ਜਾਂਚ ਵਿੱਚ ਜੋ ਦੇਖਣ ਨੂੰ ਆਇਆ ਹੈ ਕਿ ਅਲਮਾਰੀ ਵਿੱਚ ਨਕਦੀ ਉਸੇ ਤਰ੍ਹਾਂ ਹੀ ਇੱਕ ਲਿਫਾਫੇ ਵਿੱਚ ਪਈ ਹੈ ਜੋ ਕਿ ਸਾਫ ਦਿਖਾਈ ਦੇ ਰਹੀ ਹੈ। ਜਦ ਕਿ ਉਸੇ ਅਲਮਾਰੀ ਦੇ ਲੌਕਰ ਵਿੱਚੋਂ ਚੋਰ ਨੇ ਲਾਕਰ ਵਿਚੋਂ ਸੋਨਾ ਹੀ ਕਿਉਂ ਚੁੱਕਿਆ ਅਤੇ ਉਸ ਨਗਦੀ ਨੂੰ ਹੱਥ ਤੱਕ ਨਹੀਂ ਲਗਾਇਆ। ਜੋ ਕਿ ਇਹ ਇੱਕ ਜਾਂਚ ਦਾ ਵਿਸ਼ਾ ਬਣ ਸਕਦਾ ਹੈ।

*ਜੰਗਲਾਂ ਦੀ ਸੁਰੱਖਿਆ ਨਾਲ ਜੁੜਿਆ ਫਾਰੈਸਟ ਮੈਨੇਜਮੈਂਟ ਦਾ ਖੇਤਰ, ਜੰਗਲਾਂ ਦੀ ਸੰਭਾਲ ਤੇ ਉਨ੍ਹਾਂ ਦੇ ਵਿਸਥਾਰ ਨਾਲ ਸਬੰਧਤ ਮੁੱਦਿਆਂ 'ਚ ਰੁਚੀ ਰੱਖਣ ਵਾਲੇ ਨੌਜਵਾਨਾਂ ਲਈ ਬਿਹਤਰੀਨ ਕਰੀਅਰ ਬਦਲ ਬਣ ਚੁੱਕਾ ਹੈ। ਦਿਨ-ਬ-ਦਿਨ ਜੰਗਲਾਂ ਅਧੀਨ ਘਟ ਰਹੇ ਰਕਬੇ ਕਾਰਨ ਜੰਗਲਾਤ ਪ੍ਰਬੰਧਨ 'ਚ ਮੁਹਾਰਤ ਰੱਖਣ ਵਾਲੇ ਪੇਸ਼ੇਵਰਾਂ ਦੀ ਮੰਗ ਵਧਦੀ ਜਾ ਰਹੀ ਹੈ। ਜੇ ਤੁਸੀਂ ਵੀ ਜੰਗਲਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ 'ਚ ਦਿਲਚਸਪੀ ਰੱਖਦੇ ਹੋ ਤਾਂ ਇਸ ਖੇਤਰ 'ਚ ਸ਼ਾਮਲ ਹੋ ਕੇ ਸਰਕਾਰੀ ਤੇ ਨਿੱਜੀ ਦੋਵਾਂ ਖੇਤਰਾਂ 'ਚ ਆਪਣਾ ਕਰੀਅਰ ਤਲਾਸ਼ ਸਕਦੇ ਹੋ...*







# ਸਦਾਬਹਾਰ ਕਰੀਅਰ ਫਾਰੈਸਟ ਮੈਨੇਜਮੈਂਟ

ਫਾਰੈਸਟਰੀ ਜਾਂ ਜਗਲਾਤ ਨਾਲ ਸਬੰਧਤ ਵਿਸ਼ਿਆਂ ਦਾ ਅਧਿਐਨ ਬੇਹੱਦ ਮਹੱਤਵਪੂਰਨ ਅਤੇ ਰੋਚਕ ਹੈ। ਜੰਗਲ ਕਿਸੇ ਵੀ ਦੇਸ਼ ਦੇ ਕੁਦਰਤੀ ਵਸੀਲਿਆਂ ਦਾ ਅਹਿਮ ਹਿੱਸਾ ਹੁੰਦੇ ਹਨ। ਸੈਂਕੜੇ ਸਾਲਾਂ ਤੋਂ ਜੜੀਆਂ-ਬੂਟੀਆਂ, ਦਵਾਈਆਂ ਵਾਲੇ ਬੂਟਿਆਂ ਤੇ ਰੁੱਖਾਂ ਤੋਂ ਇਲਾਵਾ ਖਾਣ-ਪੀਣ ਵਾਲੇ ਪਦਾਰਥਾਂ ਦਾ ਮੁੱਖ ਸੋਮਾ ਰਹੇ ਜੰਗਲਾਂ ਤੋਂ ਸਾਨੂੰ ਕਈ ਲਾਭਦਾਇਕ ਤੱਤ ਪ੍ਰਾਪਤ ਹੁੰਦੇ ਹਨ। ਇਥੋਂ ਤਕ ਕਿ ਸਮੇਂ ਦੇ ਨਾਲ-ਨਾਲ ਰੁੱਖਾਂ ਉੱਪਰ ਮਨੁੱਖ ਦੀ ਨਿਰਭਰਤਾ ਇਸ ਕਦਰ ਵਧ ਗਈ ਹੈ ਕਿ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖ ਨੇ ਕੁਦਰਤੀ ਵਸੀਲਿਆਂ ਦੀ ਬੇਲੋੜੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਕੁਦਰਤ 'ਚ ਪੈਦਾ ਹੋਏ ਇਸ ਅਸਾਵੇਂਪਨ ਨੇ ਅੱਜ ਸਾਨੂੰ ਚਿਤਾਵਨੀ ਦੇ ਦਿੱਤੀ ਹੈ ਕਿ ਜੰਗਲਾਂ ਦੀ ਸੰਭਾਲ ਤੋਂ ਬਿਨਾਂ ਧਰਤੀ ਉੱਪਰ ਮਨੁੱਖੀ ਜੀਵਨ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੈ। ਅੱਜ ਜੰਗਲਾਤ ਪ੍ਰਬੰਧਨ ਯਾਨੀ ਫਾਰੈਸਟ ਮੈਨੇਜਮੈਂਟ ਇਕ ਬਿਹਤਰੀਨ ਕਰੀਅਰ ਖੇਤਰ ਦਾ ਰੂਪ ਧਾਰ ਚੁੱਕਾ ਹੈ। ਜੰਗਲਾਂ ਦੀ ਸੁਰੱਖਿਆ ਅਤੇ ਇਨ੍ਹਾਂ ਦੇ ਵਿਸਥਾਰ ਲਈ ਅੱਜ ਫਾਰੈਸਟਰੀ ਮੈਨੇਜਮੈਂਟ ਐਕਸਪਰਟ ਅਤੇ ਫਾਰੈਸਟ ਅਫਸਰ ਵਰਗੇ ਪ੍ਰੋਫੈਸ਼ਨਲਜ਼ ਦੀ ਮੰਗ ਵਧਦੀ ਜਾ ਰਹੀ ਹੈ। ਜੇ ਤੁਸੀਂ ਵੀ ਜੰਗਲਾਤ ਸੁਰੱਖਿਆ ਨਾਲ ਸਬੰਧਤ ਮੁੱਦਿਆਂ 'ਚ ਰੁਚੀ ਰੱਖਦੇ ਹੋ ਤਾਂ ਇਸ ਖੇਤਰ ਨੂੰ ਕਰੀਅਰ ਬਦਲ ਦੇ ਤੌਰ 'ਤੇ ਅਪਣਾ ਸਕਦੇ ਹੋ।

### ਕੌਣ ਹੋ ਸਕਦਾ ਹੈ ਸ਼ਾਮਲ?

ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਨਾਲ ਬਾਰ੍ਹਵੀਂ ਪਾਸ ਕਰਨ ਵਾਲੇ ਵਿਦਿਆਰਥੀ ਫਾਰੈਸਟਰੀ ਦੇ ਬੀਐੱਸਸੀ ਕੋਰਸ ਵਿਚ ਦਾਖ਼ਲਾ ਲੈ ਸਕਦੇ ਹਨ। ਬੀਐੱਸਸੀ ਤੋਂ ਬਾਅਦ ਐੱਮਐੱਸਸੀ ਵਿਚ ਆਸਾਨੀ ਨਾਲ ਦਾਖ਼ਲਾ ਮਿਲ ਜਾਂਦਾ ਹੈ। ਮਾਸਟਰ ਡਿਗਰੀ ਤੋਂ ਬਾਅਦ ਵਿਦਿਆਰਥੀ ਚਾਹੇ ਤਾਂ ਐੱਮਫਿਲ ਜਾਂ ਪੀਐੱਚਡੀ ਕਰ ਸਕਦੇ ਹਨ। ਕਈ ਅਜਿਹੀਆਂ ਸੰਸਥਾਵਾਂ ਹਨ, ਜੋ ਪੀਜੀ ਡਿਪਲੋਮਾ ਇਨ ਫਾਰੈਸਟ ਮੈਨੇਜਮੈਂਟ ਦਾ ਕੋਰਸ ਕਰਵਾਉਂਦੀਆਂ ਹਨ। ਫਾਰੈਸਟਰੀ 'ਚ ਬੈਚਲਰ ਡਿਗਰੀ ਕਰਨ ਤੋਂ ਬਾਅਦ ਤੁਸੀਂ ਯੂਪੀਐੱਸਸੀ ਵੱਲੋਂ ਲਏ ਜਾਣ ਵਾਲੇ ਇੰਡੀਅਨ ਫਾਰੈਸਟ ਸਰਵਿਸਿਜ਼ ਐਗਜ਼ਾਮ ਵਿਚ ਸ਼ਾਮਲ ਹੋ ਕੇ ਬਤੌਰ ਜੰਗਲਾਤ ਅਫਸਰ ਬਿਹਤਰੀਨ ਕਰੀਅਰ ਬਣਾ ਸਕਦੇ ਹੋ।

### ਚੁਣੌਤੀਆਂ ਭਰਿਆ ਖੇਤਰ

ਜੰਗਲਾਂ ਦੀ ਹਰਿਆਲੀ ਦੇ ਦਰਮਿਆਨ ਕਰੀਅਰ ਦੀਆਂ ਸੰਭਾਵਨਾਵਾਂ ਤਲਾਸ਼ਣਾ ਕਾਫੀ ਆਸਾਨ ਲਗਦਾ ਹੈ ਪਰ ਇਸ ਖੇਤਰ ਵਿਚ ਬਹੁਤ ਤਰ੍ਹਾਂ ਦੀਆਂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਪੇਸ਼ੇਵਰਾਂ ਉੱਪਰ ਜੰਗਲਾਂ ਦੀ ਸੁਰੱਖਿਆ ਦੇ ਨਾਲ-ਨਾਲ ਪਲਾਂਟੇਸ਼ਨ ਦੀ ਵੀ ਜ਼ਿੰਮੇਵਾਰੀ ਹੁੰਦੀ ਹੈ, ਜਿਸ ਵਿਚ ਫੀਲਡ ਸਾਈਟ ਤੋਂ ਡਾਟਾ ਇਕੱਠਾ ਕਰਨਾ, ਊਬੜ-ਖਾਬੜ ਅਤੇ ਮੁਸ਼ਕਿਲ ਰਸਤਿਆਂ 'ਤੇ ਚੜ੍ਹਾਈ ਜਾਂ ਡਰਾਈਵਿੰਗ ਕਰਨਾ, ਜੰਗਲੀ ਜੀਵ ਮਾਹਿਰਾਂ ਨੂੰ ਮਿਲਣਾ, ਸਾਇੰਟਿਫਿਕ ਪੇਪਰ, ਟੈਕਨੀਕਲ ਰਿਪੋਰਟ ਜਾਂ ਪਾਪੂਲਰ ਆਰਟੀਕਲਜ਼ ਦਾ ਕੰਮ ਕਰਨਾ, ਵਿੱਤੀ ਸਹਾਇਤਾ ਲਈ ਲਿਖਣਾ ਅਤੇ ਨੀਤੀ ਘਾੜਿਆਂ ਨਾਲ ਮੁਲਾਕਾਂਤਾ ਕਰਨਾ ਆਦਿ ਸ਼ਾਮਲ ਹੈ।

### ਕੁਝ ਖ਼ਾਸ ਗੁਣਾਂ ਦਾ ਹੋਣਾ ਲਾਜ਼ਮੀ

ਫਾਰੈਸਟ ਮੈਨੇਜਮੈਂਟ ਦੇ ਖੇਤਰ 'ਚ ਆਉਣ ਵਾਲੇ ਪੇਸ਼ੇਵਰਾਂ ਵਿਚ ਵਿੱਦਿਅਕ ਪ੍ਰਾਪਤੀਆਂ ਦੇ ਨਾਲ-ਨਾਲ ਕੁਝ ਖ਼ਾਸ ਗੁਣਾਂ ਦਾ ਹੋਣਾ ਵੀ ਬੇਹੱਦ ਲਾਜ਼ਮੀ ਹੈ। ਇਨ੍ਹਾਂ ਪੇਸ਼ੇਵਰਾਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਹੋਣ ਦੇ ਨਾਲ-ਨਾਲ ਕੁਦਰਤ ਨਾਲ ਪ੍ਰੇਮ ਕਰਨਾ ਵੀ ਆਉਂਦਾ ਹੋਣਾ ਚਾਹੀਦਾ ਹੈ। ਉਨ੍ਹਾਂ ਅੰਦਰ ਧੀਰਜ, ਦਲੇਰੀ, ਜਨ ਸੰਪਰਕ ਦੀ ਸਮਰਥਾ, ਫ਼ੈਸਲੇ ਲੈਣ ਦੀ ਸਮਰਥਾ, ਲੰਬੇ ਸਮੇਂ ਤਕ ਕੰਮ ਕਰਨ ਦੀ ਸਮਰਥਾ, ਕੰਪਿਊਟਰ 'ਤੇ ਕੰਮ ਕਰਨ ਦੀ ਜਾਣਕਾਰੀ ਦਾ ਹੋਣਾ ਬੇਹੱਦ ਲਾਜ਼ਮੀ ਹੈ।

### ਕਰੀਅਰ ਦੀਆਂ ਸੰਭਾਵਨਾਵਾਂ

ਫਾਰੈਸਟ ਮੈਨੇਜਮੈਂਟ ਦੀ ਸਿੱਖਿਆ ਹਾਸਲ ਕਰਨ ਵਾਲੇ ਨੌਜਵਾਨਾਂ ਲਈ ਸਰਕਾਰੀ ਅਤੇ ਪ੍ਰਾਈਵੇਟ, ਦੋਵਾਂ ਖੇਤਰਾਂ ਵਿਚ ਰੁਜ਼ਗਾਰ ਦੀਆਂ ਚੰਗੀਆਂ ਸੰਭਾਵਨਾਵਾਂ ਹਨ। ਇਸ ਤੋਂ ਇਲਾਵਾ ਕਿਸੇ ਐੱਨਜੀਓ ਨਾਲ ਮਿਲ ਕੇ ਵੀ ਕੰਮ ਕੀਤਾ ਜਾ ਸਕਦਾ ਹੈ। ਇਹ ਨੌਜਵਾਨ ਵਾਈਲਡ ਲਾਈਫ ਰੇਂਜ ਮੈਨੇਜਰ, ਵਾਈਲਡ ਲਾਈਫ ਰਿਫਿਊਜ ਮੈਨੇਜਰ, ਰਿਸਰਚਰ, ਫੋਟੋਗ੍ਰਾਫਰ, ਵਾਈਲਡ ਲਾਈਫ ਜਰਨਲਿਸਟ ਅਤੇ ਅਧਿਆਪਨ ਦੇ ਖੇਤਰ 'ਚ ਆਪਣਾ ਕਰੀਅਰ ਬਣਾ ਸਕਦੇ ਹਨ।

### ਫਾਰੈਸਟਰ

ਇਕ ਸਫ਼ਲ ਫਾਰੈਸਟਰ ਦਾ ਕੰਮ ਜੰਗਲ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਲੈਂਡ ਸਕੇਪ ਮੈਨੇਜਮੈਂਟ, ਜੰਗਲ ਅਤੇ ਕੁਦਰਤ ਨਾਲ ਸਬੰਧਤ ਅਧਿਐਨ ਤੇ ਰਿਪੋਰਟ ਤਿਆਰ ਕਰਨਾ ਹੁੰਦਾ ਹੈ। ਇਸ ਲਈ ਜ਼ਰੂਰੀ ਯੋਗਤਾ ਗ੍ਰੈਜੂਏਸ਼ਨ ਹੈ। ਇਨ੍ਹਾਂ ਪੇਸ਼ੇਵਰਾਂ ਦਾ ਕੰਮ ਦੁਰਲੱਭ ਬੂਟਿਆਂ ਦੀ ਖੇਤੀ ਅਤੇ ਉਨ੍ਹਾਂ ਦੀ ਪੈਦਾਵਾਰ 'ਚ ਵਾਧਾ ਕਰਨਾ ਵੀ ਹੁੰਦਾ ਹੈ।

### ਵਾਈਲਡ ਲਾਈਫ ਜਰਨਲਿਜ਼ਮ

ਵਾਈਲਡ ਲਾਈਫ ਜਰਨਲਿਜ਼ਮ 'ਚ ਵੀ ਨੌਜਵਾਨਾਂ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਨ੍ਹਾਂ ਦਾ ਕੰਮ ਜੰਗਲੀ ਜਾਨਵਰਾਂ ਨਾਲ ਸਬੰਧਤ ਤਮਾਮ ਜਾਣਕਾਰੀਆਂ ਨੂੰ ਲੋਕਾਂ ਤਕ ਪਹੁੰਚਾਉਣਾ ਹੁੰਦਾ ਹੈ। ਵਾਈਲਡ ਲਾਈਫ ਫੋਟੋਗ੍ਰਾਫੀ, ਡਾਕੂਮੈਂਟਰੀ ਆਦਿ ਬਣਾਉਣ ਦਾ ਰੋਮਾਂਚਕ ਕੰਮ ਵਾਈਲਡ ਲਾਈਫ ਜਰਨਲਿਸਟ ਹੀ ਕਰਦੇ ਹਨ।

### ਡੈਂਡਰੋਲੋਜਿਸਟ

ਇਹ ਪੇਸ਼ੇਵਰ ਰੁੱਖਾਂ ਅਤੇ ਬੂਟਿਆਂ ਦੇ ਵਿਗਿਆਨਕ ਅਧਿਐਨ ਦੇ ਮਾਹਿਰ ਹੁੰਦੇ ਹਨ। ਇਕ ਡੈਂਡਰੋਲੋਜਿਸਟ ਦਾ ਕੰਮ ਰੁੱਖਾਂ ਦੇ ਜੀਵਨ ਚੱਕਰ, ਗ੍ਰੇਡਿੰਗ, ਕਲਾਸੀਫਿਕੇਸ਼ਨ, ਖੋਜ ਆਦਿ ਕਰਨਾ ਹੁੰਦਾ ਹੈ।

### ਐਥਨੋਲੋਜਿਸਟ

ਇਹ ਪੇਸ਼ੇਵਰ ਜੰਗਲਾਂ ਤੇ ਜੰਗਲੀ ਜੀਵਾਂ 'ਚ ਹੋਣ ਵਾਲੀਆਂ ਕੁਦਰਤੀ ਤਬਦੀਲੀਆਂ ਅਤੇ ਉਨ੍ਹਾਂ ਦੀ ਕਾਰਜ ਪ੍ਰਣਾਲੀ ਦਾ ਅਧਿਐਨ ਕਰਦੇ ਹਨ। ਐਥਨੋਲੋਜਿਸਟ ਚਿੜੀਆ ਘਰ, ਇਕੁਏਰੀਅਮ ਅਤੇ ਲੈਬੋਰੇਟਰੀ ਵਿਚ ਜਾਨਵਰਾਂ ਦੇ ਸਿਹਤਮੰਦ ਤੇ ਸੁਖਾਵੇਂ ਵਸੇਬੇ ਦੇ ਪਹਿਲੂ ਉੱਪਰ ਵੀ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਸ ਖੇਤਰ ਵਿਚ ਆਉਣ ਵਾਲੇ ਨੌਜਵਾਨ ਐਂਟੋਮੋਲੋਜਿਸਟ, ਸਿਲਵਕਲਚਰਿਸਟ, ਜ਼ੂ-ਕਿਊਰੇਟਰ ਆਦਿ ਦੇ ਤੌਰ 'ਤੇ ਵੀ ਆਪਣਾ ਕਰੀਅਰ ਬਣਾ ਸਕਦੇ ਹਨ।

### ਮੁੱਖ ਸੰਸਥਾਵਾਂ

- ਵਣ ਖੋਜ ਸੰਸਥਾ, ਦੇਹਰਾਦੂਨ। http://fri.icfre.gov.in/
- ਬਿਰਸਾ ਐਗਰੀਕਲਚਰਲ ਯੂਨੀਵਰਸਿਟੀ, ਰਾਂਚੀ। http://www.bauranchi.org/
- ਜਵਾਹਰ ਲਾਲ ਨਹਿਰੂ ਖੇਤੀ ਯੂਨੀਵਰਸਿਟੀ, ਜਬਲਪੁਰ। http://www.jnkvv.org/
- ਨੇਚਰ ਕੰਜ਼ਰਵੇਸ਼ਨ ਫਾਊਂਡੇਸ਼ਨ। http://ncf-india.org/
- ਡਾ. ਵਾਈਐੱਸ ਪਰਮਾਰ ਯੂਨੀਵਰਸਿਟੀ ਆਫ ਹਾਰਟੀਕਲਚਰ ਐਂਡ ਫਾਰੈਸਟਰੀ। http://www.yspuniversity.ac.in •

# ਸਫ਼ਲਤਾ ਪ੍ਰਾਪਤੀ ਲਈ ਅਹਿਮ ਹੈ ਪਹਿਲਾ ਕਦਮ

• ਗੁਰਵਿੰਦਰ ਸਿੰਘ

ਨਵੇਂ ਕੋਰਸ 'ਚ ਦਾਖ਼ਲਾ ਲੈਣਾ, ਹੁਨਰ ਸਿੱਖਣਾ, ਵਪਾਰ ਸ਼ੁਰੂ ਕਰਨਾ, ਘਰ ਬਣਾਉਣਾ, ਘਰ 'ਚ ਤਬਦੀਲੀ ਕਰਨੀ, ਨੌਕਰੀ ਲੱਗਣਾ, ਨੌਕਰੀ ਬਦਲਣ ਆਦਿ ਹਰ ਕੰਮ 'ਚ ਸਫ਼ਲਤਾ ਪ੍ਰਾਪਤੀ ਲਈ ਸ਼ੁਰੂਆਤ ਕਰਨੀ ਅਰਥਾਤ ਪਹਿਲਾ ਕਦਮ ਚੁੱਕਣਾ ਜ਼ਰੂਰੀ ਹੁੰਦਾ ਹੈ। ਦੁਨੀਆ ਦੇ ਲੱਖਾਂ ਲੋਕ ਸਫ਼ਲ ਹੋਣਾ ਚਾਹੁੰਦੇ ਹਨ, ਉਨ੍ਹਾਂ ਕੋਲ ਸਫ਼ਲ ਹੋਣ ਲਈ ਜ਼ਰੂਰੀ ਯੋਗਤਾ ਵੀ ਹੁੰਦੀ ਹੈ ਪਰ ਸਫ਼ਲਤਾ ਦੇ ਰਸਤੇ 'ਚ ਆਉਂਦੀਆਂ ਰੁਕਾਵਟਾਂ ਤੇ ਅਸਫ਼ਲਤਾ ਦਾ ਡਰ ਉਨ੍ਹਾਂ ਨੂੰ ਪਹਿਲਾ ਕਦਮ ਚੁੱਕਣ ਤੋਂ ਰੋਕਦਾ ਹੈ। ਉਹ ਆਪਣੀ ਯੋਜਨਾਬੰਦੀ ਨੂੰ ਕਾਰਜਸ਼ੀਲ ਕਰਨ 'ਚ ਢਿੱਲਮੱਠ ਕਰਦੇ ਰਹਿੰਦੇ ਹਨ ਤੇ ਸਫ਼ਲਤਾ ਤੋਂ ਖੁੰਝ ਜਾਂਦੇ ਹਨ।

### ਸ਼ੁਰੂਆਤ ਨਾਲ ਹੀ ਮਿਲੇਗੀ ਸਫ਼ਲਤਾ

ਸੰਸਾਰ ਵਿਚ ਕੁਝ ਵੀ ਆਪੇ ਨਹੀਂ ਹੁੰਦਾ। ਹਰ ਵਿਅਕਤੀ ਨੂੰ ਕੋਸ਼ਿਸ਼ ਕਰਨੀ ਪੈਂਦੀ ਹੈ। ਜੇ ਅਸੀਂ ਪਹਿਲਾ ਕਦਮ ਹੀ ਨਹੀਂ ਚੁੱਕਦੇ ਤਾਂ ਸਾਡੀ ਸਫ਼ਲਤਾ ਸੁਪਨਾ ਸਿਰਫ਼ ਸੁਪਨਾ ਹੀ ਰਹਿ ਜਾਵੇਗਾ। ਜੇ ਅਸੀਂ ਘਰੋਂ ਹੀ ਨਹੀਂ ਨਿਕਲਾਂਗੇ ਤਾਂ ਮੰਜ਼ਿਲ 'ਤੇ ਪਹੁੰਚਣ ਬਾਰੇ ਕਿਵੇਂ ਸੋਚ ਸਕਦੇ ਹਾਂ? ਜੇ ਕੋਈ ਵਿਅਕਤੀ ਦੁਰਘਟਨਾ ਤੋਂ ਡਰਦਾ ਵਾਹਨ ਹੀ ਨਾ ਚਲਾਵੇ ਤਾਂ ਉਹ ਕਦੇ ਵੀ ਡ੍ਰਾਈਵਿੰਗ ਨਹੀਂ ਸਿੱਖ ਸਕੇਗਾ। ਜੇ ਰੋਟੀ ਸੜਨ ਦੇ ਡਰ ਤੋਂ ਰੋਟੀ ਤਵੇ 'ਤੇ ਰੱਖੀ ਹੀ ਨਾ ਜਾਵੇ ਤਾਂ ਚੰਗਾ ਖਾਣਾ ਬਣਾਉਣਾ ਸਿੱਖਣਾ ਅਸੰਭਵ ਹੈ।

### ਦਿਸ਼ਾ ਨਿਰਧਾਰਤ ਕਰਦਾ ਹੈ ਪਹਿਲਾ ਕਦਮ

ਕੁਝ ਲੋਕ ਪਹਿਲੇ ਕਦਮ ਜਾਂ ਆਰੰਭ ਵਿਚ ਹੀ ਅਸਫ਼ਲ ਹੋ ਜਾਣ ਤਾਂ ਦੁਬਾਰਾ ਕੋਸ਼ਿਸ਼ ਹੀ ਨਹੀਂ ਕਰਦੇ। ਅਜਿਹੇ ਲੋਕ ਜੀਵਨ 'ਚ ਅਸਫ਼ਲ ਹੀ ਰਹਿ ਜਾਂਦੇ ਹਨ। ਕੁਝ ਲੋਕ ਅਸਫ਼ਲਤਾ ਤੋਂ ਬਾਅਦ ਦੁਬਾਰਾ ਹੋਰ ਜੋਸ਼ ਨਾਲ ਜਿੱਤ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਲੋਕ ਸਫ਼ਲ ਹੁੰਦੇ ਹਨ ਤੇ ਬਾਕੀਆਂ ਲਈ ਮਿਸਾਲ ਬਣਦੇ ਹਨ। ਕਿਸੇ ਵੀ ਦਿਸ਼ਾ ਵਿਚ ਚੁੱਕਿਆ ਗਿਆ ਪਹਿਲਾ ਕਦਮ ਉਸ ਦਿਸ਼ਾ ਵੱਲ ਸਾਡੀ ਸਫ਼ਲਤਾ ਤੇ ਅਸਫ਼ਲਤਾ ਨੂੰ ਨਿਰਧਾਰਤ ਕਰਦਾ ਹੈ।



### ਡਰ ਹੁੰਦੇ ਹਨ ਦੂਰ

ਬਹੁਤ ਸਾਰੇ ਲੋਕਾਂ ਨੂੰ ਆਪਣੀ ਯੋਗਤਾ 'ਤੇ ਸ਼ੱਕ ਹੁੰਦਾ ਹੈ। ਲਗਦਾ ਹੈ ਕਿ ਉਹ ਸਫ਼ਲ ਨਹੀਂ ਹੋਣਗੇ। ਉਹ ਪਹਿਲਾ ਕਦਮ ਚੁੱਕਣ 'ਤੇ ਸਫ਼ਲਤਾ ਪ੍ਰਾਪਤ ਕਰਦੇ ਹਨ ਤਾਂ ਉਨ੍ਹਾਂ ਦਾ ਡਰ ਦੂਰ ਹੋ ਜਾਂਦਾ ਹੈ ਤੇ ਉਹ ਅਗਲੇ ਕਦਮ ਲਈ ਯੋਜਨਾਬੰਦੀ ਕਰਦੇ ਹਨ।

### ਵਧਦਾ ਹੈ ਆਤਮਵਿਸ਼ਵਾਸ

ਬੱਚਾ ਜਦੋਂ ਖੜ੍ਹਾ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਈ ਵਾਰ ਡਿੱਗਦਾ ਹੈ। ਜਦ ਉਹ ਪਹਿਲਾ ਕਦਮ ਚੁੱਕਦਾ ਹੈ ਤਾਂ ਉਸ ਵਿਚ ਆਤਮਵਿਸ਼ਵਾਸ ਪੈਦਾ ਹੁੰਦਾ ਹੈ ਤੇ ਉਹ ਅਗਲਾ ਕਦਮ ਚੁੱਕਦਾ ਹੈ। ਹੌਲੀ-ਹੌਲੀ ਉਹ ਤੁਰਨਾ ਤੇ ਫਿਰ ਦੌੜਣਾ ਵੀ ਸਿੱਖ ਜਾਂਦਾ ਹੈ। ਇਸੇ ਪ੍ਰਕਾਰ ਜਦੋਂ ਅਸੀਂ ਕਿਸੇ ਕੰਮ ਦੀ ਸ਼ੁਰੂਆਤ ਕਰਦੇ ਹਾਂ ਤਾਂ ਉਸ ਵਿਚ ਮਿਲੀ ਸਫ਼ਲਤਾ ਸਾਡੇ ਮਨ 'ਚ ਵਿਸ਼ਵਾਸ ਭਰਦੀ ਹੈ ਤੇ ਸਾਨੂੰ ਸਫ਼ਲਤਾ ਦੇ ਰਸਤੇ 'ਤੇ ਲੈ ਜਾਂਦੀ ਹੈ।

### ਵੱਡੀਆਂ ਜਿੱਤਾਂ ਲਈ ਮਿਲਦੀ ਹੈ ਪ੍ਰੇਰਨਾ

ਪਹਿਲੇ ਕਦਮ 'ਤੇ ਮਿਲੀ ਛੋਟੀ ਜਿਹੀ ਜਿੱਤ ਜਾਂ ਸਫ਼ਲਤਾ ਸਾਡੇ ਭਵਿੱਖ ਦੀਆਂ ਵੱਡੀਆਂ ਜਿੱਤਾਂ ਦਾ ਆਧਾਰ ਬਣਾਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਜੇ ਅਸੀਂ ਪਹਿਲਾ ਕਦਮ ਬਹੁਤ ਵੱਡਾ ਨਹੀਂ ਚੁੱਕ ਸਕਦੇ ਤਾਂ ਕੋਈ ਛੋਟਾ ਕਦਮ ਜ਼ਰੂਰ ਚੁੱਕ ਲੈਣਾ ਚਾਹੀਦਾ ਹੈ।

### ਹਾਰ ਕੇ ਵੀ ਜਿੱਤ ਜਾਂਦਾ ਹੈ ਪਹਿਲਾ ਕਦਮ ਚੁੱਕਣ ਵਾਲਾ

ਜ਼ਰੂਰੀ ਨਹੀਂ ਕਿ ਪਹਿਲਾ ਕਦਮ ਸਫ਼ਲ ਹੀ ਹੋਵੇ ਪਰ ਇਸ ਦੇ ਮਹੱਤਵ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਜੇ ਪਹਿਲੇ ਕਦਮ 'ਤੇ ਅਸਫ਼ਲਤਾ ਵੀ ਮਿਲੇ ਤਾਂ ਉਹ ਵੀ ਬਹੁਤ ਕੁਝ ਸਿਖਾ ਜਾਂਦੀ ਹੈ। ਇਸ ਨਾਲ ਅਸਫ਼ਲਤਾ ਦੇ ਕਾਰਨਾਂ ਤੇ ਭਵਿੱਖ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰਨ ਦਾ ਮੌਕਾ ਮਿਲਦਾ ਹੈ। ਜੀਵਨ ਦੇ ਕੀਮਤੀ ਤਜ਼ਰਬੇ ਹਾਸਲ ਹੁੰਦੇ ਹਨ।

### ਉਸਾਰੂ ਆਦਤਾਂ ਦਾ ਜਨਮ

ਕਈ ਲੋਕ ਚੰਗਾ ਕੰਮ ਕਰਨਾ ਚਾਹੁੰਦੇ ਹਨ ਪਰ ਪਹਿਲਾ ਕਦਮ ਚੁੱਕਣੋਂ ਡਰਦੇ ਹਨ। ਇਕ ਵਾਰ ਸ਼ੁਰੂਆਤ ਕਰਨ ਤੋਂ ਬਾਅਦ ਉਸ ਕੰਮ ਨੂੰ ਵਾਰ-ਵਾਰ ਕੀਤਾ ਜਾਂਦਾ ਹੈ ਤੇ ਉਸ ਨੂੰ ਕਰਨ ਦੀ ਆਦਤ ਬਣ ਜਾਂਦੀ ਹੈ। ਸਮਾਂ ਬੀਤਣ 'ਤੇ ਇਹ ਆਦਤ ਮਨੁੱਖ ਦੇ ਸੁਭਾਅ 'ਚ ਸ਼ਾਮਲ ਹੋ ਜਾਂਦੀ ਹੈ ਤੇ ਜ਼ਿੰਦਗੀ 'ਚ ਅੱਗੇ ਵਧਣ ਲਈ ਉਸ ਦਾ ਮਾਰਗ ਦਰਸ਼ਨ ਕਰਦੀ ਹੈ। •

*89569-00001*

## ਨੌਕਰੀਆਂ

**ਹਾਈ ਕੋਰਟ ਆਫ ਪੰਜਾਬ ਐਂਡ ਹਰਿਆਣਾ**
ਅਸਾਮੀਆਂ - 239
ਅਹੁਦਾ - **ਸਟੈਨੋਗ੍ਰਾਫਰ ਗ੍ਰੇਡ-3**
ਅਪਲਾਈ ਕਰਨ ਦੀ ਆਖ਼ਰੀ ਤਰੀਕ - **23 ਜਨਵਰੀ 2018**
ਵੈੱਬਸਾਈਟ - www.highcourtchd.gov.in

**ਸਟੇਟ ਬੈਂਕ ਆਫ ਇੰਡੀਆ**
ਅਸਾਮੀਆਂ - 50
ਅਹੁਦਾ - **ਸਪੈਸ਼ਲਿਸਟ ਅਫਸਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **28 ਜਨਵਰੀ 2018**
**ਵੈੱਬਸਾਈਟ** - www.sbi.co.in

**ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ**
ਅਸਾਮੀਆਂ - 462
ਅਹੁਦਾ - **ਐਡਮਨਿਸਟ੍ਰੇਟਿਵ ਅਫਸਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **29 ਜਨਵਰੀ 2018**
**ਵੈੱਬਸਾਈਟ** - www.uiic.co.in

**ਇੰਡੋ ਤਿੱਬਤੀਅਨ ਬਾਰਡਰ ਪੁਲਿਸ**
ਅਸਾਮੀਆਂ - 241
ਅਹੁਦਾ - **ਕਾਂਸਟੇਬਲ, ਹੈੱਡ ਕਾਂਸਟੇਬਲ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **31 ਜਨਵਰੀ 2018**
**ਵੈੱਬਸਾਈਟ** - www.itbpolice.nic.in

**ਕੈਨਰਾ ਬੈਂਕ**
ਅਸਾਮੀਆਂ - 450
ਅਹੁਦਾ - **ਪ੍ਰੋਬੇਸ਼ਨਰੀ ਅਫਸਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **31 ਜਨਵਰੀ 2018**
**ਵੈੱਬਸਾਈਟ** - www.canarabank.com.

**ਸੈਂਟਰਲ ਇੰਡਸਟ੍ਰੀਅਲ ਸਕਿਓਰਿਟੀ ਫੋਰਸ**
ਅਸਾਮੀਆਂ - 118
ਅਹੁਦਾ - **ਅਸਿਸਟੈਂਟ ਸਬ ਇੰਸਪੈਕਟਰ, ਹੈੱਡ ਕਾਂਸਟੇਬਲ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **02 ਫਰਵਰੀ 2018**
**ਵੈੱਬਸਾਈਟ** - www.cisf.gov.in

**ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਿਡ**
ਅਸਾਮੀਆਂ - 50
ਅਹੁਦਾ - **ਇੰਜੀਨੀਅਰ ਟਰੇਨੀ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **03 ਫਰਵਰੀ 2018**
**ਵੈੱਬਸਾਈਟ** - www.bhel.com. •

*ਖੇਤੀ ਨਾਲ ਸਬੰਧਤ ਸਾਰੇ ਖੇਤਰਾਂ ਦੀ ਪੜ੍ਹਾਈ ਨੂੰ ਲੈ ਕੇ ਵਿਦਿਆਰਥੀਆਂ ਅੰਦਰ ਖ਼ਾਸ ਦਿਲਚਸਪੀ ਰਹੀ ਹੈ। ਅਜੋਕੇ ਦੌਰ ਵਿਚ ਆਰਗੈਨਿਕ ਫਾਰਮਿੰਗ ਅਤੇ ਐਗਰੀਕਲਚਰਲ ਮਾਰਕੀਟਿੰਗ ਵਰਗੇ ਨਵੇਂ ਟਰੇਡ ਬਿਹਤਰ ਭਵਿੱਖ ਦੀ ਨੀਂਹ ਰੱਖਣ ਦੇ ਪੂਰੀ ਤਰ੍ਹਾਂ ਸਮਰੱਥ ਹਨ। ਇਹੀ ਕਾਰਨ ਹੈ ਕਿ ਮੈਨੇਜਮੈਂਟ ਦੀ ਪੜ੍ਹਾਈ ਵਿਚ ਐਗਰੀ ਬਿਜ਼ਨਸ ਮੈਨੇਜਮੈਂਟ ਇਕ ਖ਼ਾਸ ਸਟ੍ਰੀਮ ਦੇ ਤੌਰ 'ਤੇ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਰਿਹਾ ਹੈ...*

# ਨੌਜਵਾਨਾਂ ਦੀ ਪਹਿਲੀ ਪਸੰਦ ਬਣ ਰਿਹੈ ਐਗਰੀ ਬਿਜ਼ਨਸ

ਆਪਣੇ ਕਰੀਅਰ ਨੂੰ ਲੈ ਕੇ ਨੌਜਵਾਨਾਂ ਅੰਦਰ ਜਾਗਰੂਕਤਾ ਲਗਾਤਾਰ ਵਧ ਰਹੀ ਹੈ। ਕੋਰਸ ਅਤੇ ਕਰੀਅਰ ਨੂੰ ਚੁਣਨ ਦੇ ਮਾਮਲੇ 'ਚ ਹੁਣ ਨੌਜਵਾਨਾਂ ਦੀ ਰੁਚੀ ਅਤੇ ਰੁਝਾਨ ਦੋਵੇਂ ਬਦਲਣ ਲੱਗੇ ਹਨ। ਆਧੁਨਿਕਤਾ ਦੇ ਦੌੜ-ਭੱਜ ਵਾਲੇ ਇਸ ਦੌਰ ਵਿਚ ਭਾਵੇਂ ਤਕਨੀਕੀ ਅਤੇ ਮੈਨੇਜਮੈਂਟ ਕੋਰਸਾਂ ਦਾ ਬੋਲਬਾਲਾ ਹੈ ਪਰ ਖੇਤੀ ਨੂੰ ਜਾਨਣ ਅਤੇ ਸਮਝਣ ਵਾਲੇ ਨੌਜਵਾਨਾਂ ਦੀ ਵੀ ਕੋਈ ਕਮੀ ਨਹੀਂ ਹੈ। ਖੇਤੀ ਦੇ ਖੇਤਰ 'ਚ ਅਧਿਐਨ ਨੂੰ ਕਿਸੇ ਵੀ ਹੱਦ ਦੇ ਅੰਦਰ ਨਹੀਂ ਬੰਨ੍ਹਿਆ ਜਾ ਸਕਦਾ।

ਦੂਸਰੇ ਤਮਾਮ ਖੇਤਰਾਂ ਤੋਂ ਆਉਣ ਵਾਲੇ ਨੌਜਵਾਨ ਐਗਰਕਲਚਰ ਇੰਜੀਨੀਅਰਿੰਗ, ਐਗਰੀਕਲਚਰ ਮੈਨੇਜਮੈਂਟ ਅਤੇ ਐਗਰੀ ਬਿਜ਼ਨਸ ਵਰਗੇ ਬਿਲਕੁਲ ਵੱਖਰੀ ਤਰ੍ਹਾਂ ਦੇ ਕਰੀਅਰ ਨੂੰ ਚੁਣਨ 'ਚ ਹੀ ਆਪਣੇ ਬਿਹਤਰੀਨ ਕਰੀਅਰ ਨੂੰ ਵੇਖ ਰਹੇ ਹਨ। ਬਾਰ੍ਹਵੀਂ ਤੋਂ ਬਾਅਦ ਬੀਐੱਸਸੀ ਐਗਰੀਕਲਚਰ ਇਕ ਪਸੰਦੀਦਾ ਕੋਰਸ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਵੈਟਰਨਰੀ ਸਾਇੰਸ, ਐਗਰੀਕਲਚਰ ਇੰਜੀਨੀਅਰਿੰਗ, ਹਾਰਟੀਕਲਚਰ, ਫੂਡ ਸਾਇੰਸ, ਫਾਰੈਸਟਰੀ ਵਰਗੇ ਇਸ ਨਾਲ ਸਬੰਧਤ ਖੇਤਰਾਂ ਵਿਚ ਵੀ ਚੰਗੇ ਕਰੀਅਰ ਦੀ ਬੁਨਿਆਦ ਰੱਖੀ ਜਾ ਸਕਦੀ ਹੈ।

### ਯੋਗਤਾ

ਐਗਰੀਕਲਚਰ ਸਾਇੰਸਿਜ਼ ਜਾਂ ਸਬੰਧਤ ਵਿਸ਼ੇ ਵਿਚ ਘੱਟੋ ਘੱਟ 50 ਫ਼ੀਸਦੀ ਅੰਕਾਂ ਨਾਲ ਗ੍ਰੈਜੂਏਸ਼ਨ ਕੀਤੀ ਹੋਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਕਿਸੇ ਵੀ ਵਿਸ਼ੇ ਵਿਚ 50 ਫ਼ੀਸਦੀ ਅੰਕਾਂ ਨਾਲ ਗ੍ਰੈਜੂਏਸ਼ਨ ਕਰਨ ਵਾਲੇ ਵੀ ਅਪਲਾਈ ਕਰ ਸਕਦੇ ਹਨ। ਉਮੀਦਵਾਰ ਦੇ ਕੋਲ ਕੈਟ-2017 ਜਾਂ ਸੀਮੈਟ-2018 ਦੇ ਚੰਗੇ ਸਕੋਰ ਹੋਣੇ ਵੀ ਲਾਜ਼ਮੀ ਹਨ।

### ਐਗਰੀ ਬਿਜ਼ਨਸ ਮੈਨੇਜਮੈਂਟ 'ਚ ਕਰੋ ਪੀਜੀਡੀਐੱਮ

ਸੀਸੀਐੱਸ ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਮਾਰਕੀਟਿੰਗ ਨੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਮੈਨੇਜਮੈਂਟ (ਐਗਰੀ ਬਿਜ਼ਨਸ ਮੈਨੇਜਮੈਂਟ) 2018-20 ਲਈ ਅਰਜ਼ੀਆਂ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸੀਸੀਐੱਸ ਨੈਸ਼ਨਲ ਇੰਸਟੀਚਿਊਟ ਭਾਰਤ ਸਰਕਾਰ ਦੇ ਖੇਤੀ ਅਤੇ ਕਿਸਾਨ ਕਲਿਆਣ ਮੰਤਰਾਲੇ ਅਧੀਨ ਇਕ ਖ਼ੁਦ ਮੁਖ਼ਤਿਆਰ ਸੰਸਥਾ ਹੈ। ਟ੍ਰੇਨਿੰਗ, ਖੋਜ, ਸਲਾਹਕਾਰੀ, ਵਿੱਦਿਆ ਅਤੇ ਨੀਤੀ ਸਹਿਯੋਗ ਦੇ ਮਾਮਲੇ ਵਿਚ ਇਹ ਇਕ ਬਿਹਤਰੀਨ ਸੰਸਥਾ ਦੇ ਤੌਰ 'ਤੇ ਜਾਣੀ ਜਾਂਦੀ ਹੈ। ਸੰਸਥਾ ਵੱਲੋਂ ਕਰਵਾਇਆ ਜਾਣ ਵਾਲਾ ਪੀਜੀਡੀਐੱਮ ਦੋ ਸਾਲਾ ਕੁੱਲਵਕਤੀ ਕੋਰਸ ਹੈ, ਜਿਸ ਵਿਚ ਮੁੱਖ ਤੌਰ 'ਤੇ ਫੂਡ, ਰਿਟੇਲਿੰਗ, ਐਕਸਪੋਰਟ, ਕਮੋਡਿਟੀ ਟਰੇਡਿੰਗ, ਮਾਈਕਰੋ ਫਾਈਨਾਂਸ, ਬੈਂਕਿੰਗ, ਕੰਸਲਟਿੰਗ, ਫਾਰਮਾਸਿਊਟੀਕਲਜ਼, ਐਗਰੀ ਇਨਪੁੱਟ ਆਦਿ ਉੱਪਰ ਫੋਕਸ ਕੀਤਾ ਜਾਂਦਾ ਹੈ।



### ਤੇਜ਼ੀ ਨਾਲ ਉੱਭਰਾ ਰਿਹਾ ਖੇਤਰ

ਆਧੁਨਿਕ ਖੇਤੀ ਵਿਚ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ। ਨਵੀਂ ਕਿਸਮ ਦੇ ਖ਼ੁਰਾਕੀ ਪਦਾਰਥ ਤੇਜ਼ੀ ਨਾਲ ਲੋਕਾਂ ਦੀ ਪਹਿਲੀ ਪਸੰਦ ਬਣ ਰਹੇ ਹਨ। ਬਾਜ਼ਾਰ, ਮਾਰਕੀਟਿੰਗ ਅਤੇ ਆਧੁਨਿਕ ਤਕਨੀਕਾਂ ਦੀ ਹੀ ਦੇਣ ਹੈ ਕਿ ਸ਼ਹਿਰੀ ਖੇਤਰਾਂ ਅਤੇ ਇਥੋਂ ਤਕ ਕਿ ਵਿਦੇਸ਼ਾਂ ਵਿਚ ਵੀ ਪਿੰਡਾਂ 'ਚ ਉਪਜਾਏ ਗਏ ਖ਼ੁਰਾਕੀ ਪਦਾਰਥਾਂ ਦੀ ਪਹੁੰਚ ਬਣ ਰਹੀ ਹੈ। ਸੁਪਰ ਮਾਰਕੀਟ ਕਲਚਰ ਨੇ ਜਿੱਥੇ ਲੋਕਾਂ ਨੂੰ ਹਜ਼ਾਰਾਂ ਕਿਸਮਾਂ ਦੀ ਖ਼ੁਰਾਕੀ ਪਦਾਰਥਾਂ ਨਾਲ ਜਾਣੂ ਕਰਵਾਇਆ ਹੈ, ਉੱਥੇ ਕਿਸਾਨਾਂ ਲਈ ਵੀ ਬਹੁਤ ਸਾਰੇ ਮੌਕੇ ਪੈਦਾ ਕੀਤੇ ਹਨ। ਅੱਜ ਕੱਲ੍ਹ ਆਰਗੈਨਿਕ ਫੂਡਜ਼ ਨੂੰ ਲੈ ਕੇ ਲੋਕਾਂ ਅੰਦਰ ਤੇਜ਼ੀ ਨਾਲ ਜਾਗਰੂਕਤਾ ਪੈਦਾ ਹੋ ਰਹੀ ਹੈ। ਇਸ ਖੇਤੀ ਅਤੇ ਮਾਰਕੀਟਿੰਗ ਪ੍ਰੋਫੈਸ਼ਨਲਜ਼ ਲਈ ਇਸ ਖੇਤਰ ਵਿਚ ਕਾਫੀ ਮੌਕੇ ਪੈਦਾ ਹੋ ਰਹੇ ਹਨ। ਐਗਰੀ ਬਿਜ਼ਨਸ ਦੀ ਗੱਲ ਕਰੀ ਤਾਂ ਮੌਕੇ ਸਿਰਫ਼ ਕਾਰਪੋਰੇਟ ਫਰਮਾਂ ਵਿਚ ਹੀ ਨਹੀਂ, ਬਲਕਿ ਛੋਟੀਆਂ ਫਰਮਾਂ, ਡਿਸਟ੍ਰੀਬਿਊਟਰ, ਮਨੂਫੈਕਚਰਿੰਗ, ਪੈਸਟੀਸਾਈਡਸ, ਸੀਡ ਸੈਲਿੰਗ, ਮਾਨੀਟਰਿੰਗ ਆਦਿ ਦੇ ਖੇਤਰਾਂ ਵਿਚ ਵੀ ਰੁਜ਼ਗਾਰ ਦੀ ਕਮੀ ਨਹੀਂ ਹੈ।

### ਚੋਣ ਪ੍ਰਕਿਰਿਆ

ਕੈਟ/ਸੀਮੈਟ ਸਕੋਰ ਦੇ ਆਧਾਰ 'ਤੇ ਉਮੀਦਵਾਰ ਨੂੰ ਗਰੁੱਪ ਡਿਸਕਸ਼ਨ, ਇੰਟਰਵਿਊ ਆਦਿ ਲਈ ਬੁਲਾਇਆ ਜਾਵੇਗਾ। ਕੈਟ/ਸੀਮੈਟ ਲਈ 51/34 ਅੰਕਾਂ ਦੀ ਵੇਟੇਜ਼ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਡਾਇਵਰਸਿਟੀ ਫੈਕਟਰ ਦੇ ਲਈ 6, ਗਰੁੱਪ ਡਿਸਕਸ਼ਨ ਲਈ 12, ਪਰਸਨਲ ਇੰਟਰਵਿਊ ਲਈ 25 ਅਤੇ ਵਰਕ ਐਕਸਪੀਰੀਐਂਸ ਲਈ 5 ਅੰਕਾਂ ਦੀ ਵੇਟੇਜ਼ ਦਿੱਤੀ ਜਾਵੇਗੀ।

### ਐਪਲੀਕੇਸ਼ਨ ਫੀਸ

ਉਮੀਦਵਾਰ ਨੂੰ ਐਪਲੀਕੇਸ਼ਨ ਫੀਸ ਦੇ ਤੌਰ 'ਤੇ 1200 ਰੁਪਏ (ਐੱਸਸੀ/ਐੱਸਟੀ ਲਈ 600 ਰੁਪਏ) ਦਾ ਭੁਗਤਾਨ ਕਰਨਾ ਪਵੇਗਾ। •

**ਕਿਵੇਂ ਕਰੀਏ ਅਪਲਾਈ?**

*ਨਿਰਧਾਰਤ ਰੂਪ 'ਚ ਐਪਲੀਕੇਸ਼ਨ ਭਰ ਕੇ ਹੇਠ ਲਿਖੇ ਪਤੇ 'ਤੇ 28 ਫਰਵਰੀ 2018 ਤੋਂ ਪਹਿਲਾਂ ਭੇਜਣ ਪਵੇਗੀ।*

**ਅਪਲਾਈ ਕਰਨ ਦੀ ਆਖ਼ਰੀ ਤਰੀਕ**

*28 ਫਰਵਰੀ 2018*

**ਪਤਾ** *ਸੀਸੀਐੱਸ ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਮਾਰਕੀਟਿੰਗ, ਕੋਟਾ ਰੋਡ ਬਾਂਬਲਾ, ਪ੍ਰਤਾਪ ਨਗਰ, ਜੈਪੁਰ (ਰਾਜਸਥਾਨ)-302033*

## ਦਿੱਲੀ ਵਿੱਚ 15 ਦਿਨਾਂ 'ਚ 509 ਮਹਿਲਾਵਾਂ ਲਾਪਤਾ; ਕਾਨੂੰਨ ਵਿਵਸਥਾ ਸਵਾਲਾਂ ਦੇ ਘੇਰੇ 'ਚ

# ਕੁੱਲ 809 ਵਿਅਕਤੀ ਲਾਪਤਾ; 'ਆਪ' ਨੇ ਕਾਨੂੰਨ ਵਿਵਸਥਾ 'ਤੇ ਚੁੱਕੇ ਸਵਾਲ; ਪੁਲਿਸ ਨੇ ਦਾਅਵਿਆਂ ਨੂੰ ਨਕਾਰਿਆ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਰਾਜਧਾਨੀ ਵਿੱਚ ਲਾਪਤਾ ਵਿਅਕਤੀਆਂ ਦੀਆਂ ਸ਼ਿਕਾਇਤਾਂ ਨੂੰ ਲੈ ਕੇ ਇੱਕ ਵੱਡੀ ਬਹਿਸ ਛਿੜ ਗਈ ਹੈ। ਆਮ ਆਦਮੀ ਪਾਰਟੀ (11♦) ਨੇ ਸਿਰਫ਼ 15 ਦਿਨਾਂ ਵਿੱਚ 800 ਤੋਂ ਵੱਧ ਲੋਕਾਂ ਦੇ ਲਾਪਤਾ ਹੋਣ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕੇ ਹਨ, ਜਦਕਿ ਪੁਲੀਸ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ।

ਪੁਲਿਸ ਦਾ ਕਹਿਣਾ ਹੈ ਕਿ ਲਾਪਤਾ ਵਿਅਕਤੀਆਂ ਦੀਆਂ ਰਿਪੋਰਟਾਂ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ, ਸਗੋਂ ਪਿਛਲੇ ਸਾਲਾਂ ਦੀ ਇਸੇ ਮਿਆਦ ਦੇ ਮੁਕਾਬਲੇ ਜਨਵਰੀ ਵਿੱਚ ਇਹ ਅੰਕੜਾ ਘਟਿਆ ਹੈ। ਦਿੱਲੀ ਪੁਲੀਸ ਦੇ ਜਨਸੰਪਰਕ ਵਿਭਾਗ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਨਿਰਧਾਰਤ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (SOPs) ਦੇ ਅਨੁਸਾਰ, ਅਜਿਹੇ ਸਾਰੇ ਮਾਮਲਿਆਂ ਵਿੱਚ ਲਾਪਤਾ ਵਿਅਕਤੀਆਂ ਦਾ ਪਤਾ ਲਗਾਉਣ ਲਈ ਤੁਰੰਤ ਯਤਨ ਕੀਤੇ ਜਾਂਦੇ ਹਨ, ਜਿਸ ਵਿੱਚ ਲਾਪਤਾ ਬੱਚਿਆਂ ਦੇ ਮਾਮਲਿਆਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ।

ਇਸ ਸਬੰਧ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਸਮਰਪਿਤ 'ਮਿਸਿੰਗ ਪਰਸਨ ਸਕੁਐਡ' ਕਾਰਜਸ਼ੀਲ ਹਨ ਅਤੇ ਕ੍ਰਾਈਮ ਬ੍ਰਾਂਚ ਦੀ 'ਐਂਟੀ-ਹਿਊਮਨ ਟ੍ਰੈਫਿਕਿੰਗ ਯੂਨਿਟ' ਵੀ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ। ਪੁਲੀਸ ਨੇ ਸਪੱਸ਼ਟ ਕੀਤਾ ਕਿ ਰਾਜਧਾਨੀ ਵਿੱਚ ਬੱਚਿਆਂ ਦੇ ਲਾਪਤਾ ਹੋਣ ਜਾਂ ਅਗਵਾ ਹੋਣ ਦੇ ਮਾਮਲਿਆਂ ਵਿੱਚ ਕਿਸੇ ਸੰਗਠਿਤ ਗਿਰੋਹ ਦੀ ਸ਼ਮੂਲੀਅਤ ਸਾਹਮਣੇ ਨਹੀਂ ਆਈ ਹੈ, ਇਸ ਲਈ ਉਨ੍ਹਾਂ ਅਪੀਲ ਕੀਤੀ ਕਿ ਅਫ਼ਵਾਹਾਂ ਵੱਲ ਧਿਆਨ ਨਾ ਦਿੱਤਾ ਜਾਵੇ।

**2026 ਦੇ ਪਹਿਲੇ 15 ਦਿਨਾਂ ਵਿੱਚ ਦਿੱਲੀ ਵਿੱਚ 807 ਲੋਕ ਲਾਪਤਾ**

ਦਿੱਲੀ ਪੁਲਿਸ ਦੇ ਅਧਿਕਾਰਤ ਅੰਕੜਿਆਂ ਅਨੁਸਾਰ 2026 ਦੇ ਪਹਿਲੇ 15 ਦਿਨਾਂ ਵਿੱਚ ਦਿੱਲੀ ਵਿੱਚ 807 ਲੋਕ ਲਾਪਤਾ ਹੋਏ ਸਨ, ਜਿਨ੍ਹਾਂ ਵਿੱਚੋਂ ਲਗਪਗ ਦੋ-ਤਿਹਾਈ ਮਾਮਲੇ ਔਰਤਾਂ ਅਤੇ ਕੁੜੀਆਂ ਦੇ ਸਨ। 1 ਤੋਂ 15 ਜਨਵਰੀ ਦੇ ਵਿਚਕਾਰ ਔਸਤਨ ਰੋਜ਼ਾਨਾ ਲਗਪਗ 54 ਮਾਮਲੇ ਸਾਹਮਣੇ ਆਏ। ਲਾਪਤਾ ਹੋਣ ਵਾਲਿਆਂ ਵਿੱਚ 509 ਔਰਤਾਂ ਅਤੇ ਕੁੜੀਆਂ, ਜਦਕਿ 298 ਮਰਦ ਸ਼ਾਮਲ ਸਨ। ਹੁਣ ਤੱਕ ਪੁਲੀਸ ਨੇ 235 ਵਿਅਕਤੀਆਂ ਦਾ ਪਤਾ ਲਗਾ ਲਿਆ ਹੈ, ਪਰ 572 ਲੋਕ ਅਜੇ ਵੀ ਲਾਪਤਾ ਹਨ।

**ਵਿਰੋਧੀ ਪਾਰਟੀਆਂ ਨੇ ਚੁੱਕਿਆ ਮੁੱਦਾ**

ਇਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੁਰੱਖਿਆ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਅਤੇ ਭਾਜਪਾ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਰਾਜਧਾਨੀ ਦੀ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਨਾਲ ਢਹਿ-ਢੇਰੀ ਹੋ ਚੁੱਕੀ ਹੈ। ਇਸ ਦੌਰਾਨ, 'ਆਪ' ਦਿੱਲੀ ਦੇ ਮੁਖੀ ਸੌਰਭ ਭਾਰਦਵਾਜ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਕਿ ਇੰਨੀ ਵੱਡੀ ਗਿਣਤੀ ਵਿੱਚ ਔਰਤਾਂ ਦੇ ਲਾਪਤਾ ਹੋਣ ਕਾਰਨ ਐਪਸਟੀਨ ਫਾਈਲਾਂ ਜਾਂ ਨਿਠਾਰੀ ਕਾਂਡ ਵਰਗੇ ਗੰਭੀਰ ਅਪਰਾਧ ਰਾਜਧਾਨੀ ਵਿੱਚ ਵਾਪਰ ਰਹੇ ਹੋ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਇਹ ਉਦੋਂ ਹੋ ਰਿਹਾ ਹੈ ਜਦੋਂ ਦਿੱਲੀ ਦੀ ਸ਼ਾਇਦ ਹੀ ਕੋਈ ਅਜਿਹੀ ਗਲੀ ਜਾਂ ਮੁਹੱਲਾ ਹੋਵੇਗਾ ਜਿੱਥੇ ਸੀਸੀਟੀਵੀ ਕੈਮਰੇ ਨਾ ਲੱਗੇ ਹੋਣ। ਉਨ੍ਹਾਂ ਸਵਾਲ ਚੁੱਕਿਆ ਕਿ ਜਦੋਂ ਸ਼ਹਿਰ ਵਿੱਚ ਹਰ ਕਦਮ 'ਤੇ ਸੀਸੀਟੀਵੀ ਲੱਗੇ ਹਨ, ਤਾਂ ਇਹ ਮੰਨਣਾ ਮੁਸ਼ਕਲ ਹੈ ਕਿ 572 ਲੋਕਾਂ ਦਾ ਕੋਈ ਸੁਰਾਗ ਨਹੀਂ ਮਿਲ ਰਿਹਾ।

**ਪੇਡ ਪ੍ਰਮੋਸ਼ਨ ਰਾਹੀਂ ਫੈਲਾਈ ਜਾ ਰਹੀ ਹੈ ਦਹਿਸ਼ਤ: ਦਿੱਲੀ ਪੁਲੀਸ**

ਦਿੱਲੀ ਪੁਲੀਸ ਨੇ ਸ਼ੁੱਕਰਵਾਰ ਨੂੰ ਦਿੱਲੀ ਵਿੱਚ ਲਾਪਤਾ ਕੁੜੀਆਂ ਦੀ ਗਿਣਤੀ ਵਿੱਚ ਵਾਧੇ ਬਾਰੇ ਚੱਲ ਰਹੀਆਂ ਅਟਕਲਾਂ ਨੂੰ ਖਾਰਜ ਕਰਦਿਆਂ ਸਪੱਸ਼ਟ ਕੀਤਾ ਕਿ ਇਹ ਅਫਵਾਹਾਂ ਪੇਡ ਪ੍ਰਮੋਸ਼ਨ (ਪੈਸੇ ਦੇ ਕੇ ਕਰਵਾਏ ਗਏ ਪ੍ਰਚਾਰ) ਰਾਹੀਂ ਫੈਲਾਈਆਂ ਜਾ ਰਹੀਆਂ ਹਨ। ਪੁਲੀਸ ਨੇ ਜ਼ੋਰ ਦੇ ਕੇ ਕਿਹਾ ਕਿ ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਹਾ ਕਿ ਮੁਦਰਾ ਲਾਭ ਲਈ ਦਹਿਸ਼ਤ ਪੈਦਾ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦਿੱਲੀ ਪੁਲਿਸ ਨੇ X 'ਤੇ ਇੱਕ ਪੋਸਟ ਵਿੱਚ ਲਿਖਿਆ, ਕੁਝ ਸੁਰਾਗਾਂ ਦਾ ਪਿੱਛਾ ਕਰਨ ਤੋਂ ਬਾਅਦ, ਸਾਨੂੰ ਪਤਾ ਲੱਗਾ ਹੈ ਕਿ ਦਿੱਲੀ ਵਿੱਚ ਲਾਪਤਾ ਕੁੜੀਆਂ ਦੇ ਵਾਧੇ ਬਾਰੇ ਬਣਾਇਆ ਗਿਆ ਹਊਆ ਪੇਡ ਪ੍ਰਮੋਸ਼ਨ ਰਾਹੀਂ ਅੱਗੇ ਵਧਾਇਆ ਜਾ ਰਿਹਾ ਹੈ। ਪੈਸੇ ਕਮਾਉਣ ਲਈ ਦਹਿਸ਼ਤ ਪੈਦਾ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਅਤੇ ਅਸੀਂ ਅਜਿਹੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕਰਾਂਗੇ।

ਇਸ ਤੋਂ ਪਹਿਲਾਂ, ਦਿੱਲੀ ਪੁਲਿਸ ਨੇ ਜਨਤਾ ਨੂੰ ਭਰੋਸਾ ਦਿਵਾਇਆ ਕਿ ਰਾਸ਼ਟਰਪਤੀ ਦੀ ਰਾਜਧਾਨੀ ਵਿੱਚ ਲਾਪਤਾ ਵਿਅਕਤੀਆਂ ਦੀਆਂ ਵਧਦੀਆਂ ਰਿਪੋਰਟਾਂ ਦੇ ਵਿਚਕਾਰ ਡਰਨ ਜਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਖਾਸ ਕਰਕੇ ਬੱਚਿਆਂ ਦੇ ਸਬੰਧ ਵਿੱਚ। ਦਿੱਲੀ ਪੁਲਿਸ ਦੇ ਪੀ.ਆਰ.ਓ ਸੰਜੇ ਤਿਆਗੀ ਨੇ ਵੀਰਵਾਰ ਨੂੰ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਸ਼ਹਿਰ ਵਿੱਚ ਲਾਪਤਾ ਵਿਅਕਤੀਆਂ ਦੀਆਂ ਰਿਪੋਰਟਾਂ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ।

ਅਸਲ ਵਿੱਚ, ਜਨਵਰੀ 2026 ਵਿੱਚ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਘੱਟ ਅਜਿਹੇ ਮਾਮਲੇ ਦੇਖੇ ਗਏ ਹਨ। ਉਨ੍ਹਾਂ ਕਿਹਾ ਕਿ ਦਿੱਲੀ ਪੁਲੀਸ ਅਪਰਾਧ ਦੀ ਨਿਰਪੱਖ ਅਤੇ ਪਾਰਦਰਸ਼ੀ ਰਿਪੋਰਟਿੰਗ ਦੀ ਨੀਤੀ ਦੀ ਪਾਲਣਾ ਕਰਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲਾਪਤਾ ਵਿਅਕਤੀਆਂ ਦੀ ਰਿਪੋਰਟ ਨਾ ਸਿਰਫ਼ ਸਥਾਨਕ ਪੁਲੀਸ ਸਟੇਸ਼ਨਾਂ ਵਿੱਚ ਸਗੋਂ ਆਨਲਾਈਨ ਜਾਂ ERSS 112 ਰਾਹੀਂ ਵੀ ਕੀਤੀ ਜਾ ਸਕਦੀ ਹੈ। ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (SOPs) ਦੇ ਤਹਿਤ, ਦਿੱਲੀ ਪੁਲੀਸ ਲਾਪਤਾ ਬੱਚਿਆਂ ਨੂੰ ਲੱਭਣ ਨੂੰ ਪਹਿਲ ਦਿੰਦੀ ਹੈ ਅਤੇ ਤੁਰੰਤ ਕਾਰਵਾਈ ਕਰਦੀ ਹੈ।

**ਕੀ ਕਹਿੰਦੇ ਹਨ ਅਧਿਕਾਰਤ ਅੰਕੜੇ**

ਤਿਆਗੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬੱਚਿਆਂ ਦੇ ਲਾਪਤਾ ਹੋਣ ਜਾਂ ਅਗਵਾ ਹੋਣ ਦੇ ਮਾਮਲਿਆਂ ਵਿੱਚ ਕੋਈ ਸੰਗਠਿਤ ਗਿਰੋਹ ਸ਼ਾਮਲ ਨਹੀਂ ਪਾਇਆ ਗਿਆ ਹੈ। ਦਿੱਲੀ ਪੁਲੀਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸ਼ਹਿਰ ਦੀ ਵਧਦੀ ਆਬਾਦੀ ਦੇ ਬਾਵਜੂਦ ਪਿਛਲੇ ਇੱਕ ਦਹਾਕੇ ਵਿੱਚ ਲਾਪਤਾ ਹੋਣ ਵਾਲੇ ਲੋਕਾਂ ਦੀ ਗਿਣਤੀ ਕਾਫ਼ੀ ਹੱਦ ਤੱਕ ਸਥਿਰ ਰਹੀ ਹੈ, ਜੋ 2016 ਤੋਂ 23,000 ਤੋਂ 24,000 ਦੇ ਵਿਚਕਾਰ ਹੈ। ਉਨਾਂ ਕਿਹਾ ਕਿ ਜਨਵਰੀ 2026 ਵਿੱਚ 1,777 ਲਾਪਤਾ ਮਾਮਲੇ ਦਰਜ ਕੀਤੇ ਗਏ ਸਨ, ਜਦਕਿ ਕੌਮੀ ਰਾਜਧਾਨੀ ਵਿੱਚ ਪ੍ਰਤੀ ਮਹੀਨਾ ਔਸਤਨ ਲਗਪਗ 2,000 ਮਾਮਲੇ ਹੁੰਦੇ ਹਨ। ਅੰਕੜੇ ਦੱਸਦੇ ਹਨ ਕਿ 2016 ਤੋਂ ਹੁਣ ਤੱਕ ਕੁੱਲ 1,80,805 ਲਾਪਤਾ ਵਿਅਕਤੀਆਂ ਨੂੰ ਲੱਭ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਹੈ, ਜੋ ਕਿ ਲਗਭਗ 77 ਫੀਸਦੀ ਦੀ ਰਿਕਵਰੀ ਦਰ ਨੂੰ ਦਰਸਾਉਂਦਾ ਹੈ।

## ਰਾਜਪਾਲ ਪੰਜਾਬ ਦੀ ਅਗਵਾਈ ਹੇਠ ਫਾਜ਼ਿਲਕਾ ਜ਼ਿਲ੍ਹੇ 'ਚ ਨਸ਼ਿਆਂ ਵਿਰੁੱਧ ਪੈਦਲ ਯਾਤਰਾ 12 ਫ਼ਰਵਰੀ ਨੂੰ : ਅਮਰਪ੍ਰੀਤ ਕੌਰ ਸੰਧੂ



**ਫਾਜ਼ਿਲਕਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਰਾਜਪਾਲ ਪੰਜਾਬ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਵੱਡੀ ਪਹਿਲਕਦਮੀ ਤਹਿਤ ਜ਼ਿਲ੍ਹਾ ਫਾਜ਼ਿਲਕਾ ਵਿੱਚ 11 ਤੇ 12 ਫ਼ਰਵਰੀ ਨੂੰ 'ਨਸ਼ਿਆਂ ਵਿਰੁੱਧ ਪੈਦਲ ਯਾਤਰਾ' ਕੱਢੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਪੈਦਲ ਯਾਤਰਾ ਦੀਆਂ ਅਗਾਊ ਤਿਆਰੀਆਂ ਸਬੰਧੀ ਵੱਖ-ਵੱਖ ਵਿਭਾਗਾਂ ਵੱਲੋਂ ਮੁਕੰਮਲ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਸਾਂਝੀ ਕੀਤੀ।

ਡਿਪਟੀ ਕਮਿਸ਼ਨਰ ਨੇ ਰਾਜਪਾਲ ਦੇ ਫਾਜ਼ਿਲਕਾ ਜ਼ਿਲ੍ਹੇ ਦੇ ਦੌਰੇ ਅਤੇ ਪੈਦਲ ਯਾਤਰਾ ਸਬੰਧੀ ਤਿਆਰੀਆਂ ਨੂੰ ਸਮੇਂ ਰਹਿੰਦੇ ਮੁਕੰਮਲ ਕਰਨ ਨੂੰ ਲੈ ਕੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਿਤੀ 11 ਫਰਵਰੀ 2026 ਨੂੰ ਮਾਨਯੋਗ ਰਾਜਪਾਲ ਪੰਜਾਬ ਜੀ ਫਾਜ਼ਿਲਕਾ ਦੇ ਜੱਟਵਾਲੀ ਮੁੜ ਵਸੇਬਾ ਕੇਂਦਰ ਦਾ ਦੌਰਾ ਕਰਨਗੇ।

ਇਸ ਉਪਰੰਤ ਸੰਜੀਵ ਸਿਨੇਮਾ ਫਾਜ਼ਿਲਕਾ ਤੋਂ ਘੰਟਾ ਘਰ ਫਾਜ਼ਿਲਕਾ ਤੱਕ ਪੈਦਲ ਮਾਰਚ ਦੀ ਅਗਵਾਈ ਕਰਨਗ੍ਹੇ ਇਸ ਤੋਂ ਇਲਾਵਾ ਮਾਨਯੋਗ ਰਾਜਪਾਲ ਪੰਜਾਬ ਆਸਫ ਵਾਲਾ ਸ਼ਹੀਦੀ ਸਮਾਰਕ ਵਿਖੇ ਵੀ ਨਤਮਸਤਕ ਹੋਣਗ੍ਹੇ ਇਸ ਮੌਕੇ ਉਨ੍ਹਾਂ ਵੱਲੋਂ ਸਰਹੱਦੀ ਜ਼ਿਲ੍ਹੇ ਦੀਆਂ ਪਿੰਡ ਸੁਰੱਖਿਆ ਕਮੇਟੀਆਂ (ਵੀ.ਡੀ.ਸੀ) ਨਾਲ ਮੀਟਿੰਗ ਕੀਤੀ ਜਾਵੇਗੀ੍ਹ।

ਜ਼ਿਲ੍ਹਾ ਫਾਜ਼ਿਲਕਾ ਦੇ ਦੂਸਰੇ ਦਿਨ ਦੇ ਦੌਰੇ ਦੌਰਾਨ ਮਾਨਯੋਗ ਰਾਜਪਾਲ ਪੰਜਾਬ 12 ਫਰਵਰੀ 2026 ਨੂੰ ਮਿਉਂਸਪਲ ਕਾਰਪੋਰੇਸ਼ਨ ਦਫਤਰ ਅਬੋਹਰ ਤੋਂ ਡੀ.ਏ.ਵੀ. ਕਾਲਜ ਅਬੋਹਰ ਤੱਕ ਨਸ਼ਿਆਂ ਵਿਰੁੱਧ ਕੱਢੀ ਜਾ ਰਹੀ ਪੈਦਲ ਯਾਤਰਾ ਦੀ ਅਗਵਾਈ ਕਰਨਗੇ। ਇਸ ਦੌਰਾਨ ਪੰਜਾਬ ਦੇ ਰਾਜਪਾਲ ਲੋਕਾਂ ਦੇ ਨਾਮ ਆਪਣਾ ਸੰਦੇਸ਼ ਵੀ ਦੇਣਗੇ। ਇਸ ਪੈਦਲ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਅਤੇ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਆਦਿ ਸ਼ਾਮਿਲ ਹੋ ਕੇ ਨਸ਼ੇ ਤਿਆਗਣ ਅਤੇ ਨਸ਼ਿਆਂ ਦੇ ਖਾਤਮੇ ਲਈ ਇੱਕਜੁਟ ਹੋਣ ਦਾ ਸੱਦਾ ਦੇਣਗੇ।

ਡਿਪਟੀ ਕਮਿਸ਼ਨਰ ਨੇ ਇਸ ਪੈਦਲ ਯਾਤਰਾ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੁਰੱਖਿਆ ਪ੍ਰਬੰਧਾਂ, ਟ?ਰੈਫਿਕ ਨਿਯੰਤਰਣ, ਸਾਫ਼-ਸਫ਼ਾਈ, ਸਿਹਤ ਸਹੂਲਤਾਂ, ਮੈਡੀਕਲ ਟੀਮਾਂ ਅਤੇ ਸਮਾਗਮ ਦੌਰਾਨ ਲੋੜੀਂਦੀਆਂ ਵਿਵਸਥਾਵਾਂ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਦੇ ਹੋਏ ਇਸ ਜਾਗਰੂਕਤਾ ਪੈਦਲ ਯਾਤਰਾ ਨੂੰ ਸਫਲ ਬਣਾਉਣ ਦੀ ਹਦਾਇਤ ਕੀਤੀ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਸਹਾਇਕ ਕਮਿਸ਼ਨਰ ਅਮਨਦੀਪ ਸਿੰਘ ਮਾਵੀ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

# ਹਰਿਆਣਾ ਵਿੱਚ ਤਰਜੀਹੀ ਖੇਤਰ ਕਰਜ਼ਾ ਦੇਣ ਦੀ ਸੰਭਾਵਨਾ 3.67 ਲੱਖ ਕਰੋੜ ਤੱਕ ਪਹੁੰਚ ਗਈ, ਨਾਬਾਰਡ ਨੇ ਸਟੇਟ ਫੋਕਸ ਪੇਪਰ ਜਾਰੀ ਕੀਤਾ

➢ ਖੇਤੀਬਾੜੀ ਨੂੰ ਲਾਭਦਾਇਕ ਬਣਾਏ ਬਿਨਾਂ ਪੇਂਡੂ ਖੁਸ਼ਹਾਲੀ ਅਸੰਭਵ : ਮੁੱਖ ਮੰਤਰੀ ਨਾਇਬ ਸਿੰਘ ਸੈਣੀ
➢ ਨਵੀਨਤਾ, ਤਕਨਾਲੋਜੀ ਅਤੇ ਵਿੱਤੀ ਸਹਾਇਤਾ ਨਾਲ ਹਰਿਆਣਾ ਦੀ ਗ੍ਰਾਮੀਣ ਅਰਥਵਿਵਸਥਾ ਨੂੰ ਬਦਲੇਗੀ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਨਾਬਾਰਡ ਦੁਆਰਾ ਆਯੋਜਿਤ ਰਾਜ ਪੱਧਰੀ ਕ੍ਰੈਡਿਟ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਨੇ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਦਲਦੇ ਸਮੇਂ ਦੇ ਨਾਲ, ਖੇਤੀਬਾੜੀ ਅਤੇ ਪੇਂਡੂ ਅਰਥਵਿਵਸਥਾ ਨੂੰ ਕਈ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਵਿੱਚ ਭੂਮੀਗਤ ਪਾਣੀ ਦੇ ਪੱਧਰ ਵਿੱਚ ਗਿਰਾਵਟ, ਮਿੱਟੀ ਦੀ ਸਿਹਤ ਵਿੱਚ ਵਿਗੜਦੀ ਗਿਰਾਵਟ, ਜਲਵਾਯੂ ਪਰਿਵਰਤਨ ਅਤੇ ਵਧਦੀ ਉਤਪਾਦਨ ਲਾਗਤ ਸ਼ਾਮਲ ਹਨ। ਇਨ੍ਹਾਂ ਚੁਣੌਤੀਆਂ ਨੂੰ ਰਵਾਇਤੀ ਤਰੀਕਿਆਂ ਨਾਲ ਨਹੀਂ, ਸਗੋਂ ਨਵੀਨਤਾ, ਤਕਨਾਲੋਜੀ ਅਤੇ ਸੰਸਥਾਗਤ ਵਿੱਤੀ ਸਹਾਇਤਾ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

ਇਸ ਮੌਕੇ 'ਤੇ, ਮੁੱਖ ਮੰਤਰੀ ਨੇ ਨਾਬਾਰਡ ਦੁਆਰਾ ਤਿਆਰ ਕੀਤਾ ਗਿਆ ਸਾਲ 2026-27 ਲਈ ਸਟੇਟ ਫੋਕਸ ਪੇਪਰ ਵੀ ਜਾਰੀ ਕੀਤਾ। ਹਰਿਆਣਾ ਦੇ ਤਰਜੀਹੀ ਖੇਤਰ ਕਰਜ਼ਾ ਦੇਣ ਦੀ ਸੰਭਾਵਨਾ 367,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ 17 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਇਸ ਮੌਕੇ 'ਤੇ, ਮੁੱਖ ਮੰਤਰੀ ਨੇ ਕਈ ਕਮੇਟੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਸਨਮਾਨਿਤ ਵੀ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਨੂੰ ਲਾਭਦਾਇਕ ਬਣਾਏ ਬਿਨਾਂ ਪੇਂਡੂ ਖੁਸ਼ਹਾਲੀ ਅਸੰਭਵ ਹੈ। ਇਸ ਲਈ, ਸਾਨੂੰ ਘੱਟ ਜ਼ਮੀਨ ਤੋਂ ਵਧੇਰੇ ਉਤਪਾਦਨ ਅਤੇ ਪਰ ਡ੍ਰੌਪ ਮੋਰ ਕਰੋਪ ਦੇ ਮੰਤਰ ਨੂੰ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੁਨਿਆਦੀ ਢਾਂਚਾ ਪੇਂਡੂ ਵਿਕਾਸ ਲਈ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਕਰਜ਼ੇ ਤੱਕ ਪਹੁੰਚ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੰਚਾਈ, ਸਟੋਰੇਜ, ਵੇਅਰਹਾਊਸਿੰਗ, ਪੇਂਡੂ ਸੜਕਾਂ, ਬਿਜਲੀ ਅਤੇ ਡਿਜੀਟਲ ਕਨੈਕਟੀਵਿਟੀ ਵਿਕਾਸ ਲਈ ਬੁਨਿਆਦੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲਾ ਬਜਟ ਸਮਾਰਟ ਐਗਰੀਕਲਚਰ ਜ਼ੋਨਾਂ 'ਤੇ ਕੇਂਦ੍ਰਿਤ ਹੋਵੇਗਾ, ਅਤੇ ਇਸ ਉਦੇਸ਼ ਲਈ ਸਮਰਪਿਤ ਕਲੱਸਟਰ ਬਣਾਏ ਜਾ ਰਹੇ ਹਨ। ਕਿਸਾਨਾਂ ਨੂੰ ਰਵਾਇਤੀ ਖੇਤੀ ਛੱਡਣ ਅਤੇ ਨਵੇਂ, ਆਧੁਨਿਕ ਖੇਤੀ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਲਈ ਕਿੰਨੂ, ਅਮਰੂਦ, ਸਟ੍ਰਾਬੇਰੀ, ਲੀਚੀ ਆਦਿ ਲਈ ਕਲੱਸਟਰ ਬਣਾਏ ਜਾ ਰਹੇ ਹਨ। ਕਿਸਾਨਾਂ ਨੂੰ ਗੰਨੇ ਦੀ ਖੇਤੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮਿੱਟੀ ਤੋਂ ਮਸ਼ੀਨ ਅਤੇ ਖੇਤ ਤੋਂ ਬਾਜ਼ਾਰ ਪਾਈਪਲਾਈਨ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ ਤਾਂ ਜੋ ਕਿਸਾਨ ਇੱਕ ਬਿਹਤਰ ਬਾਜ਼ਾਰ ਤੱਕ ਪਹੁੰਚ ਕਰ ਸਕਣ ਅਤੇ ਆਪਣੀਆਂ ਫਸਲਾਂ ਲਈ ਵਧੀਆ ਕੀਮਤਾਂ ਪ੍ਰਾਪਤ ਕਰ ਸਕਣ।

ਮੁੱਖ ਮੰਤਰੀ ਨੇ ਬੈਂਕਾਂ ਨੂੰ ਅਪੀਲ ਕੀਤੀ ਕਿ ਉਹ ਹਰੇਕ ਯੋਗ ਕਿਸਾਨ ਨੂੰ ਸਮੇਂ ਸਿਰ, ਸਰਲ ਅਤੇ ਪਾਰਦਰਸ਼ੀ ਕਰਜ਼ਾ ਪ੍ਰਦਾਨ ਕਰਨ ਤਾਂ ਜੋ ਸਾਡੇ ਭੋਜਨ ਪ੍ਰਦਾਤਾ ਵਿਚੋਲਿਆਂ ਦੇ ਚੁੰਗਲ ਤੋਂ ਮੁਕਤ ਹੋ ਕੇ ਸਵੈ-ਨਿਰਭਰ ਬਣ ਸਕਣ। ਨਾਬਾਰਡ ਇਸ ਯਤਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਨਾਬਾਰਡ ਖੇਤੀਬਾੜੀ ਅਤੇ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਲਗਾਤਾਰ ਸਮਰਥਨ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਐਮਐਸਐਮਈ, ਸਵੈ-ਸਹਾਇਤਾ ਸਮੂਹ, ਮਹਿਲਾ ਉੱਦਮੀ ਅਤੇ ਸਹਿਕਾਰੀ ਗ੍ਰਾਮੀਣ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਰਿਆਣਾ ਵਿੱਚ 710 ਪੈਕਸ ਹਨ। ਇਸ ਤੋਂ ਇਲਾਵਾ, ਸਹਿਕਾਰੀ ਬੈਂਕਾਂ ਦਾ ਕੰਪਿਊਟਰੀਕਰਣ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਪੀਏਸੀਐੱਸ ਵਿੱਚ ਪੂਰਾ ਵਿਸ਼ਵਾਸ ਹੈ, ਪਰ ਹਾਲ ਹੀ ਵਿੱਚ, ਕਿਸਾਨਾਂ ਵਿੱਚ ਉਨ੍ਹਾਂ ਦੇ ਕੰਮਕਾਜ ਬਾਰੇ ਚਿੰਤਾ ਪੈਦਾ ਹੋਈ ਹੈ। ਸਾਨੂੰ ਇਸ ਵਿਸ਼ਵਾਸ ਨੂੰ ਬਹਾਲ ਕਰਨ ਦੀ ਜ਼ਰੂਰਤ ਹੈ, ਕਿਉਂਕਿ ਪੀਏਸੀਐੱਸ ਪੇਂਡੂ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਹਕਾਰ ਸੇ ਸ੍ਰਮਿੱਧੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਲਗਾਤਾਰ ਕਈ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਵਿੱਚ ਮੇਰੀ ਫਸਲ ਮੇਰਾ ਬਿਓਰਾ ਪੋਰਟਲ ਰਾਹੀਂ ਕਿਸਾਨਾਂ ਦੀ ਖੇਤੀਬਾੜੀ ਬਾਰੇ ਜਾਣਕਾਰੀ ਅਪਲੋਡ ਕੀਤੀ ਗਈ। ਮੰਗ ਅਨੁਸਾਰ ਕਿਸਾਨਾਂ ਨੂੰ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਈ ਗਈ। ਖਾਦਾਂ ਦੀ ਕਾਲਾਬਾਜ਼ਾਰੀ ਬੰਦ ਹੋ ਗਈ, ਅਤੇ ਸਬਸਿਡੀ ਵਿੱਚ ਲਗਭਗ 700 ਕਰੋੜ ਰੁਪਏ ਦੀ ਬਚਤ ਵੀ ਹੋਈ।

ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ 2047 ਤੱਕ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਬੈਂਕ ਇਸ ਯਤਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਾਰੇ ਬੈਂਕਾਂ ਨੂੰ ਆਸਾਨ ਕਰਜ਼ਾ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸਾਡੇ ਕਿਸਾਨ ਸਵੈ-ਨਿਰਭਰ ਬਣ ਸਕਣ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਦਾ ਰਸਤਾ ਵਿਕਸਿਤ ਹਰਿਆਣਾ ਵਿੱਚੋਂ ਲੰਘੇਗਾ। ਇਸ ਵਿੱਚ, ਨਾਬਾਰਡ, ਬੈਂਕਾਂ, ਰਾਜ ਸਰਕਾਰ ਅਤੇ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਨਾਲ, ਅਸੀਂ ਇੱਕ ਅਜਿਹਾ ਹਰਿਆਣਾ ਬਣਾਵਾਂਗੇ ਜਿੱਥੇ ਖੁਸ਼ਹਾਲੀ ਆਖਰੀ ਵਿਅਕਤੀ ਤੱਕ ਪਹੁੰਚੇ।

ਇਸ ਮੌਕੇ, ਨਾਬਾਰਡ ਦੀ ਮੁੱਖ ਜਨਰਲ ਮੈਨੇਜਰ, ਨਿਵੇਦਿਤਾ ਤਿਵਾਰੀ ਨੇ ਮੁੱਖ ਮੰਤਰੀ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ, ਨਾਬਾਰਡ ਦੀ ਰਿਪੋਰਟ ਵਿਸਥਾਰ ਨਾਲ ਪੇਸ਼ ਕੀਤੀ। ਉਨ੍ਹਾਂ ਦੱਸਿਆ ਕਿ ਨਾਬਾਰਡ ਨੇ ਸਾਲ 2026-27 ਲਈ ਹਰਿਆਣਾ ਵਿੱਚ ਤਰਜੀਹੀ ਖੇਤਰ ਕਰਜ਼ੇ ਦੇ ਤਹਿਤ 3.67 ਲੱਖ ਕਰੋੜ ਰੁਪਏ ਦੀ ਕਰਜ਼ਾ ਸੰਭਾਵਨਾ ਦਾ ਅਨੁਮਾਨ ਲਗਾਇਆ ਹੈ, ਜੋ ਕਿ ਪਿਛਲੇ ਸਾਲ ਨਾਲੋਂ 17 ਪ੍ਰਤੀਸ਼ਤ ਵੱਧ ਹੈ। ਇਸ ਵਿੱਚ, ਖੇਤੀਬਾੜੀ ਖੇਤਰ ਲਈ 1.32 ਲੱਖ ਕਰੋੜ ਰੁਪਏ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (MSME) ਖੇਤਰ ਲਈ 2.11 ਲੱਖ ਕਰੋੜ ਰੁਪਏ ਦੀ ਕਰਜ਼ਾ ਸੰਭਾਵਨਾ ਨਿਰਧਾਰਤ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵਿਕਸਿਤ ਹਰਿਆਣਾ - ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕਿਸਾਨਾਂ, ਉੱਦਮੀਆਂ ਅਤੇ ਗ੍ਰਾਮੀਣ ਅਰਥਵਿਵਸਥਾ ਨੂੰ ਸਸ਼ਕਤ ਬਣਾਉਣ ਲਈ ਬੈਂਕਿੰਗ ਅਤੇ ਵਿੱਤੀ ਸੰਸਥਾਵਾਂ ਨਾਲ ਤਾਲਮੇਲ ਵਾਲੇ ਯਤਨ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਨਾਬਾਰਡ ਮਹਿਲਾ ਸਸ਼ਕਤੀਕਰਣ 'ਤੇ ਵਿਸ਼ੇਸ਼ ਧਿਆਨ ਦੇ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੇਂਡੂ ਬੁਨਿਆਦੀ ਢਾਂਚਾ ਵਿਕਾਸ ਲਈ ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫੰਡ (RIDF) ਦੇ ਤਹਿਤ ਹੁਣ ਤੱਕ 18,393 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ, ਜਿਸ ਵਿੱਚੋਂ 14,066 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਨ੍ਹਾਂ ਫੰਡਾਂ ਦੀ ਵਰਤੋਂ ਸੜਕਾਂ, ਸਿੰਚਾਈ, ਨਵਿਆਉਣਯੋਗ ਊਰਜਾ, ਅਨਾਜ ਭੰਡਾਰਨ, ਪੀਣ ਵਾਲਾ ਪਾਣੀ, ਸੈਨੀਟੇਸ਼ਨ ਅਤੇ ਬਿਜਲੀ ਵਰਗੇ ਖੇਤਰਾਂ ਵਿੱਚ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਟੇਟ ਫੋਕਸ ਪੇਪਰ 2026-27 ਫਸਲ ਵਿਭਿੰਨਤਾ, ਪਾਣੀ ਸੰਭਾਲ, ਸੂਖਮ-ਸਿੰਚਾਈ, ਬਾਗਬਾਨੀ, ਮੁੱਲ ਵਾਧਾ, ਜਲਵਾਯੂ-ਲਚਕੀਲਾ ਖੇਤੀਬਾੜੀ, ਕਿਸਾਨ ਉਤਪਾਦਕ ਸੰਗਠਨਾਂ (FPOs) ਨੂੰ ਮਜ਼ਬੂਤ ਕਰਨ, ਪੇਂਡੂ MSMEs, ਨਵਿਆਉਣਯੋਗ ਊਰਜਾ ਅਤੇ ਸਮਾਜਿਕ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਵਰਗੇ ਖੇਤਰਾਂ ਨੂੰ ਤਰਜੀਹ ਦਿੰਦਾ ਹੈ ਤਾਂ ਜੋ ਸਹਕਾਰ ਸੇ ਸ੍ਰਮਿੱਧੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕੀਤਾ ਜਾ ਸਕੇ।

ਇਸ ਮੌਕੇ ਏਸੀਐੱਸ ਅਨੁਰਾਗ ਅਗਰਵਾਲ, ਕਮਿਸ਼ਨਰ ਅਤੇ ਸਕੱਤਰ ਸੀ ਜੀ ਰਜਨੀਕਾਂਥਨ, ਕ੍ਰਿਸ਼ਨਾ ਸ਼ਰਮਾ ਸਮੇਤ ਬੈਂਕ ਪ੍ਰਤੀਨਿਧੀ, ਅਧਿਕਾਰੀ ਆਦਿ ਮੌਜੂਦ ਸਨ।

## ਮਾਂ ਬੱਚੇ ਦੀ ਪਹਲੀ ਗੁਰੂ ਹੈ,ਸਾਡੀਆਂ ਮਾਵਾਂ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ : ਸੱਤ ਮੁਨੀ ਜੀ

**ਜੈਤੋਂ,9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੈਤੋ ਵਿੱਚ ਧਰਮ ਸੰਮੇਲਨ ਆਯੋਜਨ ਸਮਿਤੀ ਵੱਲੋਂ 5 ਫਰਵਰੀ ਨੂੰ ਸ਼੍ਰੀ ਗੀਤਾ ਭਵਨ ਵਿੱਚ ਤੀਸਰੇ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਸੰਮੇਲਨ ਵਿੱਚ ਵਿਸ਼ੇਸ਼ ਆਸ਼ੀਰਵਾਦ ਦੇਣ ਲਈ ਮਹੰਤ ਸੱਤ ਮੁਨਿ ਜੀ(ਭਗਤੂਆਣਾ ਵਾਲੇ) ਅਤੇ ਸ਼੍ਰੀ ਮਾਨ ਅਨਿਲ ਜੀ(ਫਾਰਮੇਸੀ ਅਫਸਰ) ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।

ਸਮਿਤੀ ਅਤੇ ਗੀਤਾ ਭਵਨ ਮੰਡਲੀ ਵੱਲੋਂ ਧਰਮ ਸੰਮੇਲਨ ਵਾਲੇ ਦਿਨ ਪ੍ਰਭਾਤ ਫੇਰੀ ਕੱਢ ਕੇ ਲੋਕਾਂ ਨੂੰ ਧਰਮ ਸੰਮੇਲਨ ਵਿੱਚ ਪੁਹੰਚਣ ਦੀ ਅਪੀਲ ਕੀਤੀ ਗਈ। ਜੈਤੋ ਦੇ ਪਤਵੰਤੇ ਸੱਜਣ, ਧਰਮ ਪ੍ਰੇਮੀ ਅਤੇ ਭਾਰੀ ਗਿਣਤੀ ਵਿੱਚ ਮਹਿਲਾਵਾਂ ਨੇ ਹਿੱਸਾ ਲਿਆ। ਕਾਰਜਕਰਮ ਦੀ ਸ਼ੁਰੂਆਤ ਗੀਤਾ ਭਵਨ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਸੰਕੀਰਤਨ ਕਰਕੇ ਕੀਤੀ ਗਈ।

ਸੰਮੇਲਨ ਦਾ ਮੰਚ ਸੰਚਾਲਨ ਸ਼੍ਰੀਮਤੀ ਲਤਾ ਬਾਂਸਲ ਨੇ ਕੀਤਾ,ਨੈਤਿਕ ਸਿੱਖਿਆ ਅਤੇ ਸਵਦੇਸ਼ੀ ਦੀ ਜਾਣਕਾਰੀ ਦਿੰਦਿਆਂ ਉਹਨਾਂ ਨੇ ਕਿਹਾ ਕਿ ਸਾਨੂੰ ਆਪਣੇ ਦੇਸ਼ ਨਾਲ ਪਿਆਰ ਅਤੇ ਭਗਤੀ ਦੀ ਭਾਵਨਾ ਰੱਖਣੀ ਚਾਹੀਦੀ ਹੈ। ਸੰਮੇਲਨ ਵਿੱਚ ਛੋਟੇ ਛੋਟੇ ਬੱਚਿਆ ਨੇ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਸੁਣਾਇਆ।

ਮਹੰਤ ਸੱਤ ਜੀ ਨੇ ਅਪਣੇ ਪ੍ਰਵਚਨਾਂ ਰਾਹੀਂ ਮਾਵਾਂ ਨੂੰ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਲਈ ਕਿਹਾ। ਓਹਨਾਂ ਕਿਹਾ ਮਾਂ ਬੱਚੇ ਦੀ ਪਹਲੀ ਗੁਰੂ ਹੁੰਦੀ ਹੈ। ਜੇਕਰ ਮਾਂ ਚਾਹੇ ਤਾਂ ਬੱਚੇ ਨੂੰ ਡਾਕੂ ਬਣਾ ਸਕਦੀ ਹੈ ਮਾਂ ਚਾਹੇ ਤਾਂ ਬੱਚੇ ਨੂੰ ਸਾਧੂ ਬਣਾ ਸਕਦੀ ਹੈ। ਬਚਪਨ ਤੋਂ ਹੀ ਮਾਵਾਂ ਬੱਚਿਆ ਨੂੰ ਫੋਨ ਫੜਾਉਣ ਦੀ ਜਗ੍ਹਾ, ਦੇਸ਼ਭਗਤ ਮਹਾਪੁਰਸ਼ਾ ਦੀਆਂ ਕਹਾਣੀਆਂ ਧਰਮ ਦੀਆਂ ਗੱਲਾਂ ਸਿਖਾਉਣ। ਸੰਮੇਲਨ ਵਿੱਚ ਮੁੱਖ ਬੁਲਾਰੇ ਵਜੋਂ ਅਨਿਲ ਜੀ ਨੇ 5 ਤਰ੍ਹਾਂ ਦੇ ਬਦਲਾਅ ਦੀ ਗੱਲ ਕੀਤੀ। ਓਹਨਾਂ ਕਿਹਾ ਜੇਕਰ ਹਰ ਨਾਗਰਿਕ ਅਪਣੇ ਨਿਜੀ ਜੀਵਨ ਵਿੱਚ ਇਹ 5 ਤਰ੍ਹਾਂ ਦੇ ਬਦਲਾਅ ਲੈ ਆਵੇ ਤਾਂ ਭਾਰਤ ਨੂੰ ਵਿਸ਼ਵ ਗੁਰੂ ਬਣਨ ਤੋਂ ਕੋਈ ਨਹੀਂ ਰੋਕ ਸਕਦਾ।

1.ਸਮਾਜਿਕ ਸਮਰਸਤਾ : ਭੇਦਭਾਵ ਨੂੰ ਜੜ੍ਹੋਂ ਖਤਮ ਕਰਨ ਲਈ।

2.ਪਰਿਆਵਰਨ ਸੁਰੱਖਿਆ : ਵੇਦਾਂ ਅਨੁਸਾਰ ਪ੍ਰਕਿਰਤੀ ਨੂੰ ਪੁੱਜਣਾ ਚਾਹਿਦਾ।ਵਿਆਹ ਸ਼ਾਦੀ ਵਿੱਚ ਡਿਸਪੋਜ਼ਲ ਅਤੇ ਪਲਾਸਟਿਕ ਦੀ ਵਰਤੋਂ ਬੰਦ ਕਰਕੇ ਅਤੇ ਵੱਧ ਤੋਂ ਵੱਧ ਬੂਟੇ ਲਗੀਏ।

3.ਪਰਿਵਾਰ ਪ੍ਰਬੋਧਨ : ਪਰਿਵਾਰਕ ਏਕਤਾ ਦੇ ਲਈ ਹਫ਼ਤੇ ਵਿੱਚ ਇੱਕ ਵਾਰ ਪੂਰਾ ਪਰਿਵਾਰ ਮੰਦਰ/ਗੁਰੂਘਰ ਜਾਣ ਅਤੇ ਇਕੱਠੇ ਬੈਠ ਕੇ ਭੋਜਨ ਕਰਨ ਦੀ ਪ੍ਰਥਾ।

4.ਸਵਦੇਸ਼ੀ ਅਪਣਾਉਣਾ : ਦੇਸ਼ ਅਤੇ ਸ਼ਹਿਰ ਵਿੱਚ ਬਣੀਆਂ ਵਸਤੂਆਂ ਦੀ ਵਰਤੋਂ, ਮਹਾਂਪੁਰਸ਼ਾਂ ਦੇ ਇਤਿਹਾਸ ਨਾਲ ਬੱਚਿਆਂ ਨੂੰ ਜਾਣੂ ਕਰਵਾਉਣਾ।

5.ਨਾਗਰਿਕ ਕਰਤੱਵ : ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਦੀ ਸਮਝ ਅਤੇ ਕਾਨੂੰਨ ਦੀ ਪਾਲਣਾ ਜ਼ਿੰਮੇਵਾਰੀ ਨਾਲ ਕਰਨਾ।

ਧਰਮ ਸੰਮੇਲਨ ਆਯੋਜਨ ਸਮਿਤੀ ਦੇ ਉੱਪਅਧਿਅਕਸ਼ ਨਵਨੀਤ ਗੋਇਲ ਨੇ ਦੱਸਿਆ ਕਿ ਇਹ ਜੈਤੋ ਵਿੱਚ ਤੀਜਾ ਆਯੋਜਨ ਹੈ ਅਤੇ ਭਵਿੱਖ ਵਿੱਚ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਅਜੇਹੇ ਹੋਰ ਕਾਰਜਕਰਮ ਕਰਵਾਏ ਜਾਣਗੇ। ਉਨ੍ਹਾਂ ਜੈਤੋ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆ ਕੇ ਅਜਿਹੇ ਸਾਰਥਕ ਲੋਕ ਭਲਾਈ ਦੇ ਆਯੋਜਨ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਗੀਤਾ ਭਵਨ ਮਹਿਲਾ ਮੰਡਲੀ,ਧਰਮ ਜਾਗਰਣ ਮੰਚ ਜੈਤੋ, ਸ਼੍ਰੀ ਸਨਾਤਨ ਸੰਕੀਰਤਨ ਅਤੇ ਜਾਗਰਣ ਮੰਡਲ,ਬਾਲਮੀਕੀ ਮੰਦਿਰ,ਬਾਬਾ ਬਾਲਕ ਨਾਥ ਡੇਰਾ,ਰਾਸ਼ਟਰੀ ਸਵੈਯੰਸੇਵਕ ਸੰਘ,ਹਰਿਆਵਲ ਪੰਜਾਬ, ਸ਼੍ਰੀ ਰਮਾਇਣ ਪ੍ਰਚਾਰ ਅਤੇ ਗੀਤਾ ਭਵਨ ਸਮੇਤ ਹੋਰ ਕਈ ਸੰਸਥਾਵਾਂ ਦੇ ਆਗੂ ਹਾਜ਼ਰ ਰਹੇ।

ਇਸ ਦੌਰਾਨ ਸਮਿਤੀ ਦੇ ਕੋਸ਼ਾਧਿਅਕਸ਼ ਹਰੀਸ਼ ਤਾਇਲ, ਸੈਕਟਰੀ ਇਸ਼ੂ ਸ਼ਿਵਾ, ਰਾਜੂ ਚਾਵਲਾ,ਗੋਪਾਲ ਗੋਇਲ ਸਮੇਤ ਮਹਿਲਾ ਮੰਡਲੀ ਤੋਂ ਸੁਮਿੱਤਰਾ ਦੇਵੀ,ਲਤਾ ਬਾਂਸਲ,ਰਮਨ ਸ਼ਾਸਤਰੀ, ਰਾਕੇਸ਼ ਰੋਮਾਣਾ,ਹਿਤੇਸ਼ ਗਰਗ,ਡਾ.ਰਮਨਦੀਪ,ਗਗਨ ਸਿੰਗਲਾ, ਸਤਿਸ਼ ਬਰਗਾੜੀ, ਸੁਰਿੰਦਰ ਗਰਗ,ਰਮੇਸ਼ ਬੰਸਲ,ਰਮੇਸ਼ ਸ਼ਰਮਾ, ਗਗਨ ਮਿੱਤਲ,ਦੇਵਾਸ਼ੂ ਗੋਇਲ, ਚੰਦਰ ਬਾਂਸਲ,ਸ਼ਾਮ ਲਾਲ, ਰਾਕੇਸ਼ ਤਾਇਲ, ਨੀਰਜ,ਹਰਸ਼,ਲਲਿਤ ਸ਼ਰਮਾ ਆਦਿ ਹਾਜ਼ਰ ਸਨ।

# ਸੰਤ ਸਮਾਜ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਨਦਾਰ ਪ੍ਰਬੰਧਾਂ ਲਈ ਭਗਵੰਤ ਸਿੰਘ ਮਾਨ ਸਰਕਾਰ ਦੀ ਸ਼ਲਾਘਾ

**ਖੁਰਾਲਗੜ੍ਹ, 7 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਤ ਸਮਾਜ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਵਿਆਪਕ ਪੱਧਰ 'ਤੇ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਲਈ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਤੋਂ ਪ੍ਰਭਾਵਿਤ ਹੁੰਦਿਆਂ ਇਸ ਨੇਕ ਕਾਰਜ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ।

ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਨਿਰਮਲ ਦਾਸ ਜੀ ਜੌੜੇ ਵਾਲੇ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਸਾਧੂ ਸੰਪਰਦਾ ਸੁਸਾਇਟੀ, ਪੰਜਾਬ ਸਰਕਾਰ ਖਾਸ ਕਰਕੇ ਮੁੱਖ ਮੰਤਰੀ ਨੂੰ ਵਿਆਪਕ ਪ੍ਰਬੰਧ ਕਰਨ ਲਈ ਵਧਾਈ ਦਿੰਦੀ ਹੈ। ਉਨ੍ਹਾਂ ਨੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸਮਾਗਮਾਂ ਲਈ ਸਮੁੱਚੇ ਸੰਤ ਸਮਾਜ ਵੱਲੋਂ ਮੁੱਖ ਮੰਤਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਖੁਰਾਲਗੜ੍ਹ ਵਿਖੇ ਚਾਰ ਸਾਲ ਤੋਂ ਵੱਧ ਸਮਾਂ ਭਗਤੀ ਕਰਕੇ ਇਸ ਅਸਥਾਨ ਨੂੰ ਭਾਗ ਲਾਏ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਅੱਜ ਇਸ ਧਰਤੀ 'ਤੇ 649ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਹੀ ਹੈ।

ਇਸ ਦੌਰਾਨ ਆਪਣੇ ਸੰਬੋਧਨ ਵਿੱਚ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਇਤਿਹਾਸਕ ਦਿਨ ਹੈ ਕਿਉਂਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਮੌਕੇ ਮੁੱਖ ਮੰਤਰੀ ਸਮੁੱਚੀ ਕੈਬਨਿਟ ਅਤੇ ਸੰਸਦ ਮੈਂਬਰਾਂ ਨਾਲ ਸ਼ਰਧਾ ਅਤੇ ਸਤਿਕਾਰ ਭੇਟ ਕਰਨ ਲਈ ਖੁਰਾਲਗੜ੍ਹ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਸਥਾਪਤ ਕਰਨ ਲਈ ਡੇਰਾ ਬੱਲਾਂ ਨੇੜੇ 10 ਏਕੜ ਜ਼ਮੀਨ ਪ੍ਰਦਾਨ ਕੀਤੀ ਹੈ, ਜਿਸ ਲਈ ਉਹ ਸਰਕਾਰ ਦੇ ਧੰਨਵਾਦੀ ਹਨ। ਉਨ੍ਹਾਂ ਨੇ ਇਨ੍ਹਾਂ ਉਪਰਾਲਿਆਂ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਜੋ ਸ੍ਰੀ ਗੁਰੂ ਰਵਿਦਾਸ ਜੀ ਦੀ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਣ ਵਿੱਚ ਬਹੁਤ ਸਹਾਈ ਹੋਣਗੇ।

ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਧਾਰਮਿਕ ਉਤਸ਼ਾਹ ਨਾਲ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਲੜੀਵਾਰ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਹੈ, ਜੋ ਅੱਜ ਸ਼ੁਰੂ ਹੋਈ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੇ ਹਿੱਸੇ ਵਜੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਦੇਸ਼-ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਾਇਆ ਜਾਵੇਗਾ। ਹਰਪਾਲ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਨ੍ਹਾਂ ਸਮਾਗਮਾਂ ਲਈ ਕੈਬਨਿਟ ਸਬ-ਕਮੇਟੀ ਬਣਾਈ ਹੈ, ਜਿਸ ਦੀ ਅਗਵਾਈ ਉਨ੍ਹਾਂ ਨੂੰ ਸੌਂਪੀ ਗਈ ਅਤੇ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਤਰੁਣਪ੍ਰੀਤ ਸਿੰਘ ਸੌਂਦ ਨੇ ਵੀ ਸੰਗਤ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਸ਼ਾਨਦਾਰ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ।

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੇ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਅਸਥਾਨ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਗੜ੍ਹਸ਼ੰਕਰ ਵਿੱਚ ਸਥਿਤ ਹੈ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਸਮੁੱਚੀ ਕੈਬਨਿਟ ਨੇ ਸੰਗਤੀ ਰੂਪ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮੁੱਖ ਮੰਤਰੀ ਅਤੇ ਕੈਬਨਿਟ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਤਪ ਅਸਥਾਨ 'ਤੇ ਵੀ ਮੱਥਾ ਟੇਕਿਆ।

# ਵਿਦੇਸ਼ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਦਾ ਬਦਲਿਆ ਰੁਝਾਨ

**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਚ ਸਿੱਖਿਆ ਲਈ ਵਿਦੇਸ਼ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਦੇ ਰੁਝਾਨ 'ਚ ਸਾਲ 2025 ਦੌਰਾਨ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਅਮਰੀਕਾ ਵਲੋਂ ਵੀਜ਼ਾ ਨਿਯਮਾਂ 'ਚ ਕੀਤੀ ਗਈ ਸਖ਼ਤੀ ਕਾਰਨ ਭਾਰਤੀ ਵਿਦਿਆਰਥੀਆਂ ਦਾ ਮੋਹ ਹੁਣ ਅਮਰੀਕੀ ਸੁਪਨੇ ਤੋਂ ਭੰਗ ਹੁੰਦਾ ਨਜ਼ਰ ਆ ਰਿਹਾ ਹੈ। ਤਾਜ਼ਾ ਅੰਕੜਿਆਂ ਮੁਤਾਬਿਕ ਸਾਲ 2025 'ਚ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ 30 ਫ਼ੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ ਜਦ ਕਿ ਇਸ ਦੇ ਉਲਟ ਯੌਰਪੀ ਦੇਸ਼ਾਂ ਵੱਲ ਖਿੱਚ ਤੇਜ਼ੀ ਨਾਲ ਵਧੀ ਹੈ।

**ਅਮਰੀਕਾ 'ਚ ਵੀਜ਼ਾ ਸਖ਼ਤੀ ਪਈ**

ਵੀਜ਼ਾ ਇੰਟਰਵਿਊ ਲਈ ਸਲਾਟਾਂ ਦੀ ਘਾਟ, ਸਖ਼ਤ ਜਾਂਚ ਅਤੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਵੀਜ਼ਾ ਨੂੰ ਲੈ ਕੇ ਵਧੀ ਅਨਿਸ਼ਚਿਤਤਾ ਨੇ ਵਿਦਿਆਰਥੀਆਂ ਨੂੰ ਚਿੰਤਾ 'ਚ ਪਾ ਦਿੱਤਾ ਹੈ। ਇਸ ਤੋਂ ਇਲਾਵਾ ਅਮਰੀਕੀ ਯੂਨੀਵਰਸਿਟੀਆਂ ਦੀਆਂ ਵੱਧਦੀਆਂ ਫ਼ੀਸਾਂ ਅਤੇ ਰਹਿਣ-ਸਹਿਣ ਦਾ ਖ਼ਰਚਾ ਵੀ ਵਿਦਿਆਰਥੀਆਂ ਨੂੰ ਦੂਜੇ ਵਿਕਲਪ ਲੱਭਣ ਲਈ ਮਜਬੂਰ ਕਰ ਰਿਹਾ ਹੈ।

ਦੂਜੇ ਪਾਸੇ, ਜਰਮਨੀ, ਇਟਲੀ, ਫ਼ਰਾਂਸ ਅਤੇ ਆਇਰਲੈਂਡ ਵਰਗੇ ਦੇਸ਼ ਭਾਰਤੀਆਂ ਲਈ ਨਵੇਂ ਗੜ੍ਹ ਬਣ ਕੇ ਉਭਰੇ ਹਨ।ਇੱਥੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੈ। ਮੁਫ਼ਤ ਸਿੱਖਿਆ ਅਤੇ ਪੜ੍ਹਾਈ ਤੋਂ ਬਾਅਦ 18 ਮਹੀਨੇ ਦੇ ... ਪਸੰਦੀਦਾ ਦੇਸ਼ ਬਣਿਆ ਹੋਇਆ ਹੈ।

**ਇਟਲੀ ਅਤੇ ਫ਼ਰਾਂਸ:** ਇਨ੍ਹਾਂ ਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਪੰਜ ਤੋਂ ਸੱਤ ਗੁਣਾ ਤਕ ਦਾ ਵਾਧਾ ਦੇਖਿਆ ਗਿਆ ਹੈ।

**ਭਾਰਤ-EU ਸਮਝੌਤਾ:** ਭਾਰਤ ਅਤੇ ਯੌਰਪੀ ਸੰਘ (EU) ਵਿਚਾਲੇ ਹੋਏ ਤਾਜ਼ਾ ਵਪਾਰਕ ਅਤੇ ਗਤੀਸ਼ੀਲਤਾ ਸਮਝੌਤੇ ਨੇ ਵੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਰਾਹ ਸੁਖਾਲੇ ਕਰ ਦਿੱਤੇ ਹਨ।

ਸਿਰਫ਼ ਅਮਰੀਕਾ ਹੀ ਨਹੀਂ ਸਗੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਲੋਨ ਦੀ ਮੰਗ 'ਚ ਵੀ 34 ਫ਼ੀਸਦੀ ਦੀ ਕਮੀ ਆਈ ਹੈ। ਵੀਜ਼ਾ ਕੈਪਿੰਗ ਅਤੇ ਰਿਹਾਇਸ਼ੀ ਸੰਕਟ ਕਾਰਨ ਪੰਜਾਬੀ ਵਿਦਿਆਰਥੀ ਹੁਣ ਕੈਨੇਡਾ ਦੀ ਬਜਾਏ ...

# ਨਿਪਾਹ ਵਾਇਰਸ ਦਾ ਖ਼ੌਫ਼

**ਜੋਹੈਨਸਬਰਗ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨਸ਼ਿਆਂ ਦੇ ਮੁਕ

ਕੋਰੋਨਾ ਮਹਾਂਮਾਰੀ ਦੇ ਕਹਿਰ ਤੋਂ ਬਾਅਦ ਹੁਣ ਦੁਨੀਆਂ 'ਤੇ ਇੱਕ ਹੋਰ ਖ਼ਤਰਨਾਕ ਵਾਇਰਸ ਦਾ ਸਾਇਆ ਮੰਡਰਾ ਰਿਹਾ ਹੈ। ਭਾਰਤ ਦੇ ਪੱਛਮੀ ਬੰਗਾਲ 'ਚ ਨਿਪਾਹ ਵਾਇਰਸ ਦੇ ਦੋ ਪੁਸ਼ਟੀ ਕੀਤੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਵਿਸ਼ਵ ਪੱਧਰ 'ਤੇ ਹੜਕੰਪ ਮਚ ਗਿਆ ਹੈ। ਇਸ ਦੇ ਮੱਦੇਨਜ਼ਰ ਦੱਖਣੀ ਅਫ਼ਰੀਕਾ ਸਮੇਤ ਕਈ ਦੇਸ਼ਾਂ ਨੇ ਹਾਈ ਐਲਰਟ ਜਾਰੀ ਕਰ ਦਿੱਤਾ ਹੈ। ਨਿਪਾਹ ਇੱਕ ਜ਼ੂਨੋਟਿਕ ਵਾਇਰਸ ਹੈ ਜਿਸ ਦਾ ਮਤਲਬ ਹੈ ਕਿ ਇਹ ਜਾਨਵਰਾਂ ਤੋਂ ਇਨਸਾਨਾਂ 'ਚ ਫ਼ੈਲਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਿਕ ਇਹ ਮੁੱਖ ਤੌਰ 'ਤੇ ਚਮਗਿਦੜਾਂ ਤੋਂ ਇਨਸਾਨਾਂ 'ਚ ਫ਼ੈਲਦਾ ਹੈ। ਜੇਕਰ ਕੋਈ ਵਿਅਕਤੀ ਚਮਗਿਦੜਾਂ ਦੁਆਰਾ ਜੂਠੇ ਕੀਤੇ ਫ਼ਲ ਖਾਂਦਾ ਹੈ ਜਾਂ ਇਨਫ਼ੈਕਟਿਡ ਜਾਨਵਰਾਂ ਦੇ ਸੰਪਰਕ 'ਚ ਆਉਂਦਾ ਹੈ ਤਾਂ ਉਹ ਇਸ ਦਾ ਸ਼ਿਕਾਰ ਹੋ ਸਕਦਾ ਹੈ। ਇਹ ਇਨਸਾਨ ਤੋਂ ਇਨਸਾਨ 'ਚ ਵੀ ਤੇਜ਼ੀ ਨਾਲ ਫ਼ੈਲ ਸਕਦਾ ਹੈ। ਵਾਇਰਸ ਕੋਰੋਨਾ ਨਾਲੋਂ ਵੀ ਕਿਤੇ ਜ਼ਿਆਦਾ ਖ਼ਤਰਨਾਕ ਹੈ ਕਿਉਂਕਿ ਇਸ ਦੀ ਮੌਤ ਦਰ ਜ਼ਿਆਦਾ ਹੈ।

ਲੱਛਣ: ਤੇਜ਼ ਬੁਖ਼ਾਰ, ਸਿਰ ਦਰਦ, ਸਾਹ ਲੈਣ 'ਚ ਤਕਲੀਫ਼ ਅਤੇ ਗੰਭੀਰ ਮਾਮਲਿਆਂ 'ਚ ਦਿਮਾਗੀ ਸੋਜ। ਇਸ ਦਾ ਪੱਕਾ ਇਲਾਜ ਜਾਂ ਵੈਕਸੀਨ ਉਪਲੱਬਧ ਨਹੀਂ ਹੈ।

ਕੇਂਦਰੀ ਸਿਹਤ ਮੰਤਰਾਲੇ ਨੇ ਦੱਸਿਆ ਕਿ ਪੱਛਮੀ ਬੰਗਾਲ 'ਚ ਦੋ ਨਰਸਾਂ ਇਸ ਵਾਇਰਸ ਦੀ ਲਪੇਟ 'ਚ ਆਈਆਂ ਸਨ। ਹਾਲਾਂਕਿ ਰਾਹਤ ਦੀ ਖ਼ਬਰ ਇਹ ਹੈ ਕਿ ਦੋਵਾਂ ਦੀ ਸਿਹਤ 'ਚ ਸੁਧਾਰ ਹੋਇਆ ਹੈ, ਅਤੇ ਉਨ੍ਹਾਂ ਦੀਆਂ ਰਿਪੋਰਟਾਂ ਹੁਣ ਨੈਗੇਟਿਵ ਆਈਆਂ ਹਨ। ਪ੍ਰਸ਼ਾਸਨ ਵਲੋਂ ਪ੍ਰਭਾਵਿਤ ਇਲਾਕਿਆਂ 'ਚ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ।

ਭਾਰਤ 'ਚ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਦੱਖਣੀ ਅਫ਼ਰੀਕਾ ਦੇ ਸਿਹਤ ਵਿਭਾਗ ਦੇ ਬੁਲਾਰੇ ਫ਼ੋਸਟਰ ਮੋਹਾਲੇ ਨੇ ਕਿਹਾ ਕਿ ਉਹ ਨੈਸ਼ਨਲ ਇੰਸਟੀਚਿਊਟ ਫ਼ੌਰ ਕਮਿਊਨੀਕੇਬਲ ਡਿਜ਼ੀਜ਼ ਦੇ ਨਾਲ ਮਿਲ ਕੇ ਸਥਿਤੀ 'ਤੇ

# ਡਿਜੀਟਲ ਧੋਖਾਦੇਹੀ 'ਚ ਸੁਪਰੀਮ ਕੋਰਟ ਸਖ਼ਤ, ਕਿਹਾ- 54,000 ਕਰੋੜ ਰੁਪਏ ਦਾ ਘਪਲਾ 'ਡਕੈਤੀ' ਦੇ ਬਰਾਬਰ



ਨਵੀਂ ਦਿੱਲੀ- 9 ਫਰਵਰੀ, ਦੇਸ਼ ਵਿੱਚ ਵਧ ਰਹੀ ਡਿਜੀਟਲ ਧੋਖਾਧੜੀ 'ਤੇ ਸਖ਼ਤ ਰੁਖ ਅਖਤਿਆਰ ਕਰਦਿਆਂ ਸੁਪਰੀਮ ਕੋਰਟ ਨੇ 54 ਹਜ਼ਾਰ ਕਰੋੜ ਰੁਪਏ ਦੇ ਗਬਨ ਨੂੰ 'ਪੂਰੀ ਤਰ੍ਹਾਂ ਲੁੱਟ ਅਤੇ ਡਕੈਤੀ' ਕਰਾਰ ਦਿੱਤਾ ਹੈ। ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਐਨ.ਵੀ. ਅੰਜਾਰੀਆ ਦੀ ਬੈਂਚ ਨੇ ਟਿੱਪਣੀ ਕੀਤੀ ਕਿ ਇਹ ਰਕਮ ਕਈ ਛੋਟੇ ਰਾਜਾਂ ਦੇ ਸਾਲਾਨਾ ਬਜਟ ਨਾਲੋਂ ਵੀ ਵੱਧ ਹੈ।

ਬੈਂਕਾਂ ਦੀ ਮਿਲੀਭੁਗਤ 'ਤੇ ਚੁੱਕੇ ਸਵਾਲ

ਅਦਾਲਤ ਨੇ ਖਦਸ਼ਾ ਜਤਾਇਆ ਹੈ ਕਿ ਅਜਿਹੇ ਅਪਰਾਧ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਜਾਂ ਉਨ੍ਹਾਂ ਦੀ ਵੱਡੀ ਲਾਪਰਵਾਹੀ ਕਾਰਨ ਹੋ ਸਕਦੇ ਹਨ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਰਬੀਆਈ (RBI), ਬੈਂਕਾਂ ਅਤੇ ਦੂਰਸੰਚਾਰ ਵਿਭਾਗ ਵਰਗੇ ਹਿੱਸੇਦਾਰਾਂ ਨਾਲ ਮਿਲ ਕੇ ਇਕ ਮਿਆਰੀ ਸੰਚਾਲਨ ਪ੍ਰਕਿਰਿਆ ਤਿਆਰ ਕਰੇ। ਗ੍ਰਹਿ ਮੰਤਰਾਲੇ ਨੂੰ ਇਸ ਸਬੰਧੀ ਚਾਰ ਹਫਤਿਆਂ ਦੇ ਅੰਦਰ ਇਕ ਸਹਿਮਤੀ ਪੱਤਰ ਦਾ ਖਰੜਾ ਤਿਆਰ ਕਰਨ ਲਈ ਕਿਹਾ ਗਿਆ ਹੈ।

'ਡਿਜੀਟਲ ਅਰੈਸਟ' ਵਿਰੁੱਧ ਸਖ਼ਤੀ ਅਤੇ ਮੁਆਵਜ਼ੇ ਦੀ ਮੰਗ

ਅਦਾਲਤ ਨੇ 'ਡਿਜੀਟਲ ਅਰੈਸਟ' ਦੇ ਵਧ ਰਹੇ ਮਾਮਲਿਆਂ 'ਤੇ ਚਿੰਤਾ ਪ੍ਰਗਟਾਈ ਹੈ, ਜਿੱਥੇ ਠੱਗ ਆਪਣੇ ਆਪ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਜਾਂ ਸਰਕਾਰੀ ਅਧਿਕਾਰੀ ਦੱਸ ਕੇ ਲੋਕਾਂ ਨੂੰ ਡਰਾਉਂਦੇ-ਧਮਕਾਉਂਦੇ ਹਨ। ਸੁਪਰੀਮ ਕੋਰਟ ਨੇ ਸੀਬੀਆਈ (329) ਨੂੰ ਦੇਸ਼ ਵਿਆਪੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਗੁਜਰਾਤ ਤੇ ਦਿੱਲੀ ਸਰਕਾਰਾਂ ਨੂੰ ਇਸ ਜਾਂਚ ਲਈ ਲੋੜੀਂਦੀ ਪ੍ਰਵਾਨਗੀ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ, ਅਦਾਲਤ ਨੇ ਆਰਬੀਆਈ ਅਤੇ ਦੂਰਸੰਚਾਰ ਵਿਭਾਗ ਨੂੰ ਹੁਕਮ ਦਿੱਤਾ ਹੈ ਕਿ ਉਹ ਡਿਜੀਟਲ ਠੱਗੀ ਦੇ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਇੱਕ ਢਾਂਚਾ ਤਿਆਰ ਕਰਨ। ਅਦਾਲਤ ਨੇ ਕਿਹਾ ਕਿ ਪੀੜਤਾਂ ਨੂੰ ਮੁਆਵਜ਼ਾ ਦੇਣ ਵੇਲੇ 'ਵਿਹਾਰਕ ਅਤੇ ਉਦਾਰਵਾਦੀ' ਪਹੁੰਚ ਅਪਣਾਉਣ ਦੀ ਲੋੜ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਵਰਤੋਂ 'ਤੇ ਜ਼ੋਰ

ਸੁਪਰੀਮ ਕੋਰਟ ਨੇ ਆਰਬੀਆਈ ਤੋਂ ਸਵਾਲ ਪੁੱਛਿਆ ਹੈ ਕਿ ਸਾਈਬਰ ਅਪਰਾਧੀਆਂ ਦੁਆਰਾ ਵਰਤੇ ਜਾ ਰਹੇ ਬੈਂਕ ਖਾਤਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਫਰੀਜ਼ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਿਉਂ ਨਹੀਂ ਕੀਤੀ ਜਾ ਰਹੀ।

# ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤਾ ਲਿਆਉਣ ਦੀ ਤਿਆਰੀ 'ਚ ਵਿਰੋਧੀ ਧਿਰ



ਨਵੀਂ ਦਿੱਲੀ- 9 ਫਰਵਰੀ, ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤਾ ਲਿਆਉਣ ਦੀ ਯੋਜਨਾ ਬਣਾਈ ਹੈ। ਸੂਤਰਾਂ ਅਨੁਸਾਰ, ਇਹ ਫੈਸਲਾ ਵਿਰੋਧੀ ਧਿਰ ਦੇ ਉਨ੍ਹਾਂ ਦੋਸ਼ਾਂ ਤੋਂ ਬਾਅਦ ਲਿਆ ਗਿਆ ਹੈ ਕਿ ਸਦਨ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ ਦੌਰਾਨ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਪਿਛਲੇ ਹਫ਼ਤੇ ਸਦਨ 'ਚ ਉਸ ਸਮੇਂ ਭਾਰੀ ਹੰਗਾਮਾ ਅਤੇ ਨਾਅਰੇਬਾਜ਼ੀ ਦੇਖਣ ਨੂੰ ਮਿਲੀ ਸੀ ਜਦੋਂ ਰਾਹੁਲ ਗਾਂਧੀ ਨੇ ਚੀਨ ਨਾਲ 2020 ਦੇ ਟਕਰਾਅ ਬਾਰੇ ਚਰਚਾ ਕਰਦਿਆਂ ਸਾਬਕਾ ਫ਼ੌਜ ਮੁਖੀ ਜਨਰਲ ਐੱਮਐੱਮ ਨਰਵਣੇ ਦੀ ਇਕ ਅਣਪ੍ਰਕਾਸ਼ਿਤ ਯਾਦ ਦਾ ਹਵਾਲਾ ਦਿੱਤਾ ਸੀ। ਸਪੀਕਰ ਨੇ ਇਸ 'ਤੇ ਆਪਣਾ ਫੈਸਲਾ ਸੁਣਾਉਂਦਿਆਂ ਰਾਹੁਲ ਗਾਂਧੀ ਨੂੰ ਅਜਿਹਾ ਸਾਹਿਤ ਨਾ ਪੜ੍ਹਨ ਲਈ ਕਿਹਾ ਸੀ ਅਤੇ ਉਨ੍ਹਾਂ ਨੂੰ ਅੱਗੇ ਵਧਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਤੋਂ ਇਲਾਵਾ, ਸਪੀਕਰ ਬਿਰਲਾ ਨੇ ਪਹਿਲਾਂ ਇਹ ਵੀ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਦਨ 'ਚ ਨਾ ਆਉਣ ਦੀ ਸਲਾਹ ਦਿੱਤੀ ਸੀ। ਉਨ੍ਹਾਂ ਅਨੁਸਾਰ, ਉਨ੍ਹਾਂ ਨੂੰ ਅਜਿਹੀ ਜਾਣਕਾਰੀ ਮਿਲੀ ਸੀ ਕਿ ਕੁਝ ਕਾਂਗਰਸੀ ਸੰਸਦ ਮੈਂਬਰ ਪ੍ਰਧਾਨ ਮੰਤਰੀ ਦੀ ਸੀਟ ਤੱਕ ਪਹੁੰਚ ਕੇ ਕੋਈ ਅਣਸੁਖਾਵੀਂ ਘਟਨਾ÷ ਕਰ ਸਕਦੇ ਹਨ, ਜਿਸ ਨੂੰ ਰੋਕਣ ਲਈ ਉਨ੍ਹਾਂ ਨੇ ਇਹ ਕਦਮ ਚੁੱਕਿਆ ਸੀ।

ਅੱਜ ਵੀ ਲੋਕ ਸਭਾ ਦੀ ਕਾਰਵਾਈ 'ਚ ਕੋਈ ਵਿਧਾਨਕ ਕੰਮ ਨਹੀਂ ਹੋ ਸਕਿਆ। ਵਿਰੋਧੀ ਧਿਰ ਵੱਲੋਂ ਭਾਰਤ-ਅਮਰੀਕਾ ਅੰਤਰਿਮ ਵਪਾਰ ਢਾਂਚੇ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਕੀਤੀ ਗਈ ਜ਼ੋਰਦਾਰ ਨਾਅਰੇਬਾਜ਼ੀ ਕਾਰਨ ਸਪੀਕਰ ਨੇ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ।

## ਭਾਰਤ ਨੇ ਰੋਕੀ ਵੈਕਸੀਨ ! 2031 ਤੱਕ Pak ਸਿਰ ਪੈ ਸਕਦੈ 1.2 ਬਿਲੀਅਨ ਡਾਲਰ ਦਾ ਸਾਲਾਨਾ ਬਿੱਲ

ਨਵੀਂ ਦਿੱਲੀ- 9 ਫਰਵਰੀ, ਭਾਰਤ ਤੋਂ ਕਿਫਾਇਤੀ ਦਵਾਈਆਂ ਅਤੇ ਖ਼ਾਸ ਕਰਕੇ ਵੈਕਸੀਨ (ਟੀਕਿਆਂ) ਦੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਪਾਕਿਸਤਾਨ 'ਤੇ ਭਾਰੀ ਆਰਥਿਕ ਬੋਝ ਪੈਣਾ ਸ਼ੁਰੂ ਹੋ ਗਿਆ ਹੈ। ਰਿਪੋਰਟਾਂ ਅਨੁਸਾਰ, ਭਾਰਤ ਵੱਲੋਂ ਸਪਲਾਈ ਰੋਕੇ ਜਾਣ ਕਾਰਨ ਪਾਕਿਸਤਾਨ ਨੂੰ 2031 ਤੱਕ ਸਾਲਾਨਾ 1.2 ਬਿਲੀਅਨ ਡਾਲਰ ਦਾ ਵੈਕਸੀਨ ਦਰਾਮਦ ਬਿੱਲ ਚੁਕਾਉਣਾ ਪੈ ਸਕਦਾ ਹੈ ਭਾਰਤ ਨੇ 7 ਮਈ, 2025 ਨੂੰ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ, ਜਿਸ ਤਹਿਤ ਪਹਿਲਗਾਮ ਹਮਲੇ (ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ) ਦੇ ਜਵਾਬ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਫੌਜੀ ਕਾਰਵਾਈ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਕੀਤੀ ਜਾਣ ਵਾਲੀ ਵੈਕਸੀਨ ਦੀ ਸਪਲਾਈ ਰੋਕ ਦਿੱਤੀ ਸੀ, ਜਿਸ ਨੇ ਇਸਲਾਮਾਬਾਦ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਪਾਕਿਸਤਾਨ ਦੇ ਸਿਹਤ ਮੰਤਰੀ ਮੁਸਤਫਾ ਕਮਾਲ ਨੇ ਕਿਹਾ ਕਿ ਭਾਰਤੀ ਵੈਕਸੀਨ ਦੀ ਸਪਲਾਈ ਰੁਕਣ ਨਾਲ ਦੇਸ਼ ਦੀ ਆਰਥਿਕਤਾ ਨੂੰ ਪਹਿਲਾਂ ਹੀ ਨੁਕਸਾਨ ਹੋ ਰਿਹਾ ਹੈ।

## ਅਦਾਲਤ 'ਚ ਵਕੀਲ ਨਾਲ ਹੋਇਆ ਕੁੱਟ-ਕੁਟਾਪਾ ! CJI ਨੇ ਕਿਹਾ- ''ਗੁੰਡਾਰਾਜ ਸਵੀਕਾਰ ਨਹੀਂ...''

ਨਵੀਂ ਦਿੱਲੀ- 9 ਫਰਵਰੀ, ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰਿਆਕਾਂਤ ਨੇ ਸੋਮਵਾਰ ਨੂੰ ਕਿਹਾ ਕਿ 'ਗੁੰਡਾ ਰਾਜ' ਅਸਵੀਕਾਰਯੋਗ ਹੈ ਅਤੇ ਉਨ੍ਹਾਂ ਨੇ 7 ਫਰਵਰੀ ਨੂੰ ਇੱਥੇ ਇਕ ਜ਼ਿਲ੍ਹਾ ਅਦਾਲਤ 'ਚ ਕੋਰਟ ਰੂਮ ਅੰਦਰ ਕੁੱਟਮਾਰ ਦਾ ਦੋਸ਼ ਲਗਾਉਣ ਵਾਲੇ ਇਕ ਵਕੀਲ ਨੂੰ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਸੰਪਰਕ ਕਰਨ ਲਈ ਕਿਹਾ। ਇਕ ਵਕੀਲ ਨੇ ਚੀਫ਼ ਜਸਟਿਸ ਸੂਰਿਆਕਾਂਤ, ਜੱਜ ਜੋਇਮਲਿਆ ਬਾਗਚੀ ਅਤੇ ਜੱਜ ਐੱਨ.ਵੀ. ਅੰਜਾਰੀਆ ਦੀ ਬੈਂਚ ਦੇ ਸਾਹਮਣੇ ਤੁਰੰਤ ਸੁਣਵਾਈ ਲਈ ਆਪਣੀ ਪਟੀਸ਼ਨ ਦਾ ਜ਼ਿਕਰ ਕੀਤਾ। ਵਕੀਲ ਨੇ ਕਿਹਾ,''ਮੈਂ ਤੀਸ ਹਜ਼ਾਰੀ ਕੋਰਟ 'ਚ ਵਧੀਕ ਜ਼ਿਲ੍ਹਾ ਜੱਜ (ਏਡੀਜੇ) ਹਰਜੀਤ ਸਿੰਘ ਪਾਲ ਦੀ ਅਦਾਲਤ 'ਚ ਪੇਸ਼ ਹੋਇਆ ਸੀ। ਮੈਂ ਦੋਸ਼ ਵਲੋਂ ਪੇਸ਼ ਹੋਇਆ ਸੀ। ਸ਼ਿਕਾਇਤਕਰਤਾ ਦੇ ਵਕੀਲ ਨੇ ਕਈ ਗੁੰਡਿਆਂ ਨਾਲ ਮਿਲ ਕੇ ਮੇਰੇ 'ਤੇ ਹਮਲਾ ਕੀਤਾ... ਉਨ੍ਹਾਂ ਨੇ ਮੈਨੂੰ ਕੁੱਟਿਆ ਅਤੇ ਜੱਜ ਉੱਥੇ ਬੈਠੇ ਸਨ। ਅਦਾਲਤ ਦੇ ਸਾਰੇ ਮੈਂਬਰ ਉੱਥੇ ਮੌਜੂਦ ਸਨ।''



ਇਸ 'ਤੇ ਸੀਜੇਆਈ ਨੇ ਕਿਹਾ,''ਇਹ ਘਟਨਾ 7 ਫਰਵਰੀ ਨੂੰ ਹੋਈ ਸੀ। ਕੀ ਤੁਸੀਂ ਇਸ ਦੀ ਸੂਚਨਾ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਦਿੱਤੀ ਹੈ? ਚੀਫ਼ ਜਸਟਿਸ ਨੂੰ ਚਿੱਠੀ ਲਿਖੋ ਅਤੇ ਮੈਨੂੰ ਵੀ ਇਸ ਦੀ ਸੂਚਨਾ ਦਿਓ। ਹਾਈ ਕਰੋਟ ਦੇ ਚੀਫ਼ ਜਸਟਿਸ ਨੋਟਿਸ ਲੈਣ। ਕਾਰਵਾਈ ਪ੍ਰਸ਼ਾਸਨਿਕ ਪੱਧਰ 'ਤੇ ਹੋਵੇਗੀ। ਇਸ ਤਰ੍ਹਾਂ ਦਾ 'ਗੁੰਡਾ ਰਾਜ' ਸਾਨੂੰ ਸਵੀਕਾਰ ਨਹੀਂ ਹੈ। ਇਸ ਦਾ ਅਰਥ ਹੈ- ਕਾਨੰਨ ਦੇ ਸ਼ਾਸਨ ਦਾ ਪਤਨ।'' ਬੈਂਚ ਨੇ ਵਕੀਲ ਨੂੰ ਸੰਬੰਧਤ ਹਾਈ ਕੋਰਟ ਦਾ ਰੁਖ ਕਰਨ ਲਈ ਕਿਹਾ।

## ਵੱਡੇ ਸ਼ਹਿਰਾਂ 'ਚ ਟਰੈਫਿਕ ਜਾਮ ਤੋਂ ਮਿਲੇਗੀ ਨਿਜਾਤ, ਸ਼ੁਰੂ ਕੀਤੀ ਜਾਵੇਗੀ ਖ਼ਾਸ ਟੈਕਸੀ ਸਰਵਿਸ

ਬਿਜ਼ਨੈੱਸ ਡੈਸਕ - 9 ਫਰਵਰੀ, ਦੇਸ਼ ਭਰ ਦੇ ਵੱਡੇ ਸ਼ਹਿਰਾਂ ਵਿੱਚ ਲਗਾਤਾਰ ਵਧ ਰਿਹਾ ਟਰੈਫਿਕ ਇਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਭੀੜ ਅਤੇ ਲੰਬੀ ਯਾਤਰਾ ਕਰਨ ਵਾਲਿਆਂ ਦਾ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੁੰਦੇ ਹਨ। ਇਸ ਲਈ ਹਵਾਈ ਟੈਕਸੀ ਸੇਵਾਵਾਂ ਇੱਕ ਪ੍ਰਭਾਵਸ਼ਾਲੀ ਹੱਲ ਹੋ ਸਕਦੀਆਂ ਹਨ। ਉਦਯੋਗ ਸੰਗਠਨ ਸੀ.ਆਈ.ਆਈ. (399) ਦੀ ਇੱਕ ਤਾਜ਼ਾ ਰਿਪੋਰਟ 'ਨੇਵੀਗੇਟਿੰਗ ਦ ਫਿਊਚਰ ਆਫ ਐਡਵਾਂਸਡ ਏਅਰ ਮੋਬਿਲਿਟੀ ਇਨ ਇੰਡੀਆ' ਅਨੁਸਾਰ, ਜੇਕਰ ਇਮਾਰਤਾਂ ਦੀਆਂ ਛੱਤਾਂ ਦੀ ਵਰਤੋਂ ਏਅਰ ਟੈਕਸੀਆਂ ਦੇ ਟੇਕ-ਆਫ ਅਤੇ ਲੈਂਡਿੰਗ ਲਈ ਕੀਤੀ ਜਾਂਦੀ ਹੈ, ਤਾਂ ਸ਼ਹਿਰੀ ਆਵਾਜਾਈ ਦੇ ਬੁਨਿਆਦੀ ਢਾਂਚੇ ਦੀਆਂ ਰੁਕਾਵਟਾਂ ਘੱਟ ਹੋਣਗੀਆਂ ਅਤੇ ਲੋਕਾਂ ਦਾ ਸਮਾਂ ਬਚੇਗਾ।

ਦਿੱਲੀ- ਲਈ ਵਿਸ਼ੇਸ਼ ਮਾਡਲ ਤਿਆਰ ਰਿਪੋਰਟ ਵਿੱਚ ਦਿੱਲੀ- ਦੇ ਗੁਰੂਗ੍ਰਾਮ, ਕਨਾਟ ਪਲੇਸ ਅਤੇ ਜੇਵਰ ਏਅਰਪੋਰਟ ਵਿਚਕਾਰ ਕਿਲੋਮੀਟਰ ਦੇ ਇੱਕ ਸੰਭਾਵੀ ਹਵਾਈ ਕਾਰੀਡੋਰ ਦਾ ਮਾਡਲ ਵੀ ਪੇਸ਼ ਕੀਤਾ ਗਿਆ ਹੈ।, ਇਹ ਸੇਵਾਵਾਂ ਇਲੈਕਟ੍ਰਿਕ ਵਰਟੀਕਲ ਟੇਕ-ਆਫ ਐਂਡ ਲੈਂਡਿੰਗ ਤਕਨੀਕ 'ਤੇ ਅਧਾਰਤ ਹੋਣਗੀਆਂ, ਜੋ ਕਿ ਤੇਜ਼, ਸੁਰੱਖਿਅਤ ਅਤੇ ਵਾਤਾਵਰਣ ਦੇ ਅਨੁਕੂਲ ਹਨ। ਹਸਪਤਾਲ ਅਤੇ ਟੈਕ ਪਾਰਕ ਬਣਨਗੇ 'ਵਰਟੀਪੋਰਟ' ਏਅਰ ਟੈਕਸੀਆਂ ਦੇ ਉਡਾਣ ਭਰਨ ਅਤੇ ਉਤਰਨ ਲਈ ਵਿਸ਼ੇਸ਼ 'ਵਰਟੀਪੋਰਟ' ਢਾਂਚੇ ਦੀ ਲੋੜ ਹੋਵੇਗੀ। ਰਿਪੋਰਟ ਮੁਤਾਬਕ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਮਹਾਨਗਰਾਂ ਵਿੱਚ ਹਸਪਤਾਲਾਂ, ਟੈਕ ਪਾਰਕਾਂ, ਵਪਾਰਕ ਇਮਾਰਤਾਂ ਅਤੇ ਰਿਹਾਇਸ਼ੀ ਟਾਵਰਾਂ ਦੀਆਂ ਛੱਤਾਂ 'ਤੇ ਵਰਟੀਪੋਰਟ ਵਿਕਸਤ ਕਰਨਾ ਇੱਕ ਕਿਫਾਇਤੀ ਅਤੇ ਤੇਜ਼ ਹੱਲ ਸਾਬਤ ਹੋ ਸਕਦਾ ਹੈ।, ਇਸ ਨਾਲ ਯਾਤਰੀਆਂ ਨੂੰ ਉਨ੍ਹਾਂ ਦੇ ਘਰ ਜਾਂ ਕੰਮ ਵਾਲੀ ਥਾਂ ਦੇ ਨੇੜੇ ਹੀ ਹਵਾਈ ਸਹੂਲਤ ਮਿਲ ਸਕੇਗੀ।

ਭਾਰਤ ਵਿੱਚ 2028 ਤੱਕ ਸ਼ੁਰੂ ਹੋ ਸਕਦੀ ਹੈ ਐਡਵਾਂਸਡ ਏਅਰ ਮੋਬਿਲਿਟੀ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ, ਪਰ ਉਮੀਦ ਜਤਾਈ ਜਾ ਰਹੀ ਹੈ ਕਿ 2028 ਤੱਕ ਭਾਰਤ ਵਿੱਚ ਏਅਰ ਟੈਕਸੀਆਂ ਉੱਡਣ ਲੱਗ ਜਾਣਗੀਆਂ। ਦਿੱਲੀ ਮੁੰਬਈ ਅਤੇ ਬੈਂਗਲੂਰੂ ਨੂੰ ਪਾਇਲਟ ਸ਼ਹਿਰਾਂ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਮੌਜੂਦਾ ਨਿਯਮਾਂ ਤਹਿਤ ਅਜੇ ਛੱਤਾਂ ਤੋਂ ਵਪਾਰਕ ਟੇਕ-ਆਫ ਅਤੇ ਲੈਂਡਿੰਗ ਦੀ ਇਜਾਜ਼ਤ ਨਹੀਂ ਹੈ।

# ChatGPT ਤੇ Gemini ਦੀ ਛੁੱਟੀ ! ਭਾਰਤੀ AI ਨੇ ਰਚਿਆ ਇਤਿਹਾਸ, ਦੁਨੀਆ ਵੀ ਹੋ ਗਈ ਹੈਰਾਨ

ਨੈਸ਼ਨਲ ਡੈਸਕ, 9 ਫਰਵਰੀ : ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਚਰਚਾ ਹੁੰਦੀ ਹੈ ਤਾਂ ਆਮ ਤੌਰ 'ਤੇ ਪ੍ਰਮੁੱਖ ਅਮਰੀਕੀ ਤੇ ਚੀਨੀ ਤਕਨੀਕੀ ਕੰਪਨੀਆਂ ਦੇ ਮਾਡਲ ਯਾਦ ਆਉਂਦੇ ਹਨ। ਹਾਲਾਂਕਿ, ਬੈਂਗਲੂਰੂ-ਅਧਾਰਤ ਸਟਾਰਟਅੱਪ ਸਰਵਮ ਏਆਈ ਨੇ ਇਸ ਮਾਨਸਿਕਤਾ ਨੂੰ ਬਦਲ ਦਿੱਤਾ ਹੈ। ਇਹ ਕੰਪਨੀ ਜੋ ਭਾਰਤ ਵਿੱਚ ਬੁਨਿਆਦੀ ਏਆਈ ਮਾਡਲ ਵਿਕਸਤ ਕਰਦੀ ਹੈ, ਹੁਣ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕਰ ਰਹੀ ਹੈ। ਹਾਲ ਹੀ ਵਿੱਚ ਇਸਦੇ ਦੋ ਟੂਲ, ਸਰਵਮ ਵਿਜ਼ਨ ਤੇ ਬੁਲਬੁਲ ਨੇ ਅੰਤਰਰਾਸ਼ਟਰੀ ਏਆਈ ਦੁਨੀਆ ਵਿੱਚ ਇੱਕ ਵਿਸ਼ੇਸ਼ ਸਥਾਨ ਸਥਾਪਤ ਕੀਤਾ ਹੈ। ਸਰਵਮ ਵਿਜ਼ਨ ਇੱਕ ਉੱਨਤ ਏਆਈ ਟੂਲ ਹੈ, ਜੋ ਆਪਟੀਕਲ ਅੱਖਰ ਪਛਾਣ (ਓਸੀਆਰ) ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਇਹ ਤਕਨਾਲੋਜੀ ਦਸਤਾਵੇਜ਼ਾਂ, ਤਸਵੀਰਾਂ ਜਾਂ ਸਕੈਨ ਕੀਤੀਆਂ ਫਾਈਲਾਂ ਤੋਂ ਟੈਕਸਟ ਨੂੰ ਪੜ੍ਹਨ ਅਤੇ ਸਮਝਣ ਵਿੱਚ ਮਦਦ ਕਰਦੀ ਹੈ। ਸਰਵਮ ਵਿਜ਼ਨ ਨੇ ਚੈਟਜੀਪੀਟੀ, ਗੂਗਲ ਜੈਮਿਨੀ ਅਤੇ ਐਂਥ?ਰੋਪਿਕ ਕਲਾਉਡ ਵਰਗੇ ਮਸ਼ਹੂਰ ਏਆਈ ਮਾਡਲਾਂ ਦੇ ਮੁਕਾਬਲੇ ਕਈ ਮੁੱਖ ਬੈਂਚਮਾਰਕਾਂ 'ਤੇ ਵਧੀਆ ਨਤੀਜੇ ਪ੍ਰਾਪਤ ਕੀਤੇ ਹਨ, ਜਿਸ ਨਾਲ ਵਿਆਪਕ ਪ੍ਰਸ਼ੰਸਾ ਹੋਈ ਹੈ। ਸਰਵਮ ਏਆਈ ਦੇ ਸਹਿ-ਸੰਸਥਾਪਕ ਪ੍ਰਤਯੁਸ਼ ਕੁਮਾਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਹ ਪ੍ਰਾਪਤੀ ਸਾਂਝੀ ਕੀਤੀ। ਉਨ੍ਹਾਂ ਦੇ ਅਨੁਸਾਰ, ਸਰਵਮ ਵਿਜ਼ਨ ਨੇ ਓਮਨੀਡੌਕਬੈਂਚ ⋊1.5 ਦੇ ਅੰਗਰੇਜ਼ੀ ਸਬਸੈੱਟ ਵਿੱਚ 93.28 ਪ੍ਰਤੀਸ਼ਤ ਸ਼ੁੱਧਤਾ ਪ੍ਰਾਪਤ ਕੀਤੀ। ਇਹ ਬੈਂਚਮਾਰਕ ਇਹ ਮਾਪਦਾ ਹੈ ਕਿ




ਇੱਕ ਏਆਈ ਸਿਸਟਮ ਗੁੰਝਲਦਾਰ ਅਸਲ-ਸੰਸਾਰ ਦਸਤਾਵੇਜ਼ਾਂ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦਾ ਹੈ। ਟੈਸਟ ਵਿੱਚ ਗੁੰਝਲਦਾਰ ਡਿਜ਼ਾਈਨ, ਤਕਨੀਕੀ ਟੇਬਲ ਅਤੇ ਗਣਿਤਿਕ ਫਾਰਮੂਲੇ ਸ਼ਾਮਲ ਹਨ, ਜਿੱਥੇ ਰਵਾਇਤੀ ਓਸੀਆਰ ਸਿਸਟਮ ਅਕਸਰ ਘੱਟ ਜਾਂਦੇ ਹਨ। ਸਰਵਮ ਵਿਜ਼ਨ ਦੀ ਸਫਲਤਾ ਨੇ ਸਰਵਮ ਏਆਈ ਦਾ ਵਿਸ਼ਵਵਿਆਪੀ ਧਿਆਨ ਖਿੱਚਿਆ ਹੈ। ਪਹਿਲਾਂ, ਕੰਪਨੀ ਨੂੰ ਸਿਰਫ਼ ਭਾਰਤੀ ਭਾਸ਼ਾਵਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਹ ਆਲੋਚਨਾਵਾਂ ਹੁਣ ਪ੍ਰਸ਼ੰਸਾ ਵਿੱਚ ਬਦਲ ਗਈਆਂ ਹਨ। ਬਹੁਤ ਸਾਰੇ ਤਕਨੀਕੀ ਮਾਹਰ ਮੰਨਦੇ ਹਨ ਕਿ ਸਰਵਮ ਦੇ ਓਸੀਆਰ ਅਤੇ ਸਪੀਚ ਮਾਡਲ ਉਨ੍ਹਾਂ ਪਾੜੇ ਨੂੰ ਦੂਰ ਕਰ ਰਹੇ ਹਨ ਜਿਨ੍ਹਾਂ ਨੂੰ ਅੰਤਰਰਾਸ਼ਟਰੀ ਏਆਈ ਸਿਸਟਮ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕਰ ਰਹੇ ਹਨ। ਆਮ ਉਪਭੋਗਤਾ ਵੀ ਸਰਵਮ ਏਆਈ ਨਾਲ ਆਪਣੇ ਸਕਾਰਾਤਮਕ ਅਨੁਭਵ ਸਾਂਝੇ ਕਰ ਰਹੇ ਹਨ। ਬਹੁਤ ਸਾਰੇ ਕਹਿੰਦੇ ਹਨ ਕਿ ਉਨ੍ਹਾਂ ਨੇ ਸਰਵਮ ਵਿਜ਼ਨ ਦੀ ਵਰਤੋਂ ਕੀਤੀ ਹੈ ਅਤੇ ਇਸਨੂੰ ਅਸਲ-ਸੰਸਾਰ ਐਪਲੀਕੇਸ਼ਨਾਂ ਵਿੱਚ ਬਹੁਤ ਪ੍ਰਭਾਵਸ਼ਾਲੀ ਪਾਇਆ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਹ ਤਕਨਾਲੋਜੀ ਟੈਸਟਿੰਗ ਤੱਕ ਸੀਮਿਤ ਨਹੀਂ ਹੈ, ਸਗੋਂ ਵਿਹਾਰਕ ਐਪਲੀਕੇਸ਼ਨਾਂ ਵਿੱਚ ਵੀ ਮਜ਼ਬੂਤ ਪ੍ਰਦਰਸ਼ਨ ਦਾ ਪ੍ਰਦਰਸ਼ਨ ਕਰ ਰਹੀ ਹੈ। ਓਸੀਆਰ ਤੋਂ ਇਲਾਵਾ, ਸਰਵਮ ਏਆਈ ਨੇ ਬੁਲਬੁਲ ੭3 ਵੀ ਲਾਂਚ ਕੀਤਾ ਹੈ, ਇੱਕ ਟੈਕਸਟ-ਟੂ-ਸਪੀਚ ਵੌਇਸ ਮਾਡਲ। ਇਹ ਏਆਈ ਸਿਸਟਮ ਲਿਖਤੀ ਟੈਕਸਟ ਨੂੰ ਕੁਦਰਤੀ ਅਤੇ ਸਪਸ਼ਟ ਆਵਾਜ਼ਾਂ ਵਿੱਚ ਬਦਲਦਾ ਹੈ। ਕੰਪਨੀ ਦੇ ਅਨੁਸਾਰ, ਬੁਲਬੁਲ ੭3 ਉਨ੍ਹਾਂ ਦਾ ਹੁਣ ਤੱਕ ਦਾ ਸਭ ਤੋਂ ਸਮਰੱਥ ਵੌਇਸ ਮਾਡਲ ਹੈ, ਜੋ ਕਿ ਖਾਸ ਤੌਰ 'ਤੇ ਭਾਰਤੀ ਭਾਸ਼ਾਵਾਂ ਲਈ ਤਿਆਰ ਕੀਤਾ ਗਿਆ ਹੈ। ਵਰਤਮਾਨ ਵਿੱਚ, ਇਹ 11 ਭਾਰਤੀ ਭਾਸ਼ਾਵਾਂ ਅਤੇ 35 ਤੋਂ ਵੱਧ ਆਵਾਜ਼ਾਂ ਦਾ ਸਮਰਥਨ ਕਰਦਾ ਹੈ, ਭਵਿੱਖ ਵਿੱਚ ਹੋਰ ਭਾਸ਼ਾਵਾਂ ਜੋੜੀਆਂ ਜਾਣਗੀਆਂ।

ਸਰਵਮ ਏਆਈ ਦੀ ਸਫਲਤਾ ਦਰਸਾਉਂਦੀ ਹੈ ਕਿ ਭਾਰਤ ਵਿੱਚ ਵਿਕਸਤ ਕੀਤੇ ਗਏ ਏਆਈ ਮਾਡਲ ਹੁਣ ਦੇਸ਼ ਤੱਕ ਸੀਮਿਤ ਨਹੀਂ ਹਨ ਬਲਕਿ ਵਿਸ਼ਵ ਪੱਧਰ 'ਤੇ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਚੁਣੌਤੀ ਦੇਣ ਦੀ ਸਮਰੱਥਾ ਰੱਖਦੇ ਹਨ।

## ਬੱਚੇ ਨੂੰ ਪਲੇਨ 'ਚ ਚੜ੍ਹਨ ਤੋਂ ਰੋਕਿਆ, ਹੁਣ ਦੇਣਾ ਪਵੇਗਾ ਜੁਰਮਾਨਾ, ਜਾਣੋ ਪੂਰਾ ਮਾਮਲਾ

ਬਿਜ਼ਨੈੱਸ ਡੈਸਕ - 9 ਫਰਵਰੀ, ਕੇਰਲ ਦੇ ਏਰਨਾਕੁਲਮ ਜ਼ਿਲਾ ਖਪਤਕਾਰ ਕਮਿਸ਼ਨ ਨੇ ਇਕ ਏਅਰਲਾਈਨ 'ਤੇ ਸਵਾ ਲੱਖ ਰੁਪਏ ਦਾ ਭਾਰੀ ਜੁਰਮਾਨਾ ਲਾਇਆ ਹੈ। ਇਹ ਮਾਮਲਾ ਏਅਰਲਾਈਨ ਸਟਾਫ ਵੱਲੋਂ ਨਿਯਮਾਂ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਇਕ ਬੱਚੇ ਨੂੰ ਯਾਤਰਾ ਤੋਂ ਰੋਕਣ ਦਾ ਹੈ।ਸਟਾਫ ਦੀ ਇਸ ਗਲਤੀ ਕਾਰਨ ਇਕ ਪਰਿਵਾਰ ਨੂੰ ਮਾਨਸਿਕ ਪ੍ਰੇਸ਼ਾਨੀ ਅਤੇ ਆਰਥਿਕ ਨੁਕਸਾਨ ਝੱਲਣਾ ਪਿਆ।

ਕੀ ਹੈ ਮਾਮਲਾ ਇਹ ਮਾਮਲਾ ਜੁਲਾਈ 2013 ਦਾ ਹੈ, ਜਦੋਂ ਜੋਸੇਫ ਨਾਂ ਦੇ ਯਾਤਰੀ ਨੇ ਆਪਣੇ ਪਰਿਵਾਰ ਨਾਲ ਕੋਚੀ ਤੋਂ ਦੋਹਾ (ਕਤਰ) ਜਾਣਾ ਸੀ। ਉਹ ਸਮੇਂ ਸਿਰ ਏਅਰਪੋਰਟ ਪਹੁੰਚੇ ਅਤੇ ਬੋਰਡਿੰਗ ਪਾਸ ਮੰਗਿਆ ਪਰ ਏਅਰਲਾਈਨ ਦੇ ਸੁਪਰਵਾਈਜ਼ਰ ਨੇ ਉਨ੍ਹਾਂ ਦੇ ਨਾਬਾਲਗ ਬੱਚੇ ਨੂੰ ਪਾਸ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਏਅਰਲਾਈਨ ਸਟਾਫ ਦਾ ਤਰਕ ਸੀ ਕਿ ਬੱਚੇ ਦਾ ਵੀਜ਼ਾ ਪੁਰਾਣੇ ਪਾਸਪੋਰਟ 'ਤੇ ਸਟੈਂਪ ਹੈ, ਇਸ ਲਈ ਉਹ ਯਾਤਰਾ ਨਹੀਂ ਕਰ ਸਕਦਾ, ਜਦੋਂਕਿ ਜੋਸੇਫ ਨੇ ਪੁਰਾਣਾ ਅਤੇ ਨਵਾਂ ਦੋਵੇਂ ਪਾਸਪੋਰਟ ਇਕੱਠੇ ਪੇਸ਼ ਕੀਤੇ ਸਨ। ਜੋਸੇਫ ਨੇ ਸਟਾਫ ਨੂੰ ਬਹੁਤ ਬੇਨਤੀ ਕੀਤੀ ਅਤੇ ਕਿਹਾ ਕਿ ਜੇਕਰ ਕੋਈ ਜੁਰਮਾਨਾ ਲੱਗਦਾ ਹੈ ਤਾਂ ਉਹ ਭਰਨਗੇ ਪਰ ਸਟਾਫ ਨੇ ਉਨ੍ਹਾਂ ਦੀ ਇਕ ਨਾ ਸੁਣੀ। ਮਜਬੂਰੀ 'ਚ ਉਨ੍ਹਾਂ ਨੂੰ ਆਪਣੀਆਂ ਟਿਕਟਾਂ ਰੱਦ ਕਰਵਾਉਣੀਆਂ ਪਈਆਂ ਅਤੇ ਅਗਲੇ ਦਿਨ ਲਈ ਐਮੀਰੇਟਸ ਏਅਰਲਾਈਨ ਦੀਆਂ ਨਵੀਆਂ ਟਿਕਟਾਂ ਖਰੀਦਣੀਆਂ ਪਈਆਂ। ਹੈਰਾਨੀ ਦੀ ਗੱਲ ਇਹ ਰਹੀ ਕਿ ਅਗਲੇ ਦਿਨ ਐਮੀਰੇਟਸ ਏਅਰਲਾਈਨ ਨੇ ਉਸੇ ਪੁਰਾਣੇ ਪਾਸਪੋਰਟ ਅਤੇ ਵੀਜ਼ੇ 'ਤੇ ਬੱਚੇ ਨੂੰ ਬਿਨਾਂ ਕਿਸੇ ਸਵਾਲ ਦੇ ਬੋਰਡਿੰਗ ਪਾਸ ਦੇ ਦਿੱਤਾ। ਖਪਤਕਾਰ ਕਮਿਸ਼ਨ ਨੇ ਪਾਇਆ ਕਿ ਏਅਰਲਾਈਨ ਵੱਲੋਂ ਪੇਸ਼ ਕੀਤਾ ਸਰਕੂਲਰ ਪੂਰੀ ਤਰ੍ਹਾਂ ਮਨਘੜਤ ਸੀ। ਕੋਰਟ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਉਡਾਣਾਂ ਲਈ ਇਮੀਗ੍ਰੇਸ਼ਨ ਦੇ ਨਿਯਮ ਸਾਰੀਆਂ ਏਅਰਲਾਈਨਾਂ ਲਈ ਬਰਾਬਰ ਹੁੰਦੇ ਹਨ। ਇਹ ਸਿੱਧੇ ਤੌਰ 'ਤੇ ਸੇਵਾ 'ਚ ਕਮੀ ਦਾ ਮਾਮਲਾ ਹੈ।

# ਚੰਦਰਮਾ ਤੋਂ ਮਿੱਟੀ ਲੈ ਕੇ ਆਵੇਗਾ ਭਾਰਤ ਨੇ ਲੱਭੀ ਨਵੀਂ ਲੈਂਡਿੰਗ ਸਾਈਟ



ਨੈਸ਼ਨਲ ਡੈਸਕ - 9 ਫਰਵਰੀ, ਭਾਰਤ ਪੁਲਾੜ ਦੀ ਦੁਨੀਆ ਵਿੱਚ ਇੱਕ ਹੋਰ ਵੱਡੀ ਛਾਲ ਮਾਰਨ ਲਈ ਤਿਆਰ ਹੈ। ਇਸਰੋ ਨੇ ਆਪਣੇ ਬਹੁਤ ਹੀ ਮਹੱਤਵਪੂਰਨ ਚੰਦਰਯਾਨ-4 ਮਿਸ਼ਨ ਲਈ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਇਹ ਮਿਸ਼ਨ ਨਾ ਸਿਰਫ਼ ਚੰਦਰਮਾ ਦੀ ਸਤ?ਹਾ 'ਤੇ ਉਤਰੇਗਾ ਬਲਕਿ ਚੰਦਰਮਾ ਦੀ ਮਿੱਟੀ ਤੇ ਚੱਟਾਨਾਂ ਦੇ ਨਮੂਨੇ ਵੀ ਇਕੱਠੇ ਕਰੇਗਾ ਤੇ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਧਰਤੀ 'ਤੇ ਵਾਪਸ ਭੇਜੇਗਾ।

ਤਕਨੀਕੀ ਰੁਕਾਵਟਾਂ ਦੂਰ ਹੋਈਆਂ, ਸਫਲਤਾ ਦਾ ਹੋਇਆ ਰਸਤਾ ਸਾਫ਼

ਇਸਰੋ ਨੇ ਹਾਲ ਹੀ ਵਿੱਚ ਮੁੱਖ ਤਕਨਾਲੋਜੀਆਂ ਦੀ ਸਫਲਤਾਪੂਰਵਕ ਜਾਂਚ ਕੀਤੀ ਹੈ ਜਿਨ੍ਹਾਂ ਨੂੰ ਚੰਦਰਯਾਨ-4 ਲਈ ਸਭ ਤੋਂ ਵੱਡੀਆਂ ਚੁਣੌਤੀਆਂ ਮੰਨਿਆ ਜਾਂਦਾ ਸੀ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ 'ਵਾਪਸੀ ਮਿਸ਼ਨ' ਤਕਨਾਲੋਜੀ ਹੈ - ਯਾਨੀ ਚੰਦਰਮਾ ਤੋਂ ਵਾਪਸ ਆਉਣ ਤੋਂ ਬਾਅਦ ਧਰਤੀ ਦੇ ਵਾਯੂਮੰਡਲ ਵਿੱਚ ਸੁਰੱਖਿਅਤ ਢੰਗ ਨਾਲ ਦੁਬਾਰਾ ਦਾਖਲ ਹੋਣਾ।

ਸਟੀਕ ਲੈਂਡਿੰਗ: ਚੰਦਰਮਾ ਦੀ ਸਖ਼ਤ ਸਤ?ਹਾ 'ਤੇ ਸਹੀ ਲੈਂਡਿੰਗ ਸਥਾਨ ਦੀ ਜਾਂਚ ਕਰਨਾ।

ਸੈਂਪਲ ਇੱਕਠੇ: ਰੋਬੋਟਿਕ ਬਾਂਹ ਦੀ ਵਰਤੋਂ ਕਰਕੇ ਮਿੱਟੀ ਅਤੇ ਚੱਟਾਨਾਂ ਨੂੰ ਇਕੱਠਾ ਕਰਨ ਦੀ ਪ੍ਰਕਿਰਿਆ।

ਵਾਪਸੀ ਯਾਤਰਾ: ਇੱਕ ਵਿਸ਼ੇਸ਼ ਕੈਪਸੂਲ ਵਿੱਚ ਧਰਤੀ 'ਤੇ ਨਮੂਨਿਆਂ ਨੂੰ ਸੁਰੱਖਿਅਤ ਢੰਗ ਨਾਲ ਉਤਾਰਨਾ।

ਚੰਦਰਯਾਨ-4 ਵਿਸ਼ੇਸ਼ ਕਿਉਂ ਹੈ?

ਚੰਦਰਯਾਨ-3 ਦੀ ਇਤਿਹਾਸਕ ਸਾਫਟ ਲੈਂਡਿੰਗ ਤੋਂ ਬਾਅਦ, ਭਾਰਤ ਦਾ ਅਗਲਾ ਟੀਚਾ ਚੰਦਰਮਾ ਤੋਂ ਨਮੂਨੇ ਵਾਪਸ ਲਿਆਉਣਾ ਹੈ। ਵਿਗਿਆਨਕ ਖੋਜ: ਚੰਦਰਮਾ ਦੀ ਮਿੱਟੀ ਅਤੇ ਖਣਿਜਾਂ ਦਾ ਧਰਤੀ 'ਤੇ ਇੱਕ ਪ੍ਰਯੋਗਸ਼ਾਲਾ ਵਿੱਚ ਨੇੜਿਓਂ ਅਧਿਐਨ ਕੀਤਾ ਜਾਵੇਗਾ, ਜਿਸ ਨਾਲ ਚੰਦਰਮਾ ਦੀ ਉਤਪਤੀ ਦੇ ਕਈ ਅਣਸੁਲਝੇ ਰਹੱਸਾਂ ਦਾ ਖੁਲਾਸਾ ਹੋ ਸਕਦਾ ਹੈ। ਏਲੀਟ ਕਲੱਬ ਵਿੱਚ ਦਾਖਲ ਹੋਣਾ: ਇਸ ਸਫਲਤਾ ਦੇ ਨਾਲ, ਭਾਰਤ ਉਨ੍ਹਾਂ ਚੁਣੇ ਹੋਏ ਦੇਸ਼ਾਂ (ਜਿਵੇਂ ਕਿ ਸੰਯੁਕਤ ਰਾਜ, ਰੂਸ ਅਤੇ ਚੀਨ) ਦੇ ਸਮੂਹ ਵਿੱਚ ਸ਼ਾਮਲ ਹੋ ਜਾਵੇਗਾ ਜਿਨ੍ਹਾਂ ਕੋਲ ਚੰਦਰਮਾ ਤੋਂ ਨਮੂਨੇ ਪ੍ਰਾਪਤ ਕਰਨ ਦੀ ਤਕਨਾਲੋਜੀ ਹੈ।

ਲਾਂਚ ਟਾਈਮਲਾਈਨ: ਕਦੋਂ ਲਾਂਚ ਹੋਵੇਗਾ ਚੰਦਰਯਾਨ-4 ?

ਇਸਰੋ ਦੇ ਵਿਗਿਆਨੀਆਂ ਦੇ ਅਨੁਸਾਰ ਇਸਦੀਆਂ ਤਿਆਰੀਆਂ ਨੂੰ ਦੇਖਦੇ ਹੋਏ ਮਿਸ਼ਨ ਨੂੰ 2027 ਤੱਕ ਲਾਂਚ ਕਰਨ ਦੀ ਯੋਜਨਾ ਹੈ। ਵਰਤਮਾਨ ਵਿੱਚ ਮਿਸ਼ਨ ਡਿਜ਼ਾਈਨ ਅਤੇ ਰਾਕੇਟ ਸਮਰੱਥਾਵਾਂ ਨੂੰ ਵਧਾਉਣ ਲਈ ਕੰਮ ਚੱਲ ਰਿਹਾ ਹੈ। ਇਹ ਮਿਸ਼ਨ ਨਾ ਸਿਰਫ਼ ਇਸਰੋ ਦੀ ਤਕਨੀਕੀ ਸਵੈ-ਨਿਰਭਰਤਾ ਦਾ ਪ੍ਰਦਰਸ਼ਨ ਕਰੇਗਾ, ਸਗੋਂ ਭਵਿੱਖ ਦੇ ਮਨੁੱਖੀ ਮਿਸ਼ਨਾਂ (ਗਗਨਯਾਨ) ਲਈ ਇੱਕ ਮਜ਼ਬੂਤ ??ਨੀਂਹ ਵੀ ਰੱਖੇਗਾ।

# ਦਲਿਤਾਂ ਅਤੇ ਮਿਹਨਤਕਸ਼ਾਂ ਦਾ ਮਜ਼ਾਕ ਉਡਾਉਣ 'ਤੇ ਕਾਂਗਰਸ ਖ਼ਿਲਾਫ਼ ਬੈਂਡ-ਵਾਜਿਆਂ ਨਾਲ 'ਆਪ' ਦਾ ਜ਼ੋਰਦਾਰ ਪ੍ਰਦਰਸ਼ਨ

ਚੰਡੀਗੜ੍ਹ, 9 ਫਰਵਰੀ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ, ਚੇਅਰਮੈਨਾਂ ਅਤੇ ਵਰਕਰਾਂ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਵਿਰੋਧ ਵਿੱਚ ਬਾਜਵਾ ਦੀ ਰਿਹਾਇਸ਼ ਦੇ ਇਸ ਦੌਰਾਨ ਮੰਤਰੀ ਹਰਭਜਨ ਸਿੰਘ ਈ.ਟੀ.ਓ., ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਦੇ ਨਾਲ ਵਿੱਤ ਮੰਤਰੀ ਹਰਪਾਲ ਚੀਮਾ, ਸਿਹਤ ਮੰਤਰੀ ਡਾ. ਬਲਬੀਰ, ਮੋਹਿੰਦਰ ਭਗਤ, ਡਾ. ਰਵਜੋਤ, ਵਿਧਾਇਕ ਸ਼ੈਰੀ ਕਲਸੀ, ਕੁਲਜੀਤ ਰੰਧਾਵਾ, ਇੰਦਰਵੀਰ ਸਿੰਘ ਨਿੱਝਰ, ਨੀਨਾ ਮਿੱਤਲ, ਲਾਭ ਸਿੰਘ ਉਗੋਕੇ, ਚੇਤਨ ਸਿੰਘ ਜੌੜੇਮਾਜਰਾ, ਇੰਦਰਜੀਤ ਕੌਰ, ਚੇਅਰਮੈਨ ਹਰਚੰਦ ਸਿੰਘ ਬਰਸਟ, ਸੰਨੀ ਸਿੰਘ ਆਹਲੂਵਾਲੀਆ ਸਮੇਤ ਸੈਂਕੜੇ ਆਗੂ ਤੇ ਵਰਕਰ ਮੌਜੂਦ ਸਨ। ਇਸ ਤੋਂ ਇਲਾਵਾ 'ਆਪ' ਆਗੂ ਜੋਬਨ ਰੰਧਾਵਾ ਦੀ ਅਗਵਾਈ ਹੇਠ ਕਾਦੀਆਂ (ਗੁਰਦਾਸਪੁਰ) ਵਿੱਚ ਵੀ ਪ੍ਰਤਾਪ ਬਾਜਵਾ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਬਾਜਵਾ 'ਤੇ ਨਿਸ਼ਾਨਾ ਸਾਧਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਮਿਹਨਤ ਦੀ ਕਮਾਈ ਦਾ ਮਜ਼ਾਕ ਉਡਾਉਣਾ ਸ਼ਰਮਨਾਕ ਹੈ। ਕਿਸੇ ਦੇ ਪਿਤਾ ਵੱਲੋਂ ਇਮਾਨਦਾਰੀ ਨਾਲ ਕੀਤੇ ਕੰਮ ਦਾ ਮਜ਼ਾਕ ਉਡਾਉਣਾ ਅਤੇ ਪੂਰੇ ਭਾਈਚਾਰੇ ਨੂੰ ਨੀਵਾਂ ਦਿਖਾਉਣਾ, ਇਸ ਤੋਂ ਵੱਧ ਸ਼ਰਮਨਾਕ ਕੁਝ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਮੇਰੇ ਪਿਤਾ ਇੱਕ 'ਬੈਂਡ ਮਾਸਟਰ' ਸਨ, ਉਨ੍ਹਾਂ ਨੇ ਸਖ਼ਤ ਮਿਹਨਤ ਨਾਲ ਸਾਨੂੰ ਪੜ੍ਹਾਇਆ। ਮੈਂ ਸਰਕਾਰੀ ਸਕੂਲ ਵਿੱਚ ਪੜ੍ਹ ਕੇ ਅਤੇ ਆਪਣੀ ਕਾਬਲੀਅਤ ਦੇ ਦਮ 'ਤੇ ਇੱਥੇ ਪਹੁੰਚਿਆ ਹਾਂ। ਬਾਜਵਾ ਸਾਹਿਬ ਕਹਿ ਰਹੇ ਹਨ ਕਿ 'ਬੈਂਡ ਵਜਾਉਣ ਵਾਲੇ ਦੇ ਪੁੱਤ ਦਾ ਬੈਂਡ ਵਜਾ ਦਿਆਂਗੇ'। ਅਸੀਂ ਮਿਹਨਤ ਕੀਤੀ ਹੈ, ਕੋਈ ਸਮਗਲਿੰਗ ਜਾਂ ਸੋਨੇ ਦੇ ਬਿਸਕੁਟਾਂ ਦੀ ਤਸਕਰੀ ਨਹੀਂ ਕੀਤੀ। ਇਹ ਅਪਮਾਨ ਸਿਰਫ਼ ਮੇਰਾ ਨਹੀਂ, ਸਗੋਂ ਹਰ ਉਸ ਗਰੀਬ ਵਰਗ ਦਾ ਹੈ ਜੋ ਪਸੀਨੇ ਦੀ ਕਮਾਈ ਨਾਲ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਕਾਂਗਰਸ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਬਾਜਵਾ ਦੀ ਨਜ਼ਰ ਵਿੱਚ ਦਲਿਤ ਸਮਾਜ ਸਿਰਫ਼ ਇੱਕ 'ਮਟੀਰੀਅਲ' ਹੈ ਜਿਸ ਨੂੰ ਵੋਟਾਂ ਲਈ ਖਰੀਦਿਆ ਅਤੇ ਵੇਚਿਆ ਜਾ ਸਕਦਾ ਹੈ। ਮੰਤਰੀ ਨੇ ਕਿਹਾ ਕਿ ਇਨ੍ਹਾਂ ਨੇ ਵਿਧਾਨ ਸਭਾ ਵਿੱਚ ਕਿਹਾ ਕਿ 'ਪਤਾ ਨਹੀਂ ਇਹ ਮਟੀਰੀਅਲ ਕਿੱਥੋਂ ਆ ਗਿਆ'। ਇਨ੍ਹਾਂ ਲਈ ਇੱਕ ਮੋਬਾਈਲ ਰਿਪੇਅਰ ਕਰਨ ਵਾਲਾ ਜਾਂ ਇੱਕ ਗਰੀਬ ਦਾ ਬੱਚਾ ਵਿਧਾਇਕ ਨਹੀਂ ਬਣ ਸਕਦਾ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਵਿੱਚ ਸਭ ਨੂੰ ਬਰਾਬਰੀ ਦਿੱਤੀ ਹੈ, ਪਰ ਕਾਂਗਰਸ ਦੀ ਸਾਮੰਤਵਾਦੀ ਸੋਚ ਅੱਜ ਵੀ ਉਹੀ ਹੈ। ਰਾਜਾ ਵੜਿੰਗ ਅਤੇ ਬਾਜਵਾ ਵਰਗੇ ਲੋਕ ਖ਼ੁਦ ਨੂੰ ਰਾਜੇ ਸਮਝਦੇ ਹਨ ਅਤੇ ਇਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ ਵਿੱਚ 6 ਦਲਿਤ ਮੰਤਰੀ ਆਮ ਘਰਾਂ ਤੋਂ ਉੱਠ ਕੇ ਸ਼ਾਨਦਾਰ ਕੰਮ ਕਰ ਰਹੇ ਹਨ। ਰਾਜਾ ਵੜਿੰਗ 'ਤੇ ਨਿਸ਼ਾਨਾ ਸਾਧਦਿਆਂ ਈ.ਟੀ.ਓ. ਨੇ ਕਿਹਾ ਕਿ ਇੱਕ ਪਾਸੇ ਇਹ ਲੋਕ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ ਅਤੇ ਦੂਜੇ ਪਾਸੇ ਇੱਕ ਰੈਲੀ ਵਿੱਚ 1200 ਲੋਕਾਂ ਦੇ ਸਾਹਮਣੇ ਖੁੱਲ੍ਹੇਆਮ ਕਹਿ ਰਹੇ ਹਨ ਕਿ 'ਈ.ਟੀ.ਓ. ਦੀ ਧੌਣ ਮਰੋੜ ਦਿਓ, ਸਿਰਫ਼ 3 ਮਿੰਟ ਲੱਗਦੇ ਹਨ'। ਕੀ ਇਹ ਜੰਗਲ ਰਾਜ ਨਹੀਂ ਹੈ? ਤੁਸੀਂ ਆਪਣੇ ਵਰਕਰਾਂ ਨੂੰ ਇੱਕ ਚੁਣੇ ਹੋਏ ਨੁਮਾਇੰਦੇ 'ਤੇ ਹਮਲਾ ਕਰਨ ਲਈ ਉਕਸਾ ਰਹੇ ਹੋ ਤਾਂ ਜੋ ਕੋਈ ਗਰੀਬ ਦਾ ਬੱਚਾ ਦੁਬਾਰਾ ਰਾਜਨੀਤੀ ਵਿੱਚ ਆਉਣ ਦੀ ਹਿੰਮਤ ਨਾ ਕਰੇ। ਅਸੀਂ ਇਸ ਗੁੰਡਾਗਰਦੀ ਅਤੇ ਚੁਣੌਤੀ ਨੂੰ ਸਵੀਕਾਰ ਕਰਦੇ ਹਾਂ। ਆਪਣੀ ਸਿੱਖਿਆ ਦੇ ਸੰਘਰਸ਼ ਨੂੰ ਯਾਦ ਕਰਦਿਆਂ ਮੰਤਰੀ ਨੇ ਕਿਹਾ ਕਿ ਪਿਤਾ ਦੀ ਮੌਤ ਦੇ ਇੱਕ ਮਹੀਨੇ ਬਾਅਦ ਹੀ ਉਨ੍ਹਾਂ ਨੇ ਸਖ਼ਤ ਮਿਹਨਤ ਕਰਕੇ ਪ੍ਰੀਖਿਆ ਪਾਸ ਕੀਤੀ ਤਾਂ ਜੋ ਉਨ੍ਹਾਂ ਦੇ ਪਿਤਾ ਦਾ ਸੁਪਨਾ ਪੂਰਾ ਹੋ ਸਕੇ। ਉਨ੍ਹਾਂ ਕਿਹਾ, ÷ਮੈਂ ਅੱਜ ਵੀ ਪੰਜਾਬ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰ ਰਿਹਾ ਹਾਂ। ਮੇਰੇ ਹਲਕੇ ਵਿੱਚ 163 ਸਰਕਾਰੀ ਸਕੂਲ ਹਨ ਅਤੇ ਮੇਰੀ ਕੋਸ਼ਿਸ਼ ਹੈ ਕਿ ਹਰ ਘਰ ਵਿੱਚੋਂ ਇੱਕ 'ਈ.ਟੀ.ਓ.' ਪੈਦਾ ਹੋਵੇ। ਅਸੀਂ ਸਿੱਖਿਆ ਕ੍ਰਾਂਤੀ ਇਸ ਲਈ ਸ਼ੁਰੂ ਕੀਤੀ ਤਾਂ ਜੋ ਗਰੀਬ ਅਤੇ ਅਮੀਰ ਦੇ ਬੱਚੇ ਵਿਚਕਾਰਲਾ ਫਰਕ ਖ਼ਤਮ ਹੋ ਸਕੇ। ਕਾਂਗਰਸ ਇਸੇ ਗੱਲ ਤੋਂ ਡਰੀ ਹੋਈ ਹੈ ਕਿ ਜੇਕਰ ਗਰੀਬ ਦਾ ਬੱਚਾ ਪੜ੍ਹ ਗਿਆ ਤਾਂ ਇਨ੍ਹਾਂ ਦੀ ਰਾਜਨੀਤੀ ਖ਼ਤਮ ਹੋ ਜਾਵੇਗੀ।÷ ਮੰਤਰੀ ਈ.ਟੀ.ਓ. ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਅਸੀਂ 24 ਘੰਟੇ ਦਾ ਅਲਟੀਮੇਟਮ ਦਿੱਤਾ ਸੀ, ਪਰ ਬਾਜਵਾ ਸਾਹਿਬ ਘਰ ਛੱਡ ਕੇ ਭੱਜ ਗਏ। ਉਹ ਜਿੱਥੇ ਵੀ ਭੱਜਣਗੇ, ਸਾਡੇ ਲੋਕ ਉੱਥੇ ਉਨ੍ਹਾਂ ਦਾ ਘਿਰਾਓ ਕਰਨਗੇ। ਇਨ੍ਹਾਂ ਦੀਆਂ ਰੈਲੀਆਂ ਵਿੱਚ ਲੋਕ ਤੜਫ ਕੇ ਮਰ ਜਾਂਦੇ ਹਨ ਅਤੇ ਇਹ ਭਾਸ਼ਣ ਦੇਣਾ ਬੰਦ ਨਹੀਂ ਕਰਦੇ। ਜੇਕਰ ਪ੍ਰਤਾਪ ਸਿੰਘ ਬਾਜਵਾ ਨੇ ਤੁਰੰਤ ਮੁਆਫੀ ਨਾ ਮੰਗੀ, ਤਾਂ ਅਸੀਂ ਉਨ੍ਹਾਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਾਂਗੇ। 2027 ਵਿੱਚ ਪੰਜਾਬ ਦੀ ਜਨਤਾ ਇਸ ਹੰਕਾਰੀ ਮਾਨਸਿਕਤਾ ਨੂੰ ਜੜ੍ਹ ਤੋਂ ਉਖਾੜ ਸੁੱਟੇਗੀ।






ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਪਤਨੀ ਸੁਰਿੰਦਰ ਕੌਰ ਨੇ ਕਿਹਾ ਕਿ ਬਾਜਵਾ ਨੇ ਸਾਡੇ ਜੱਦੀ ਕੰਮ 'ਤੇ ਭੱਦੀ ਟਿੱਪਣੀ ਕੀਤੀ ਹੈ। 'ਬਾਜਾ ਵਜਾਉਣ ਵਾਲਾ' ਕਹਿ ਕੇ ਇਸ ਕੰਮ ਨੂੰ ਨਕਾਰਿਆ ਹੈ, ਜਦਕਿ ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਵੀ ਬਹੁਤ ਭੜਕਾਊ ਬਿਆਨ ਦਿੱਤਾ ਕਿ 'ਈ.ਟੀ.ਓ. ਦੀ ਤਿੰਨ ਮਿੰਟ ਵਿੱਚ ਧੌਣ ਮਰੋੜ ਦਿਓ'। ਉਨ੍ਹਾਂ ਕਿਹਾ ਕਿ ਇੱਕ ਪਾਸੇ ਵੜਿੰਗ ਸਾਹਮਣੇ ਬੈਠੇ 1000-1500 ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਦੂਜੇ ਪਾਸੇ ਇਹ ਕਹਿੰਦੇ ਹਨ ਕਿ ਪੰਜਾਬ ਵਿੱਚ ਜੰਗਲ ਰਾਜ ਹੈ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਖ਼ਰਾਬ ਹੈ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਰਗੀਆਂ ਪਾਰਟੀਆਂ ਨੇ ਹਮੇਸ਼ਾ 'ਪਰਿਵਾਰਵਾਦ' ਨੂੰ ਉਤਸ਼ਾਹਿਤ ਕੀਤਾ ਹੈ। ਇਨ੍ਹਾਂ ਪਾਰਟੀਆਂ ਵਿੱਚ ਕੁਝ ਗਿਣੇ-ਚੁਣੇ ਪਰਿਵਾਰਾਂ ਦਾ ਹੀ ਰਾਜ ਰਿਹਾ ਹੈ, ਜਦਕਿ ਆਮ ਆਦਮੀ ਪਾਰਟੀ (ਆਪ) ਨੇ ਇਸ ਧਾਰਨਾ ਨੂੰ ਤੋੜ ਕੇ ਆਮ ਘਰਾਂ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਵਿਧਾਨ ਸਭਾ ਅਤੇ ਕੈਬਨਿਟ ਤੱਕ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਵਿਰੋਧ ਦਾ ਮਕਸਦ ਉਨ੍ਹਾਂ ਲੋਕਾਂ ਦੀ ਸੋਚ ਨੂੰ ਪੂਰੀ ਦੁਨੀਆ ਦੇ ਸਾਹਮਣੇ ਲਿਆਉਣਾ ਸੀ ਜੋ ਉਨ੍ਹਾਂ ਉੱਚੇ ਮਹਿਲਾਂ ਦੇ ਅੰਦਰ ਬੈਠ ਕੇ ਦਲਿਤਾਂ ਨਾਲ ਨਫ਼ਰਤ ਕਰਦੇ ਹਨ। ਚੀਮਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਦੂਰਅੰਦੇਸ਼ੀ ਸੋਚ ਕਾਰਨ ਦੇਸ਼ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਆਇਆ ਹੈ। ਦਿੱਲੀ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਵੀ ਇਸ ਕ੍ਰਾਂਤੀ ਨੂੰ ਅਪਣਾਇਆ। 2017 ਵਿੱਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਵਿੱਚ ਡਾਕਟਰ, ਵਕੀਲ, ਪ੍ਰੋਫੈਸਰ ਅਤੇ ਸਾਬਕਾ ਫੌਜੀ ਅਧਿਕਾਰੀਆਂ ਵਰਗੇ ਆਮ ਪਿਛੋਕੜ ਵਾਲੇ ਲੋਕ ਪਹੁੰਚੇ।